ਪੰਦਰਵਾਂ ਸਾਲ

PARDES TIMES

15th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ


pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 15 No. 368 March 10, 2021 E-mali : info@pardestimes.com Ph 510-938-7771 Ph 530-315-1020

## ਪੰਜਾਬ ਬਜਟ- ਕਰਜ਼ਿਆਂ ਦੀ ਰਾਜਨੀਤੀ ਜਾਰੀ

ਚੰਡੀਗੜ੍ਹ- ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਸਰਕਾਰ ਦਾ ਆਖ਼ਰੀ ਅਤੇ 5ਵਾਂ 1, 68, 015 ਕਰੋੜ ਦਾ 2021-22 ਲਈ ਬਜਟ ਪੰਜਾਬ ਵਿਧਾਨ ਸਭਾ 'ਚ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਵਲੋਂ ਚੋਣਾਂ ਤੋਂ ਪਹਿਲਾਂ ਵੱਖ-ਵੱਖ ਵਰਗਾਂ ਨੂੰ ਖ਼ੁਸ਼ ਕਰਨ ਲਈ ਵੱਡੀਆਂ ਰਿਆਇਤਾਂ ਦੇ ਐਲਾਨ ਕੀਤੇ ਗਏ। ਵਿੱਤ ਮੰਤਰੀ ਨੇ ਸਮਾਜਿਕ ਸੇਵਾਵਾਂ ਹੇਠ ਬਜ਼ੁਰਗਾਂ, ਵਿਧਵਾਵਾਂ ਅਤੇ ਕੁਝ ਹੋਰ ਵਰਗਾਂ ਨੂੰ ਮਿਲਦੀਆਂ ਪੈਨਸ਼ਨਾਂ ਨੂੰ 750 ਤੋਂ ਵਧਾ ਕੇ 1500 ਰੁਪਏ ਕਰਨ ਦਾ ਐਲਾਨ ਕੀਤਾ, ਜਦੋਂ ਕਿ ਔਰਤਾਂ ਲਈ ਅਸ਼ੀਰਵਾਦ ਸਕੀਮ ਵਿਚ 21 ਹਜ਼ਾਰ



ਦੀ ਰਾਸ਼ੀ ਨੂੰ ਵਧਾ ਕੇ ਸ਼ਗਨ ਰਾਸ਼ੀ 51 ਹਜ਼ਾਰ ਰੁਪਏ ਕਰਨ ਦਾ ਵੀ ਐਲਾਨ ਕੀਤਾ। ਇਸੇ ਤਰਾਂ ਸਰਕਾਰੀ ਬੱਸਾਂ 'ਚ ਔਰਤਾਂ ਲਈ ਸਫ਼ਰ ਮੁਫ਼ਤ ਕਰਨ ਦਾ ਵੀ ਅੱਜ ਐਲਾਨ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਰਾਜ ਸਰਕਾਰ ਕਰਜ਼ਾ ਮੁਆਫ਼ੀ ਸਕੀਮ ਹੇਠ ਬਾਕੀ ਰਹਿੰਦੇ 1.13 ਲੱਖ ਕਿਸਾਨਾਂ ਨੂੰ 1, 186 ਕਰੋੜ ਦੀ ਕਰਜ਼ਾ ਮੁਆਫ਼ੀ ਦੇਵੇਗੀ, ਜਦੋਂ ਕਿ ਬੇਜ਼ਮੀਨੇ ਖੇਤ ਮਜ਼ਦੂਰਾਂ ਨੂੰ 526 ਕਰੋੜ ਦੀ ਕਰਜ਼ਾ ਮੁਆਫ਼ੀ ਦਿੱਤੀ ਜਾਵੇਗੀ। ਵਿੱਤ ਮੰਤਰੀ ਨੇ ਅੱਜ ਸਦਨ 'ਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਯਾਦ ਵਿਚ ਕਪੂਰਥਲਾ ਵਿਖੇ ਇਕ ਮਿਊਜ਼ੀਅਮ (ਅਜਾਇਬ ਘਰ) ਬਣਾਉਣ ਦਾ ਵੀ ਐਲਾਨ ਕੀਤਾ, ਜਿਸ ਲਈ ਬਜਟ 'ਚ 100 ਕਰੋੜ ਰੁਪਏ ਰੱਖੇ ਜਾ ਰਹੇ ਹਨ। ਉਨ੍ਹਾਂ ਸਦਨ 'ਚ ਦੱਸਿਆ ਕਿ 6ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਰਾਜ ਸਰਕਾਰ ਨੂੰ 31 ਮਾਰਚ ਤੱਕ ਮਿਲ ਜਾਵੇਗੀ ਤੇ ਇਸ ਨੂੰ ਲਾਗੂ ਕਰਨ ਲਈ ਆਉਂਦੇ ਸਾਲ 'ਚ 9000 ਕਰੋੜ ਰੁਪਏ ਰੱਖੇ ਗਏ ਹਨ। ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਅਤੇ ਅੱਤਵਾਦ ਪੀੜਤ ਲੋਕਾਂ ਦੀਆਂ ਪੈਨਸ਼ਨਾਂ 'ਚ ਵਾਧੇ ਦਾ ਵੀ ਐਲਾਨ ਕੀਤਾ। ਆਮ ਆਦਮੀ ਪਾਰਟੀ ਦੇ ਵਿਧਾਇਕ ਅੱਜ ਸਦਨ ਤੋਂ ਬਜਟ ਤਜਵੀਜ਼ਾਂ ਦਾ ਵਿਰੋਧ ਕਰਦੇ ਕੁਝ ਮਿੰਟ ਸਪੀਕਰ ਦੀ ਕੁਰਸੀ ਸਾਹਮਣੇ ਨਾਅਰੇ ਲਗਾਉਣ ਤੋਂ ਬਾਅਦ ਵਾਕਆਊਟ ਕਰ ਗਏ, ਜਦੋਂ ਕਿ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਦੋ ਵਿਧਾਇਕ ਸ. ਲਖਬੀਰ ਸਿੰਘ ਲੋਧੀ ਨੰਗਲ ਦੀ ਅਗਵਾਈ 'ਚ ਬਜਟ ਤਜਵੀਜ਼ਾਂ ਦਾ ਵਿਰੋਧ ਕਰਦਿਆਂ ਕੁਝ ਸਮਾਂ ਬਜਟ ਤਜਵੀਜ਼ਾਂ ਸੁਣਨ ਤੋਂ ਬਾਅਦ ਨਾਅਰੇ ਮਾਰਦੇ ਵਾਕਆਊਟ ਕਰ ਗਏ। ਵਿੱਤ ਮੰਤਰੀ ਨੇ ਅੱਜ ਸਦਨ ਵਿਚ ਪੰਜਾਬ ਦੇ ਸ਼ਹਿਰਾਂ ਦੇ ਵਿਕਾਸ ਲਈ ਸਮਾਰਟ ਸਿਟੀ ਮਿਸ਼ਨ ਅਧੀਨ 1600 ਕਰੋੜ ਰੁਪਏ ਰੱਖੇ ਜਾਣ ਦਾ ਐਲਾਨ ਕੀਤਾ ਤੇ ਇਹ ਵੀ ਕਿਹਾ ਕਿ ਰਾਜ ਸਰਕਾਰ ਵਲੋਂ 7 ਸ਼ਹਿਰਾਂ ਜਲੰਧਰ, ਲੁਧਿਆਣਾ, ਪਟਿਆਲਾ, ਮੁਹਾਲੀ, ਮਾਨਸਾ ਅਤੇ ਬਠਿੰਡਾ ਵਿਖੇ ਕੰਮ ਕਰਨ ਵਾਲੀਆਂ ਔਰਤਾਂ ਲਈ ਵੂਮੇਨ ਹੋਸਟਲ ਬਣਾਉਣ ਦਾ ਵੀ ਫ਼ੈਸਲਾ ਲਿਆ ਗਿਆ ਹੈ, ਜਿਨ੍ਹਾਂ ਨੂੰ ਆਉਂਦੇ ਵਿੱਤੀ ਸਾਲਾਂ 'ਚ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਪੰਜਾਬ ਵਿਚ ਚੋਣ ਰਾਜਨੀਤੀ ਹੋਈ ਆਰੰਭ

## 'ਗੱਡਿਆਂ' ਦੀ ਰਾਜਨੀਤੀ ਆਰੰਭ, ਸਰਕਾਰ ਦੀਆਂ ਨਕਾਮੀਆਂ ਲੱਭ ਰਹੀਆਂ ਨੇ ਵਿਰੋਧੀ ਪਾਰਟੀਆਂ

ਚੰਡੀਗੜ੍ਹ- ਕਰੋਨਾ ਮਹਾਮਾਰੀ ਅਤੇ ਕਿਸਾਨ ਅੰਦੋਲਨ ਦੀ ਆੜ ਵਿਚ ਹੁਣ ਤੱਕ ਲੋਕ ਰੋਹ ਅਤੇ ਵਿਰੋਧੀ ਧਿਰਾਂ ਦੇ ਨਿਸ਼ਾਨੇ ਤੋਂ ਬਚਦੀ ਆ ਰਹੀ ਕੈਪਟਨ ਸਰਕਾਰ ਹੁਣ ਵਿਧਾਨ ਸਭਾ ਵਿਚ ਬਜਟ ਇਜਲਾਸ ਦੌਰਾਨ ਆਖਰਕਾਰ ਬੁਰੀ ਤਰ੍ਹਾਂ ਘਿਰ ਗਈ। ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ ਦੀ 4 ਸਾਲ ਦੀ ਸੱਤਾ ਦੀਆਂ ਨਕਾਮੀਆਂ ਉਤੇ ਵੱਡੇ ਸਵਾਲ ਚੁੱਕੇ ਹਨ। ਕੇਂਦਰ ਦੇ ਖੇਤੀ ਕਾਨੂੰਨਾਂ ਬਾਰੇ ਪੰਜਾਬ ਸਰਕਾਰ ਦੇ ਨਰਮ ਸਟੈਂਡ ਦਾ ਮੁੱਦਾ ਵੀ ਛਾਇਆ ਹੋਇਆ ਹੈ। ਕਿਸਾਨ ਖੁਦਕੁਸ਼ੀਆਂ, ਕਰਜ਼ਾ ਮੁਆਫੀ, ਵਜ਼ੀਫਿਆਂ, ਸਿਹਤ ਬੀਮਾ ਸਕੀਮ ਬਾਰੇ ਸਰਕਾਰ ਦੀਆਂ ਨਾਲਾਇਕੀਆਂ ਬਾਰੇ ਕੈਪਟਨ ਕੋਲ ਕੋਈ ਜਵਾਬ ਨਹੀਂ।



ਉਧਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਂਗਰਸ ਖਿਲਾਫ ਪੰਜਾਬ 'ਚ 12 ਮਾਰਚ ਤੋਂ ਮੁਹਿੰਮ ਸ਼ੁਰੂ ਕਰਨ ਦੇ ਐਲਾਨ ਨਾਲ ਵੀ ਸਰਕਾਰ ਕਸੂਤੀ ਫਸਦੀ ਜਾਪ ਰਹੀ ਹੈ। 2017 ਵਿਚ ਵੱਡੇ ਵਾਅਦਿਆਂ ਨਾਲ ਕੈਪਟਨ ਦੀ ਬੇੜੀ ਪਾਰ ਲਾਉਣ ਵਾਲੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੂੰ ਚੋਣਾਂ ਤੋਂ ਸਾਲ ਪਹਿਲਾਂ ਕੈਬਨਿਟ ਮੰਤਰੀ ਦਾ ਰੁਤਬਾ ਦੇਣ ਉਤੇ ਵੀ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਕਰੋਨਾ ਕਾਰਨ ਬਣੇ ਹਾਲਾਤ ਤੇ ਇਸ ਤੋਂ ਬਾਅਦ ਕਿਸਾਨ ਅੰਦੋਲਨ ਕਾਰਨ ਤਕਰੀਬਨ ਡੇਢ ਸਾਲ ਦੇ ਸਮੇਂ ਪਿੱਛੋਂ ਕੈਪਟਨ ਸਰਕਾਰ ਅੱਗੇ ਅਜਿਹੇ ਸਵਾਲ ਖੜ੍ਹੇ ਹੋਏ ਹਨ ਜਿਸ ਦਾ ਉਸ ਕੋਲ ਕੋਈ ਜਵਾਬ ਨਹੀਂ। ਕਿਸਾਨ ਅੰਦੋਲਨ ਕਾਰਨ ਹਾਸ਼ੀਏ ਉਤੇ ਧੱਕੀਆਂ ਵਿਰੋਧੀ ਧਿਰਾਂ ਇਸ ਸੈਸ਼ਨ ਨੂੰ ਵੱਡੇ ਮੌਕੇ ਵਜੋਂ ਦੇਖ ਰਹੀਆਂ ਹਨ ਤੇ ਸਰਕਾਰ ਦੀ ਘੇਰਾਬੰਦੀ ਲਈ ਟਿੱਲ ਲਾ ਰਹੀਆਂ ਹਨ। ਕੈਪਟਨ ਨੂੰ 4 ਹਫਤਿਆਂ ਵਿਚ ਨਸ਼ਿਆਂ ਦੇ ਖਾਤਮੇ ਲਈ ਚੁੱਕੀ ਗੁਟਕੇ ਦੀ ਸਹੁੰ ਵੀ ਯਾਦ ਕਰਵਾਈ ਗਈ ਹੈ। ਯਾਦ ਰਹੇ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਲੋਕਾਂ ਨਾਲ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਸੀ। ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ, ਚਾਰ ਹਫਤਿਆਂ 'ਚ ਨਸ਼ਿਆਂ ਦਾ ਖਾਤਮਾ, ਹਰ ਘਰ ਨੌਕਰੀ ਯਕੀਨੀ ਬਣਾਉਣਾ, ਬੇਰੁਜ਼ਗਾਰੀ ਭੱਤਾ ਵਧਾ ਕੇ 2500 ਰੁਪਏ ਕਰਨਾ, ਬੁਢਾਪਾ ਪੈਨਸ਼ਨ 2500 ਰੁਪਏ ਮਹੀਨਾ ਕਰਨੀ ਤੇ ਸ਼ਗਨ ਸਕੀਮ ਤਹਿਤ ਰਾਸ਼ੀ 51 ਹਜ਼ਾਰ ਰੁਪਏ ਕਰਨੀ ਤੇ ਬੇਘਰਾਂ ਨੂੰ ਘਰ ਦੇਣ ਦੇ ਵੱਡੇ ਵਾਅਦੇ ਹੋਏ ਸਨ ਜੋ ਸੱਤਾ ਮਿਲਦਿਆਂ ਹੀ ਕੈਪਟਨ ਸਰਕਾਰ ਭੁੱਲ ਗਈ। ਵਿਰੋਧੀ ਧਿਰਾਂ ਦੇ ਨਾਲ-ਨਾਲ ਕੈਪਟਨ ਸਰਕਾਰ ਦੇ ਆਪਣੇ ਮੰਤਰੀ ਤੇ ਵਿਧਾਇਕ ਵੀ ਕੈਪਟਨ ਕੋਲ ਪਹੁੰਚ ਕਰ ਕੇ ਇਹ ਵਾਅਦੇ ਯਾਦ ਕਰਵਾਉਂਦੇ ਰਹੇ ਹਨ ਪਰ ਸਰਕਾਰ ਨੇ ਅੱਜ ਤੱਕ ਕੋਈ ਰਾਹ ਨਹੀਂ ਦਿੱਤਾ। ਕੈਪਟਨ ਦੀ ਕਰਜ਼ਾ ਰਾਹਤ ਉਡੀਕਦੇ ਸੂਬੇ ਵਿਚ 1500 ਤੋਂ ਜ਼ਿਆਦਾ ਕਿਸਾਨ ਆਤਮ-ਹੱਤਿਆ ਕਰ ਚੁੱਕੇ ਹਨ, ਮ੍ਰਿਤਕਾਂ ਦੇ ਪਰਿਵਾਰਾਂ 10 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇ ਵਾਅਦੇ ਵਫਾ ਹੋਣ ਦੀ ਉਡੀਕ ਕਰ ਰਹੇ ਹਨ। ਕੈਪਟਨ ਸਰਕਾਰ ਨੇ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਸੱਤਾ ਵਿਚ ਆਉਂਦਿਆਂ 5 ਲੱਖ ਪਰਿਵਾਰਾਂ ਦੀ ਬੁਢਾਪਾ ਪੈਨਸ਼ਨ ਰੱਦ ਕਰ ਦਿੱਤੀ, ਆਟਾ ਦਾਲ ਸਕੀਮ ਦੇ 6 ਲੱਖ ਲਾਭਪਾਤਰੀਆਂ ਦੇ ਨੀਲੇ ਕਾਰਡ ਵੀ ਰੱਦ ਕਰ ਦਿੱਤੇ ਗਏ ਤੇ ਉਨ੍ਹਾਂ ਦੇ ਨਾਂ ਵੀ ਲਿਸਟਾਂ 'ਚੋਂ ਕੱਟ ਦਿੱਤੇ ਗਏ। ਕਾਂਗਰਸ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਖੋਲ੍ਹੇ ਸੇਵਾ ਕੇਂਦਰ ਤੇ ਮੈਰੀਟੋਰੀਅਸ ਸਕੂਲ ਵੀ ਬੰਦ ਕਰ ਦਿੱਤੇ, ਦਵਾਈਆਂ ਦੀ ਸਪਲਾਈ ਤੇ ਦਲਿਤ ਵਿਦਿਆਰਥੀਆਂ ਲਈ ਐਸ.ਸੀ. ਸਕਾਲਰਸ਼ਿਪ ਸਕੀਮ ਵੀ ਬੰਦ ਕਰ ਦਿੱਤੀ, ਬਿਜਲੀ ਦਰਾਂ 'ਚ 30 ਫੀਸਦੀ ਵਾਧਾ, ਡੀਜ਼ਲ ਤੇ ਪੈਟਰੋਲੀਅਮ ਪਦਾਰਥਾਂ 'ਤੇ ਸੂਬੇ ਦੇ ਹਿੱਸੇ ਦਾ

(ਬਾਕੀ ਸਫਾ 3 'ਤੇ)

Certified Insurance Agent
COVERED CALIFORNIA
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
Budwal@sagepointadvisor.com

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

# ਪੰਜਾਬ ਦੀ ਹੋਂਦ ਲਈ ਅੰਦੋਲਨ ਅਤੇ ਵਿਧਾਨ ਸਭਾ ਚੋਣਾਂ



ਹਮੀਰ ਸਿੰਘ

ਤਿੰਨ ਖੇਤੀ ਕਾਨੂੰਨ ਅਤੇ ਸਾਰੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਰੰਟੀ ਨਾਲ ਸ਼ੁਰੂ ਹੋਇਆ ਕਿਸਾਨ ਅੰਦੋਲਨ ਪੰਜਾਬ ਦੀ ਹੋਂਦ ਦੀ ਲੜਾਈ ਵਿਚ ਤਬਦੀਲ ਹੋ ਚੁੱਕਾ ਹੈ। ਪੰਜਾਬ ਤੋਂ ਸ਼ੁਰੂ ਹੋਏ ਇਸ ਅੰਦੋਲਨ ਦਾ ਦਾਇਰਾ ਹਰਿਆਣਾ, ਯੂਪੀ, ਉੱਤਰਾਖੰਡ ਹੁੰਦਾ ਹੋਇਆ ਦੇਸ਼ ਦੇ ਘੱਟੋ-ਘੱਟ 20 ਰਾਜਾਂ ਤੱਕ ਪੁੱਜ ਗਿਆ ਹੈ। ਵਿਦੇਸ਼ਾਂ ਵਿਚ ਵੀ ਇਸ ਦੀ ਗੂੰਜ ਸਾਫ ਸੁਣਾਈ ਦੇ ਰਹੀ ਹੈ। ਕਰੋਨਾ ਦੀ ਆੜ ਹੇਠ ਜਾਰੀ ਕੀਤੇ ਆਰਡੀਨੈਂਸ ਤੋਂ ਕਿਸਾਨੀ ਅੰਦਰ ਜ਼ਮੀਨ ਖੁੱਸ ਜਾਣ ਦਾ ਡਰ ਜ਼ਿਹਨ ਦਾ ਸਥਾਈ ਹਿੱਸਾ ਬਣ ਗਿਆ। ਇਸੇ ਭਾਵਨਾ ਨੇ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇੱਕਜੁੱਟ ਹੋਣ ਲਈ ਪ੍ਰੇਰਿਆ। ਤਿੰਨ ਮਹੀਨਿਆਂ ਤੋਂ ਵੱਧ ਸਮਾਂ ਦਿੱਲੀ ਦੀਆਂ ਬਰੂਹਾਂ ਉੱਤੇ ਗੁਜ਼ਰ ਚੁੱਕਾ ਹੈ। ਸਵਾ ਦੋ ਸੌ ਤੋਂ ਵੱਧ ਕਿਸਾਨ ਆਪਣੀ ਜਾਨ ਦੀ ਕੀਮਤ ਦੇ ਚੁੱਕੇ ਹਨ। ਗਿਆਰਾਂ ਦਫ਼ਾ ਸਰਕਾਰ ਨਾਲ ਗੱਲ ਹੋ ਚੁੱਕੀ ਹੈ ਪਰ 22 ਜਨਵਰੀ ਤੋਂ ਪਿੱਛੋਂ ਆਈ ਖੜੋਤ ਪ੍ਰੇਸ਼ਾਨ ਕਰਨ ਵਾਲੀ ਹੈ। ਅਜਿਹੇ ਮੌਕੇ ਪੰਜਾਬ ਦੀ ਵਿਧਾਨ ਸਭਾ ਅੰਦਰ ਸਾਰੀਆਂ ਧਿਰਾਂ ਕਿਸਾਨਾਂ ਨਾਲ ਖੜ੍ਹੇ ਹੋਣ ਦੀ ਗੱਲ ਤਾਂ ਕਰਦੀਆਂ ਹਨ ਪਰ ਇਸ ਪਿੱਛੇ ਮੁੱਖ ਤਰਜੀਹ ਪੰਜਾਬ ਦੀ ਹੋਂਦ ਦੀ ਲੜਾਈ ਨਹੀਂ ਬਲਕਿ ਮਿਸ਼ਨ 22 ਵਜੋਂ ਉੱਭਰ ਰਹੀ ਹੈ।

ਪੰਜਾਬ ਵਿਧਾਨ ਸਭਾ ਵਿਚ ਭਾਜਪਾ ਦੇ ਦੋ ਵਿਧਾਇਕਾਂ ਤੋਂ ਬਿਨਾਂ ਸਾਰੀਆਂ ਧਿਰਾਂ ਨੇ ਮਤੇ ਪਾ ਕੇ ਅਤੇ ਬਰਾਬਰ ਬਿਲਾਂ ਨੂੰ ਮਨਜ਼ੂਰੀ ਦੇ ਕੇ ਪੰਜਾਬ ਦੀ ਇਕਜੁੱਟਤਾ ਦਾ ਮੁਜ਼ਾਹਰਾ ਕੀਤਾ ਸੀ। ਪਾਰਲੀਮੈਂਟ ਦੇ ਸੈਸ਼ਨ ਤੱਕ ਆਰਡੀਨੈਂਸਾਂ ਦੀ ਵਕਾਲਤ ਕਰਦੇ ਆ ਰਹੇ ਅਕਾਲੀ ਦਲ ਨੇ ਆਖ਼ਿਰਕਾਰ ਕਿਸਾਨ ਅੰਦੋਲਨ ਦੀ ਨਬਜ਼ ਪਛਾਣੀ ਅਤੇ ਇਸ ਨੂੰ ਕੇਂਦਰੀ ਮੰਤਰੀ ਮੰਡਲ ਦੀ ਕੁਰਸੀ ਅਤੇ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਨਾਲੋਂ ਨਾਤਾ ਤੋੜਨਾ ਪਿਆ। ਅੰਦੋਲਨ ਲੰਮਾ ਚੱਲਣ ਕਰ ਕੇ ਕਾਂਗਰਸ ਨੂੰ 2022 ਵਿਚ ਮੁੜ ਸੱਤਾ ਵਿਚ ਆਉਣ ਦਾ ਸੁਪਨਾ ਦਿਸਣ ਲੱਗਾ ਅਤੇ ਕੈਪਟਨ ਅਮਰਿੰਦਰ ਸਿੰਘ ਮੁੜ ਇਸ ਤਿਆਰੀ ਵਿਚ ਜੁਟੇ ਦਿਖਾਈ ਦੇ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂ ਲੰਮੇ ਸਮੇਂ ਤੋਂ ਵੱਖ ਵੱਖ ਪਾਰਟੀਆਂ ਤੋਂ ਕਾਰਕੁਨ ਪਾਰਟੀ ਵਿਚ ਲਿਆ ਕੇ ਉਨਾਂ ਮੁਤਾਬਿਕ ਆਪਣਾ ਪਰਿਵਾਰ ਵਿਸ਼ਾਲ ਕਰ ਰਹੇ ਹਨ। ਕੋਈ ਵੀ ਧਿਰ ਫਿਲਹਾਲ ਫੈਡਰਲ ਢਾਂਚੇ ਦੇ ਨਿਘਾਰ ਕਾਰਨ ਰਾਜ ਸਰਕਾਰਾਂ ਦੇ ਅਧਿਕਾਰਾਂ ਉੱਤੇ ਪੈ ਰਹੇ ਛਾਪਿਆਂ, ਲੋਕਾਂ ਦੀ ਲਗਾਤਾਰ ਘਟ ਰਹੀ ਪੁੱਗਤ ਅਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ ਨੂੰ ਮੁਖ਼ਾਤਬ ਹੋਣ ਲਈ ਤਿਆਰ ਨਹੀਂ ਹੈ।

ਜੇਕਰ ਪੰਜਾਬ ਦੀ ਹੋਂਦ ਦਾ ਸੁਆਲ ਹੈ ਤਾਂ ਪੰਜਾਬ ਦੇ ਲੋਕ ਨੁਮਾਇੰਦੇ ਅਜਿਹੀ ਕਿਹੜੀ ਬਹਿਸ ਕਰਦੇ ਜਾਂ ਮੰਗ ਕਰਦੇ ਹਨ ਜਿਸ ਨੂੰ ਸੁਣਨ ਜਾਂ ਭਵਿੱਖ ਦਾ ਏਜੰਡਾ ਬਣਾਉਣ ਲਈ ਲੋਕਾਂ ਅੰਦਰ ਦਿਲਚਸਪੀ ਪੈਦਾ ਹੋ ਸਕੇ? ਇੱਕ ਦੂਜੇ ਨੂੰ ਨੀਵਾਂ ਦਿਖਾਉਣਾ ਜਾਂ ਆਪਣੇ ਆਪ ਨੂੰ ਲੋਕਾਂ ਦਾ ਹਮਦਰਦ ਜਤਾਉਣ ਦੀ ਜ਼ੋਰ ਅਜ਼ਮਾਈ ਕਰ ਕੇ ਹੀ ਲੋਕ ਸਮੁੱਚੀ ਮੁੱਖ ਧਾਰਾ ਦੀ ਸਿਆਸਤ ਤੋਂ ਉਪਰਾਮ ਹੋ ਚੁੱਕੇ ਹਨ। ਮਿਸਾਲ ਦੇ ਤੌਰ ਉੱਤੇ ਖੇਤੀ ਦਾ ਮੁੱਦਾ ਹੀ ਹੈ। ਵਿਧਾਨ ਸਭਾ ਵਿਚ ਦਸੂਹਾ ਨੇੜਲੇ ਪਿੰਡ ਦੇ ਪਿਓ-ਪੁੱਤ ਦੀ ਖ਼ੁਦਕੁਸ਼ੀ ਦਾ ਦਰਦਨਾਕ ਮੁੱਦਾ ਉਠਾਇਆ ਗਿਆ; ਮੁੱਦਾ ਉਠਾਉਣਾ ਚੰਗੀ ਗੱਲ ਹੈ ਪਰ ਕੀ ਇਸ ਪਿੱਛੇ ਖ਼ੁਦਕੁਸ਼ੀਆਂ ਰੋਕਣ ਦੀ ਗੰਭੀਰਤਾ ਹੈ। ਪੰਜਾਬ ਦੀ ਕਿਸ ਪਾਰਟੀ ਨੂੰ ਨਹੀਂ ਪਤਾ ਕਿ 2000 ਤੋਂ 2015 ਤੱਕ 16606 ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਇਹ ਅੰਕੜੇ ਤਿੰਨ ਯੂਨੀਵਰਸਿਟੀਆਂ ਦੇ ਸਰਵੇਖਣ ਦੇ ਹਨ। ਇਨ੍ਹਾਂ ਪੀੜਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਦੇ ਐਲਾਨ ਕੀਤੇ ਗਏ। 2015 ਵਿਚ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਕਮੇਟੀ ਬਣਾਈ ਗਈ। ਜੇਕਰ ਪੁਰਾਣੇ ਤੱਥਾਂ ਨੂੰ ਅੱਗੇ ਜੋੜ ਲਿਆ ਜਾਵੇ ਤਾਂ ਹਰ ਸਾਲ 300 ਖ਼ੁਦਕੁਸ਼ੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਤਿੰਨ ਲੱਖ ਰੁਪਏ ਦੇਣ ਜਾਂ ਬਾਅਦ 'ਚ ਕੈਪਟਨ ਸਰਕਾਰ ਦੇ ਵਾਅਦੇ ਮੁਤਾਬਿਕ ਪੰਜ ਲੱਖ ਦੇਣ ਦੀ ਹਕੀਕਤ ਕੀ ਹੈ? ਅਜੇ ਤੱਕ ਲਗਭਗ 5500 ਪਰਿਵਾਰਾਂ ਤੋਂ ਅੱਗੇ ਇਹ ਰਾਹਤ ਰਾਸ਼ੀ ਵੀ ਨਹੀਂ ਦਿੱਤੀ ਗਈ। ਕਮੇਟੀਆਂ ਨੇ ਇੱਕ ਮਹੀਨੇ ਅੰਦਰ ਫੈਸਲਾ ਕਰਨਾ ਹੁੰਦਾ ਹੈ, ਕਿਸੇ ਅਧਿਕਾਰੀ ਖਿਲਾਫ਼ ਕਾਰਵਾਈ ਵਾਸਤੇ ਕਿਸੇ ਵੀ ਧਿਰ ਨੇ ਕਦੇ ਕੋਈ ਆਵਾਜ਼ ਕਿਉਂ ਨਹੀਂ ਉਠਾਈ?



ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਕਾਂਗਰਸ ਪਾਰਟੀ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ 31 ਮਾਰਚ 2017 ਤੱਕ ਦੇ ਅੰਕੜੇ ਲਏ ਗਏ ਤਾਂ ਕਿਸਾਨਾਂ ਸਿਰ 73770 ਕਰੋੜ ਰੁਪਏ ਸੰਸਥਾਈ ਕਰਜ਼ਾ ਸਾਹਮਣੇ ਆਇਆ। ਸ਼ਾਹੂਕਾਰਾ ਕਰਜ਼ਾ ਇਸ ਤੋਂ ਬਾਅਦ ਦੀ ਗੱਲ ਹੈ। ਕਾਂਗਰਸ ਨੇ ਫਰਵਰੀ 2017 ਵਿਚ ਸੱਤਾ ਵਿਚ ਆਉਣ ਪਿੱਛੋਂ 15 ਅਪਰੈਲ 2017 ਨੂੰ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਦੇ ਚੇਅਰਮੈਨ ਡਾਕਟਰ ਟੀ. ਹੱਕ ਦੀ ਅਗਵਾਈ ਵਿਚ ਕਮੇਟੀ ਬਣਾ ਦਿੱਤੀ ਕਿ ਉਹ ਸੀਮਤ ਸਾਧਨਾਂ ਵਿਚ ਕਰਜ਼ਾ ਮੁਆਫ਼ੀ ਦਾ ਤਰੀਕਾ ਅਤੇ ਫੰਡ ਜੁਟਾਉਣ ਲਈ ਰਿਪੋਰਟ ਦੇਵੇਗੀ। ਅਗਸਤ 2017 ਵਿਚ ਕਮੇਟੀ ਨੇ ਆਪਣੀ ਰਿਪੋਰਟ ਦੇ ਦਿੱਤੀ। ਕਮੇਟੀ ਦੀ ਰਿਪੋਰਟ ਮੰਤਰੀ ਮੰਡਲ ਨੇ ਪ੍ਰਵਾਨ ਵੀ ਕੀਤੀ ਪਰ ਉਸ ਦਾ ਵੱਡਾ ਹਿੱਸਾ ਬਿਨਾਂ ਵਿਚਾਰ-ਚਰਚਾ ਤੋਂ ਹੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਗਿਆ। ਜੂਨ 2017 ਦੇ ਸੈਸ਼ਨ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਦਾ ਦੋ ਲੱਖ ਦਾ ਸਹਿਕਾਰੀ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਤਾਂ ਮਜ਼ਦੂਰਾਂ ਨੂੰ ਸ਼ਾਮਿਲ ਨਾ ਕਰਨ ਦਾ ਵਿਵਾਦ ਖੜ੍ਹਾ ਹੋ ਗਿਆ। ਸਰਕਾਰੀ ਜਵਾਬ ਸੀ ਕਿ ਮਜ਼ਦੂਰਾਂ ਦੇ ਅੰਕੜੇ ਅਤੇ ਕਰਜ਼ੇ ਦੀ ਮਾਤਰਾ ਬਾਰੇ ਜਾਣਕਾਰੀ ਨਹੀਂ। ਇਸੇ ਦੌਰਾਨ ਮਜ਼ਦੂਰ ਜਥੇਬੰਦੀਆਂ ਅਤੇ ਕੁਝ ਹੋਰ ਸੰਸਥਾਵਾਂ ਨੇ 14 ਲੱਖ ਮਜ਼ਦੂਰਾਂ ਦੇ ਸੱਤ ਲੱਖ ਪਰਿਵਾਰਾਂ ਦੀ ਗਿਣਤੀ ਅਤੇ ਅਨੁਮਾਨਤ ਹਰ ਪਰਿਵਾਰ ਅੰਦਾਜ਼ਨ 70 ਹਜ਼ਾਰ ਰੁਪਏ ਕਰਜ਼ੇ ਵਾਲੇ ਅੰਕੜੇ ਜਨਤਕ ਕਰ ਦਿੱਤੇ। ਮਜ਼ਦੂਰਾਂ ਲਈ ਕੁਝ ਵੀ ਨਹੀਂ ਅਤੇ ਕਿਸਾਨਾਂ ਲਈ 4625 ਕਰੋੜ ਦੀ ਮੁਆਫ਼ੀ; ਫਿਰ ਪਹਿਲੇ ਬਜਟ ਵਿਚ ਰੱਖੇ 9500 ਕਰੋੜ ਅਤੇ ਉਸ ਤੋਂ ਬਾਅਦ ਦਾ ਕਰਜ਼ਾ ਮੁਆਫ਼ੀ ਲਈ ਰੱਖਿਆ ਪੈਸਾ ਕਿੱਥੇ ਗਿਆ?

ਮੁੱਖ ਮੰਤਰੀ ਨੇ ਵਿਧਾਨ ਸਭਾ ਅੰਦਰ 17 ਜੂਨ 2017 ਨੂੰ ਕੀਤੇ ਐਲਾਨ ਮੁਤਾਬਿਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਵਿਧਾਨ ਸਭਾ ਦੀ ਕਮੇਟੀ ਬਣਾਈ। ਇਸ ਵਿਚ ਕਾਂਗਰਸ ਦੇ ਨੱਥੂ ਰਾਮ ਤੇ ਕੁਲਜੀਤ ਸਿੰਘ ਨਾਗਰਾ, 'ਆਪ' ਦੇ ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਅਕਾਲੀ ਦਲ ਤੋਂ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਮੈਂਬਰ ਲਏ। ਕਮੇਟੀ ਮੁਤਾਬਿਕ ਉਸ ਨੇ 22 ਜ਼ਿਲ੍ਹਿਆਂ ਅੰਦਰ ਕਿਸਾਨਾਂ-ਮਜ਼ਦੂਰਾਂ ਨਾਲ 53 ਮੀਟਿੰਗਾਂ ਕੀਤੀਆਂ। ਇਸ ਮੁਤਾਬਿਕ 69 ਸਿਫਾਰਿਸ਼ਾਂ ਕੀਤੀਆਂ ਗਈਆਂ। ਕਮੇਟੀ ਨੇ 99 ਪੰਨਿਆਂ ਦੀ ਰਿਪੋਰਟ 29 ਮਾਰਚ 2018 ਨੂੰ ਸਦਨ ਦੇ ਆਖਰੀ ਦਿਨ ਪੇਸ਼ ਕਰ ਦਿੱਤੀ।

ਇਸ ਤੋਂ ਪਿੱਛੋਂ ਵਿਧਾਨ ਸਭਾ ਅੰਦਰ ਕਮੇਟੀ ਦੀ ਰਿਪੋਰਟ ਉੱਤੇ ਚਰਚਾ ਕਰਨ ਦੀ ਜਹਿਮਤ ਨਹੀਂ ਉਠਾਈ ਗਈ ਅਤੇ ਅੱਜ ਵੀ ਇਹ ਮੰਗ ਕਿਸੇ ਧਿਰ ਵੱਲੋਂ ਨਹੀਂ ਕੀਤੀ ਜਾ ਰਹੀ। ਜਿਸ ਤਰ੍ਹਾਂ ਦੇਸ਼ ਦੇ ਪਹਿਲੇ ਕਿਸਾਨ ਕਮਿਸ਼ਨ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਪਾਰਲੀਮੈਂਟ ਵਿਚ ਚਰਚਾ ਵਿਚ ਲਿਆਂਦੇ ਬਿਨਾਂ ਠੰਢੇ ਬਸਤੇ ਵਿਚ ਪਾ ਦਿੱਤੀ, ਵਿਧਾਨ ਸਭਾ ਨੇ ਆਪਣੀ ਹੀ ਕਮੇਟੀ ਦੀ ਰਿਪੋਰਟ ਦਾ ਹਾਲ ਵੀ ਇਹੀ ਕੀਤਾ ਹੈ। ਇਸ ਰਿਪੋਰਟ ਉੱਤੇ ਚਰਚਾ ਦੌਰਾਨ ਪੰਜਾਬ ਦੇ ਲੋਕ ਇਹ ਸਮਝ ਸਕਦੇ ਹਨ ਕਿ ਸਾਡੀਆਂ ਸਿਆਸੀ ਧਿਰਾਂ ਖੇਤੀ ਅਤੇ ਕਿਸਾਨੀ ਬਾਰੇ ਕਿੰਨਾ ਗਹਿਰਾਈ ਵਿਚ ਸੋਚਦੀਆਂ ਜਾਂ ਸੋਚ ਸਕਦੀਆਂ ਹਨ। ਪੰਜਾਬ ਦੀ ਵਿਧਾਨ ਸਭਾ ਜੇਕਰ ਦੋ ਦਿਨ ਵੀ ਖੇਤੀ ਸੰਕਟ ਅਤੇ ਮੌਜੂਦਾ ਕਿਸਾਨ ਅੰਦੋਲਨ ਬਾਰੇ ਏਜੰਡਾ ਲਗਾ ਕੇ ਵਿਸ਼ੇਸ਼ ਚਰਚਾ ਨਹੀਂ ਕਰਦੀ ਤਾਂ ਆਗੂਆਂ ਦੀ ਸੰਵੇਦਨਸ਼ੀਲਤਾ ਉੱਤੇ ਸੁਆਲ ਉਠਾਇਆ ਜਾਣਾ ਸੁਭਾਵਿਕ ਹੈ।

ਤਿੰਨ ਕਾਨੂੰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਉਸ ਬਿਮਾਰੀ ਦੇ ਲੱਛਣ ਹਨ ਜੋ ਲੰਮੇ ਸਮੇਂ ਤੋਂ ਦੇਸ਼-ਦੁਨੀਆ ਅਤੇ ਪੰਜਾਬ ਦੀ ਅਰਥਵਿਵਸਥਾ ਨੂੰ ਘੁਣ ਵਾਂਗ ਖਾ ਰਹੀ ਹੈ। ਪੰਜਾਬ ਦੇ ਕਿਸਾਨਾਂ ਨੇ ਇਸ ਨੂੰ ਬਾਖ਼ੂਬੀ ਪਛਾਣਿਆ ਹੈ ਕਿ ਪੁਆੜੇ ਦੀ ਜੜ੍ਹ ਮੌਜੂਦਾ ਕੇਂਦਰ ਸਰਕਾਰ ਤੋਂ ਵੀ ਵੱਧ ਕਾਰਪੋਰੇਟ ਵਿਕਾਸ ਦਾ ਮਾਡਲ ਹੈ। ਕਾਰਪੋਰੇਟ ਵਿਕਾਸ ਦੇ ਇਸ ਮਾਡਲ ਨੇ ਹੀ ਸਿਆਸੀ ਆਗੂ ਹਾਈਜੈਕ ਕਦੋਂ ਕਰ ਲਏ, ਸਾਧਾਰਨ ਲੋਕਾਂ ਨੂੰ ਪਤਾ ਹੀ ਨਹੀਂ ਲੱਗਾ। ਇੱਕ ਜ਼ਮਾਨੇ ਤੱਕ ਲੋਕਾਂ ਵਿਚੋਂ ਆਉਣ ਵਾਲੇ ਆਗੂ ਆਪਣੇ ਹਮਦਰਦਾਂ ਦੇ ਫੰਡ ਨਾਲ ਚੋਣਾਂ ਲੜਦੇ ਰਹੇ। ਕਈ ਦਹਾਕੇ ਹੋ ਗਏ ਜਦੋਂ ਸਾਧਾਰਨ ਲੋਕਾਂ ਦੇ ਫੰਡ ਦੀ ਜ਼ਰੂਰਤ ਹੀ ਹਟ ਗਈ ਅਤੇ ਫੰਡ ਕਿੱਥੋਂ ਆ ਰਹੇ ਹਨ, ਇਹ ਖੁੱਲ੍ਹਾ ਭੇਤ ਹੈ। ਕਾਰਪੋਰੇਟ ਘਰਾਣੇ ਅਤੇ ਮੁਨਾਫ਼ੇ ਨੂੰ ਦਿਨ ਦੁੱਗਣਾ ਰਾਤ ਚੌਗਣਾ ਕਰਨ ਵਾਲੇ ਮੋਟੀਆਂ ਰਕਮਾਂ ਦੇ ਰਹੇ ਹਨ। ਲੋਕਾਂ ਤੋਂ ਤਾਂ ਇੱਕ ਵੋਟ ਹੀ ਲੈਣੀ ਹੁੰਦੀ ਹੈ, ਉਹ ਵੀ ਕਿਸੇ ਵੀ ਜਜ਼ਬਾਤ, ਪੈਸੇ, ਜਾਤ, ਧਰਮ, ਧਨ, ਬਾਹੂਬਲ ਜਾਂ ਚੋਣ ਮਨੋਰਥ ਪੱਤਰ ਦੇ ਨਾਮ ਉੱਤੇ ਲਗਾਤਾਰ ਦਿਖਾਏ ਜਾ ਰਹੇ ਸਬਜਬਾਗ ਦੇ ਨਾਮ ਉੱਤੇ! ਅਸਲ ਵਿਚ ਚੋਣ ਪ੍ਰਣਾਲੀ ਦੇ ਨਿਯਮ ਅਜਿਹੇ ਬਣ ਚੁੱਕੇ ਹਨ ਕਿ ਸਾਧਾਰਨ ਸ਼ਖ਼ਸ ਇਸ ਖੇਡ ਦੇ ਖਿਡਾਰੀ ਬਣਨ ਦੇ ਕਾਬਲ ਹੀ ਨਹੀਂ ਰਹੇ। ਚੋਣ ਸੁਧਾਰ ਕਿਸੇ ਸਿਆਸੀ ਧਿਰ ਦੇ ਏਜੰਡੇ ਦਾ ਹਿੱਸਾ ਨਹੀਂ ਹਨ।

ਕਿਸੇ ਕੋਲ ਮਨਮੋਹਨ ਸਿੰਘ ਮਾਡਲ, ਕਿਸੇ ਕੋਲ ਪ੍ਰਕਾਸ਼ ਸਿੰਘ ਬਾਦਲ ਮਾਡਲ ਅਤੇ ਕਿਸੇ ਕੋਲ ਕੇਜਰੀਵਾਲ ਮਾਡਲ ਹੈ। ਵਾਤਾਵਰਨ ਸੰਕਟ, ਗੈਰ-ਬਰਾਬਰੀ ਦੇ ਨਾਲ ਹੀ ਬੇਰੁਜ਼ਗਾਰੀ ਦੇ ਉੱਭਰ ਰਹੇ ਵੱਡੇ ਸੰਕਟ ਬਾਰੇ ਗੱਲ ਕਰਨ ਦੀ ਸਮਝਦਾਰੀ ਜਾਂ ਸਮਾਂ ਅੱਜ ਗਾਇਬ ਨਜ਼ਰ ਆ ਰਿਹਾ ਹੈ। ਕੀ ਕਾਰਪੋਰੇਟ ਮਾਡਲ ਦੇ ਦਾਇਰੇ ਵਿਚ ਰਹਿੰਦਿਆਂ ਪੰਜਾਬ ਦਾ ਆਬੋ-ਹਵਾ ਅਤੇ ਜ਼ਰਖੇਜ਼ ਮਿੱਟੀ ਦਾ ਬਚਾਅ ਸੰਭਵ ਹੈ? ਪੰਜਾਬ ਠੋਸ ਅਤੇ ਭਵਿੱਖ ਮੁਖੀ ਏਜੰਡੇ ਦੀ ਉਡੀਕ ਵਿਚ ਹੈ। ਜੇਕਰ ਇੰਨੇ ਵੱਡੇ ਅੰਦੋਲਨ ਦੇ ਬਾਵਜੂਦ ਸਿਆਸੀ ਧਿਰਾਂ ਖੇਤੀ ਦੇ ਸੰਕਟ ਬਾਰੇ ਗਹਿਰਾਈ ਤੱਕ ਸੋਚਣ, ਸਮਝਣ ਅਤੇ ਕੋਈ ਰਾਹ ਕੱਢਣ ਦੀ ਕੋਸ਼ਿਸ਼ ਤੱਕ ਨਹੀਂ ਕਰਦੀਆਂ ਤਾਂ ਹੋਰ ਕਦੋਂ ਕਰਨਗੀਆਂ? ਬਿਨਾਂ ਸ਼ੱਕ ਜਮਹੂਰੀਅਤ ਵਿਚ ਵੋਟ ਦਾ ਹੱਕ ਲੋਕਾਂ ਨੂੰ ਮਿਲੇ ਵੱਡੇ ਹੱਕ ਵਜੋਂ ਤਸਲੀਮ ਕੀਤਾ ਜਾਂਦਾ ਹੈ ਪਰ ਇਹ ਇੱਕ ਦਿਨ ਦਾ ਹੱਕ ਨਾ ਹੋ ਕੇ ਰੋਜ਼ ਦੇ ਫੈਸਲਿਆਂ ਵਿਚ ਲੋਕਾਂ ਪ੍ਰਤੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੇ ਅਸੂਲ ਤੋਂ ਬਿਨਾਂ ਅਸਲੀ ਅਰਥ ਗੁਆ ਬਹਿੰਦਾ ਹੈ।

# ਕਿਸਾਨੀ ਸੰਘਰਸ਼ ਤੇ ਪੰਜਾਬ ਦੀ ਨੌਜਵਾਨੀ ਦਾ ਸਵਾਲ

ਜਗਵਿੰਦਰ ਜੋਧਾ

ਸਤੰਬਰ ਤੋਂ ਪਹਿਲਾਂ ਤਕ ਸਾਡੇ ਬੌਧਿਕ ਹਲਕੇ ਸਮਕਾਲ ਦੀ ਵਿਆਖਿਆ ਕੁਝ ਘੜੇ-ਘੜਾਏ ਸਿਧਾਂਤਾਂ ਨਾਲ ਕਰਨ ਦੇ ਮਰਜ਼ ਤੋਂ ਪੀੜਤ ਸੀ। ਸਮਕਾਲ ਨੂੰ ਲਹਿਰਾਂ ਹੀਣ ਸਮਾਂ ਕਹਿ ਕੇ ਸਮਾਜਿਕ ਸਿਥਲਤਾ ਦੇ ਕਾਰਨ ਤਲਾਸ਼ੇ ਜਾ ਰਹੇ ਸਨ। ਸਮਾਜਿਕ ਬਦਲਾਓ ਲਈ ਜਨਤਕ ਲਹਿਰਾਂ ਉੱਪਰ ਟੇਕ ਰੱਖਣ ਵਾਲੇ ਲੋਕ ਪੰਜਾਬੀਆਂ ਨੂੰ ਲਹਿਰਾਂ ਰਾਹੀਂ ਘੜਿਆ ਜਾਣ ਵਾਲਾ ਮਨੁੱਖ ਕਹਿ ਕੇ ਪੂੰਜੀ ਦੇ ਸਮਕਾਲੀ ਸੰਸਾਰ ਵਰਤਾਰਿਆਂ ਨੂੰ ਚੇਤਨਾ ਸੁੰਨ ਕਰਨ ਵਾਲੇ ਪ੍ਰਭਾਵ ਆਖ ਰਹੇ ਸਨ। ਕਿਸਾਨ ਅੰਦੋਲਨ ਨੇ ਇਨ੍ਹਾਂ ਧਾਰਨਾਵਾਂ ਨੂੰ ਦੁਬਾਰਾ ਵਿਚਾਰਨਣ ਲਈ ਮਾਹੌਲ ਪੈਦਾ ਕੀਤਾ ਹੈ।

ਪੰਜਾਬ ਸੰਕਟ ਤੋਂ ਬਾਅਦ ਸੰਸਾਰੀਕਰਨ ਦੇ ਨਕਸ਼ ਗੂੜ੍ਹੇ ਹੋਣ ਲੱਗੇ ਸਨ। ਸੰਸਾਰ ਮੰਡੀ ਦੀ ਲੋੜ ਅਨੁਸਾਰ ਵਿਕਾਸਸ਼ੀਲ ਮੁਲਕਾਂ ਦੀਆਂ ਸਰਕਾਰਾਂ ਨੇ ਲੋਕ ਭਲਾਈ ਖੇਤਰਾਂ ਵਿਚ ਪ੍ਰਾਈਵੇਟ ਨਿਵੇਸ਼ ਲਈ ਰਸਤੇ ਖੋਲ੍ਹੇ। ਇਸ ਨਾਲ ਸਿਹਤ ਤੇ ਸਿੱਖਿਆ ਵਰਗੇ ਖੇਤਰਾਂ ਵਿਚ ਨਿੱਜੀਕਰਨ ਸ਼ੁਰੂ ਹੋਇਆ ਹੀ, ਪਬਲਿਕ ਸੇਵਾ ਖੇਤਰ ਦੇ ਮੌਕੇ ਵੀ ਸੁੰਗੜਨ ਲੱਗੇ। ਪਿਛਲੇ ਤੀਹ ਸਾਲਾਂ ਵਿਚ ਸਿਹਤ, ਸਿੱਖਿਆ ਦੀਆਂ ਸੇਵਾਵਾਂ ਤੇ ਰੁਜ਼ਗਾਰ ਦੇ ਮੌਕੇ ਸਾਧਾਰਨ ਜਨਤਾ ਤੋਂ ਦੂਰ ਹੋਏ। ਇਸ ਕਾਰਨ ਸਮਾਜ ਵਿਚ ਦਿਸਦੇ-ਅਣਦਿਸਦੇ ਕਈ ਵਿਗਾੜ ਸਾਹਮਣੇ ਆਏ ਜਿਨ੍ਹਾਂ ਨਾਲ ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਲਈ ਇਸ ਧਰਤੀ ਉੱਪਰ ਰਹਿਣ ਦਾ ਮੋਹ ਘਟਿਆ। ਇਕ ਪਾਸੇ ਨਸ਼ੇ ਦੇ ਵਪਾਰੀਆਂ ਲਈ ਇਹ ਧਰਤੀ ਬੜੀ ਜ਼ਰਖੇਜ਼ ਸਿੱਧ ਹੋਣ ਲੱਗੀ, ਦੂਜੇ ਪਾਸੇ ਦਿਸ਼ਾਹੀਣ ਨੌਜਵਾਨੀ ਕੋਲ ਜੁਰਮ ਰਾਹੀਂ ਆਪਣੇ ਆਪ ਨੂੰ ਪ੍ਰਗਟਾਉਣ ਦਾ ਸੌਖਾ ਰਾਹ ਬਚਿਆ ਸੀ। ਪੁੱਜਤ ਵਾਲੇ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਇਸ ਧਰਤੀ ਤੋਂ ਦੂਰ ਕਰਨ ਦਾ ਵਸੀਲਾ ਪਰਵਾਸ ਨੂੰ ਬਣਾਇਆ।

ਇਕ ਦਹਾਕੇ ਤੋਂ ਨੌਜਵਾਨਾਂ ਦੇ ਪਰਵਾਸ ਦੀ ਪ੍ਰਕਿਰਿਆ ਤੇਜ਼ ਹੋਈ ਹੈ। ਕਿਸੇ ਜ਼ਮਾਨੇ 'ਚ ਦੁਆਬੇ ਦੀ ਪਛਾਣ ਰਿਹਾ ਪਰਵਾਸ ਹੁਣ ਮਾਲਵੇ ਦੇ ਸਿਰੇ ਤਕ ਫੈਲਿਆ ਵਰਤਾਰਾ ਹੈ। ਇਕ ਸਰਵੇਖਣ ਅਨੁਸਾਰ ਜਲੰਧਰ ਵਿਚ ਆਈਲੈਟਸ ਕਰਾਉਣ ਵਾਲੇ ਛੋਟੇ ਵੱਡੇ ਬਾਰ੍ਹਾਂ ਸੌ ਕੇਂਦਰ ਹਨ ਤਾਂ ਬਠਿੰਡਾ ਇਲਾਕੇ ਵਿਚ ਇਨ੍ਹਾਂ ਦੀ ਗਿਣਤੀ ਸਾਢੇ ਚੌਦਾਂ ਸੌ ਦੇ ਕਰੀਬ ਹੈ। ਕਰੋਨਾ ਕਾਲ ਤੋਂ ਪਹਿਲਾਂ ਪੰਜਾਬੀ ਹਰ ਸਾਲ ਸਤਾਈ ਹਜ਼ਾਰ ਕਰੋੜ ਰੁਪਏ ਵਿਦੇਸ਼ ਵਿਚ ਪੜ੍ਹਾਈ ਦੇ ਨਾਮ ਹੇਠ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਖਰਚਦੇ ਰਹੇ ਹਨ। ਇਸ ਪੈਸੇ ਦੇ ਨਿਕਾਸ ਦਾ ਪ੍ਰਭਾਵ ਪੰਜਾਬ ਦੀ ਆਰਥਿਕਤਾ ਉੱਪਰ ਸਪਸ਼ਟ ਦਿਸਦਾ ਹੈ। ਇਸ ਵਿਚੋਂ ਵੱਡੀ ਰਾਸ਼ੀ ਕਰਜ਼ੇ ਚੁੱਕ ਕੇ, ਜ਼ਮੀਨਾਂ ਗਹਿਣੇ ਕਰ ਕੇ ਜਾਂ ਵੇਚ ਕੇ ਇੱਕਤਰ ਕੀਤੀ ਹੁੰਦੀ ਹੈ। ਵਿਦੇਸ਼ ਦੀ ਪੜ੍ਹਾਈ ਦੇ ਪਹਿਲੇ ਸਾਲ ਹੀ ਅਠਾਰਾਂ ਤੋਂ ਬਾਈ ਲੱਖ ਦਾ ਖਰਚਾ ਵੀ ਪੰਜਾਬੀਆਂ ਨੂੰ ਇਸ ਲਈ ਜ਼ਿਆਦਾ ਨਹੀਂ ਲਗਦਾ ਕਿ ਆਉਂਦੇ ਸਾਲਾਂ ਵਿਚ 'ਪੱਕੇ' ਹੋਣ ਦੀ ਸੰਭਾਵਨਾ ਜੁੜੀ ਹੈ। ਇਸ ਤਰੀਕੇ ਨੇ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਢਾਹ ਲਾਈ, ਪੰਜਾਬ ਦੀਆਂ ਸਿੱਖਿਆ ਸੰਸਥਾਵਾਂ ਨੂੰ ਹਾਜ਼ਰੀ ਦੀ ਕਮੀ ਨਾਲ ਜੂਝਣ ਲਈ ਮਜਬੂਰ ਕਰ ਦਿੱਤਾ। ਸਭ ਤੋਂ ਵੱਡਾ ਨੁਕਸਾਨ ਇਹ ਕਿ ਇਕ ਪੂਰੀ ਪੀੜ੍ਹੀ ਦੀ ਸਮਾਜਿਕ ਢਾਂਚੇ ਵਿਚੋਂ ਗੈਰਹਾਜ਼ਰੀ ਦੇ ਆਸਾਰ ਪੈਦਾ ਹੋ ਗਏ। ਪੰਜਾਬ ਦੀ ਨੌਜਵਾਨੀ ਲਈ ਵਿਦੇਸ਼ ਜਾ ਕੇ ਵਸਣਾ ਸੁਪਨਾ ਹੀ ਨਹੀਂ, ਆਦਰਸ਼ ਬਣ ਗਿਆ।



ਪੰਜਾਬੀਆਂ ਦੇ ਪਰਵਾਸ ਦਾ ਇਤਿਹਾਸ ਇਕ ਸਦੀ ਤੋਂ ਪੁਰਾਣਾ ਹੈ। ਬਸਤੀਵਾਦੀ ਦੌਰ ਵਿਚ ਪੰਜਾਬੀਆਂ ਨੇ ਪਹਿਲਾਂ ਉੱਤਰੀ ਅਮਰੀਕਾ ਨੂੰ ਪਰਵਾਸ ਦਾ ਕੇਂਦਰ ਚੁਣਿਆ। ਉਸ ਦੌਰ ਵਿਚ ਪਰਵਾਸੀ ਹੋਣ ਵਾਲੀ ਜਮਾਤ ਮੁੱਖ ਤੌਰ ਤੇ ਕਿਸਾਨੀ ਹੀ ਸੀ। ਉਹ ਪਰਵਾਸ ਅਸਲ ਵਿਚ ਇਤਿਹਾਸ ਦੇ ਬੜੇ ਨਾਜ਼ੁਕ ਸਮੇਂ ਵਿਚ ਪੰਜਾਬੀ ਕਿਸਾਨੀ ਦਾ ਸੱਤਾ ਵਿਰੋਧੀ ਪੈਂਤੜਾ ਸੀ। ਅੰਗਰੇਜ਼ੀ ਸ਼ਾਸਨ ਨੇ ਖੇਤੀ ਲਗਾਨ ਨੂੰ ਉਤਪਾਦਨ ਅਨੁਸਾਰ ਵਧਣ-ਘਟਣ ਦੇ ਰਵਾਇਤੀ ਪ੍ਰਬੰਧ ਤੋਂ ਹਟਾ ਕੇ ਫਸਲ ਮੁਤਾਬਕ ਪ੍ਰਤੀ ਵਿੱਘਾ ਇਕਮੁਸ਼ਤ ਨਗਦ ਰਕਮ ਵਿਚ ਬਦਲ ਦਿੱਤਾ। ਇਹ ਰਕਮ ਵੀ ਇੰਨੀ ਜ਼ਿਆਦਾ ਸੀ ਕਿ ਕਾਸ਼ਤਕਾਰ ਕੋਲ ਮਾਮਲਾ ਤਾਰਨ ਤੋਂ ਬਾਅਦ ਘਰ ਖਾਣ ਜੋਗਾ ਅਨਾਜ ਵੀ ਮੁਸ਼ਕਿਲ ਨਾਲ ਬਚਦਾ ਸੀ। ਜੇ ਕਿਸੇ ਸਾਲ ਕੁਦਰਤ ਦੀ ਮਾਰ ਪੈ ਜਾਂਦੀ ਤਾਂ

(ਬਾਕੀ ਸਫਾ 22 'ਤੇ)

# ਬਲਬੀਰ ਸਿੰਘ ਐਮ.ਏ.ਦੇ ਘਰ ਪੋਤਰੀ ਦੀ ਦਾਤ



Anya Kaur ਦੀ ਪਹਿਲੇ ਦਿਨ ਦੀ ਤਸਵੀਰ

ਵਾਹਿਗੁਰੂ ਦੀ ਆਪਾਰ ਕਿਰਪਾ ਸਦਕਾ ਸਾਡੇ ਪਰਿਵਾਰ ’ਚ ਦਿਨ ਐਤਵਾਰ, ਫਰਵਰੀ 28, 2021 ਨੂੰ ਪੋਤਰੀ ਦੀ ਦਾਤ ਬਖਸ਼ੀ। ਆਨਿਆ ਕੌਰ (**Anya Kaur**) ਗੁਰੂ ਸਾਹਿਬ ਜੀ ਦੀ ਮਿਹਰ ਸਦਕਾ ਸਾਡੇ ਸਪੁੱਤਰ ਅਮਨਪ੍ਰੀਤ ਸਿੰਘ ਤੇ ਬਹੂ ਹਰਮਨਦੀਪ ਕੌਰ ਦੇ ਝੋਲੀ ਪਈ। ’ਪਰਦੇਸ ਟਾਇਮਜ਼’ ’ਤੇ ਸਾਡੇ ਸਾਰੇ ਪਰਿਵਾਰ ਵੱਲੋਂ ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੀ ਬਹੁਤ ਵਧਾਈ ਤੇ ਜਿਹਨਾਂ ਦੀਆਂ ਵਧਾਈਆਂ ਆਈਆਂ ਹਨ, ਉਹਨਾਂ ਦਾ ਕੋਟਾਨਿ-ਕੋਟਿ ਧੰਨਵਾਦ ਹੈ।

**- ਬਲਬੀਰ ਸਿੰਘ ਐਮ. ਏ.**
**ਬੀਬੀ ਰਾਜਿੰਦਰ ਕੌਰ**
**ਸਪੁੱਤਰ ਅਮਨਪ੍ਰੀਤ ਸਿੰਘ**
**ਬਹੂ ਹਰਮਨਦੀਪ ਕੌਰ**
**ਬੇਟੀ ਰਵੀਪਾਲ ਕੌਰ**



Anya Kaur 10 ਦਿਨ ਦੀ

## ਕਿਸਾਨ ਅੰਦੋਲਨ ਦੀ ਚਰਚਾ ਬਰਤਾਨਵੀ ਸੰਸਦ ’ਚ ਹੋਈ

ਜਲੰਧਰ- ਇੰਗਲੈਂਡ ਦੀ ਸੰਸਦ ਵਿੱਚ ਕਿਸਾਨ ਅੰਦੋਲਨ ਨੂੰ ਮੈਂਬਰਾਂ ਨੇ ਬੜੀ ਗੰਭੀਰ ਨਾਲ ਉਠਾਇਆ ਹੈ। ਹਾਲਾਂ ਕਿ ਸੰਸਦ ਮੈਂਬਰਾਂ ਨੇ ਕਿਹਾ ਕਿ ਭਾਵੇਂ ਇਹ ਮਾਮਲਾ ਭਾਰਤ ਦਾ ਅੰਦਰੂਨੀ ਹੈ ਪਰ ਇਹ ਮਨੁੱਖੀ ਅਧਿਕਾਰਾਂ ਨਾਲ ਵੀ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ। ਜਲੰਧਰ ਨਾਲ ਸਬੰਧਤ ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ ਅਤੇ ਪ੍ਰੀਤ ਕੌਰ ਗਿੱਲ ਦੇ ਨਾਲ ਨਾਲ ਖਾਲਿਦ ਮਹਿਮੂਦ ਨੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਹਲਕਾ ਸਲੋਅ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਹਰ ਕਿਸੇ ਨੂੰ ਪ੍ਰਦਰਸ਼ਨ ਕਰਨ ਦਾ ਹੱਕ ਹੈ। ਸੈਂਕੜੇ ਕਿਸਾਨ ਅੰਦੋਲਨ ਕਰਦੇ ਹੋਏ ਆਪਣੀ ਜਾਨ ਗਵਾ ਚੁੱਕੇ ਹਨ। ਦਿੱਲੀ ਦੇ ਬਾਰਡਰਾਂ 'ਤੇ ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਪ੍ਰਦਰਸ਼ਨ ਦਾ ਹਿੱਸਾ ਹਨ। ਕਈ ਪੱਤਰਕਾਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਸਮਾਜਿਕ ਕਾਰਕੁਨਾਂ 'ਤੇ ਵੀ ਤਸ਼ੱਦਦ ਢਾਹੇ ਗਏ ਹਨ। ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ’ਤੇ ਕਈ ਤਰ੍ਹਾਂ ਦੇ ਇਲਜ਼ਾਮ ਵੀ ਲਗਾਏ ਜਾ ਰਹੇ ਹਨ। ਇਸ ਅੰਦੋਲਨ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇਸ ਲਈ ਉਨ੍ਹਾਂ ਨੂੰ ਵੱਖਵਾਦੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਬ੍ਰਿਟਿਸ਼ ਸੰਸਦ ਦੀ ਇਹ ਹੀ ਖ਼ਾਸ ਗੱਲ ਹੈ ਕਿ ਅਸੀਂ ਦੇਸ਼ ਹੀ ਨਹੀਂ, ਦੁਨੀਆਂ ਦੇ ਮੁੱਦਿਆਂ ਦੇ ਬਾਰੇ ਵੀ ਚਰਚਾ ਕਰਦੇ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਸਾਡੇ ਸਭ ਦਾ ਫਰਜ਼ ਹੈ।

# ਮੋਦੀ ਸਰਕਾਰ ਵਲੋਂ ਹੁਣ ਸੋਸ਼ਲ ਮੀਡੀਆ ਪਲੇਟ ਫਾਰਮਾਂ ‘ਤੇ ਸ਼ਿਕੰਜਾ

ਨਵੀਂ ਦਿੱਲੀ - ਮੋਦੀ ਸਰਕਾਰ ਨੇ ਫੇਸਬੁੱਕ ਤੇ ਟਵਿੱਟਰ ਜਿਹੇ ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਸਰਕਾਰ ਨੇ ਅਜਿਹੇ ਪਲੇਟਫਾਰਮਾਂ ਉਤੇ ਨਕੇਲ ਕੱਸਣ ਦੇ ਇਰਾਦੇ ਨਾਲ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਨਵੇਂ ਨਿਰਦੇਸ਼ਾਂ ਮੁਤਾਬਕ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਥਾਰਿਟੀਜ ਵੱਲੋਂ ਉਜ਼ਰ ਜਤਾਏ ਵਿਸ਼ਾ ਵਸਤੂ ਨੂੰ 36 ਘੰਟਿਆਂ ਅੰਦਰ ਆਪਣੇ ਮੰਚ ਤੋਂ ਹਟਾਉਣਾ ਹੋਵੇਗਾ।

ਇਹੀ ਨਹੀਂ ਇਨ੍ਹਾਂ ਪਲੇਟਫਾਰਮਾਂ ਨੂੰ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਚੌਖਟਾ ਵਿਕਸਤ ਕਰਨਾ ਹੋਵੇਗਾ, ਜਿਸ ਦੇ ਅਧਿਕਾਰੀ ਦਾ ਦਫਤਰ ਭਾਰਤ ਵਿਚ ਹੀ ਅਧਾਰਿਤ ਹੋਵੇਗਾ। ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਟਵਿੱਟਰ ਤੇ ਵੱਟਸਐਪ ਜਿਹੇ ਪਲੇਟਫਾਰਮਾਂ ਲਈ ਅਜਿਹੇ ਕਿਸੇ ਵੀ ਸੁਨੇਹੇ, ਜਿਸ ਨੂੰ ਦੇਸ਼ ਵਿਰੋਧੀ ਤੇ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਲਈ ਖਤਰਾ ਮੰਨਿਆ ਜਾਵੇਗਾ, ਦੇ ਮੂਲ ਸਰੋਤ ਦੀ ਪਛਾਣ ਕਰਨੀ ਲਾਜ਼ਮੀ ਹੋਵੇਗੀ। ਪਹਿਲੀ ਵਾਰ ਹੈ ਜਦੋਂ ਦੇਸ਼ ਦੇ ਅਧਿਕਾਰ ਖੇਤਰ ‘ਚ ਚਲਦੇ ਡਿਜੀਟਲ ਤੇ ਆਨਲਾਈਨ ਮੀਡੀਆ ਲਈ ਨੇਮ ਘੜੇ ਗਏ ਹਨ। ਸਰਕਾਰ ਨੇ ਇਹ ਦਿਸ਼ਾ ਨਿਰਦੇਸ਼ ਅਜਿਹੇ ਮੌਕੇ ਜਾਰੀ ਕੀਤੇ ਹਨ, ਜਦੋਂ ਕਿਸਾਨ ਅੰਦੋਲਨ ਬਾਰੇ ਕੁਝ ਸੁਨੇਹਿਆਂ ਨੂੰ ਲੈ ਕੇ ਸਰਕਾਰ ਤੇ ਟਵਿੱਟਰ ਦਰਮਿਆਨ ਸ਼ਬਦੀ ਜੰਗ ਸਿਖਰ ‘ਤੇ ਸੀ। ਸਰਕਾਰ ਨੇ ਮਾਈਕਰੋ ਬਲੌਗਿੰਗ ਸਾਈਟ ਟਵਿੱਟਰ ਨੂੰ 1500 ਦੇ ਕਰੀਬ ਖਾਤੇ ਬੰਦ ਕਰਨ ਤੇ ਸੁਨੇਹੇ ਹਟਾਉਣ ਲਈ ਕਿਹਾ ਸੀ। ਟਵਿੱਟਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹਵਾਲੇ ਨਾਲ ਪਹਿਲਾਂ ਤਾਂ ਸਰਕਾਰ ਨੂੰ ਨਾਂਹ ਕਰ ਦਿੱਤੀ, ਪਰ ਜਦੋਂ ਸਰਕਾਰ ਨੇ ਫੌਜਦਾਰੀ ਕੇਸ ਦੀ ਚਿਤਾਵਨੀ ਦਿੱਤੀ ਤਾਂ ਟਵਿੱਟਰ ਨੇ ਹਾਮੀ ਭਰ ਦਿੱਤੀ।



ਸੂਚਨਾ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਤੇ ਫਰਜ਼ੀ ਖਬਰਾਂ ਦੇ ਫੈਲਾਅ ਸਬੰਧੀ ਲਗਾਤਾਰ ਫਿਕਰ ਜ਼ਾਹਿਰ ਕੀਤੇ ਜਾ ਰਹੇ ਸਨ। ਪ੍ਰਸਾਦ ਨੇ ਕਿਹਾ, ‘ਸੋਸ਼ਲ ਮੀਡੀਆ ਕੰਪਨੀਆਂ ਦਾ ਭਾਰਤ ਨੂੰ ਸਸ਼ਕਤ ਬਣਾਉਣ ਤੇ ਦੇਸ਼ ਵਿਚ ਕਾਰੋਬਾਰ ਕਰਨ ਲਈ ਸਵਾਗਤ ਹੈ....ਅਸੀਂ ਨੁਕਤਾਚੀਨੀ ਤੇ ਵਿਰੋਧ ਦਾ ਸਵਾਗਤ ਕਰਦੇ ਹਾਂ...ਪਰ ਇਹ ਵੀ ਅਹਿਮ ਹੈ ਕਿ ਅਸੀਂ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੂੰ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਸਮਾਂਬੱਧ ਹੱਲ ਲਈ ਕੋਈ ਢੁਕਵਾਂ ਮੰਚ ਮੁਹੱਈਆ ਕਰਵਾਈਏ।’ ਪ੍ਰਸਾਦ ਨੇ ਕਿਹਾ ਕਿ ਇਸ ਕੰਮ ਲਈ ਸਾਲਸਾਂ ਦੇ ਦੋ ਵਰਗ ਹੋਣਗੇ- ਸੋਸ਼ਲ ਮੀਡੀਆ ਸਾਲਸ ਤੇ ਅਹਿਮ ਸੋਸ਼ਲ ਮੀਡੀਆ ਸਾਲਸ। ਇਨ੍ਹਾਂ ਦੋਵਾਂ ਵਿਚਲਾ ਫਰਕ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਵਰਤੋਂਕਾਰਾਂ ਦੀ ਗਿਣਤੀ ’ਤੇ ਅਧਾਰਿਤ ਹੋਵੇਗਾ ਤੇ ਸਰਕਾਰ ਜਲਦੀ ਹੀ ਦੋਵਾਂ ਦੇ ਯੂਜਰ ਬੇਸ ਦੇ ਚੌਖਟੇ ਬਾਰੇ ਐਲਾਨ ਕਰੇਗੀ। ਉਧਰ, ਨਵੇਂ ਪਬਲਿਸ਼ਰਾਂ, ਓਟੀਟੀ ਪਲੇਟਫਾਰਮਾਂ ਤੇ ਡਿਜੀਟਲ ਮੀਡੀਆ ਲਈ ਨੈਤਿਕਤਾ ਕੋਡ ਦੇ ਨਾਲ ਤਿੰਨ ਪੜਾਵੀ ਸ਼ਿਕਾਇਤ ਨਿਵਾਰਣ ਚੌਖਟਾ ਹੋਵੇਗਾ। ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਓ.ਟੀ.ਟੀ. ਪਲੇਟਫਾਰਮਾਂ ਨੂੰ ਪੇਰੈਂਟਲ ਲੌਕ ਜਿਹੀਆਂ ਵਿਵਸਥਾਵਾਂ ਦਾ ਪ੍ਰਬੰਧ ਕਰਨਾ ਹੋਵੇਗਾ। ਆਨਲਾਈਨ ਪਬਲਿਸ਼ਰਾਂ ਨੂੰ ਵੀ ਵਿਸ਼ਾ ਵਸਤੂ ਦੀ ਦਰਜਾਬੰਦੀ ਰੇਟਿੰਗ ਪ੍ਰਮੁਖਤਾ ਨਾਲ ਡਿਸਪਲੇਅ ਕਰਨੀ ਹੋਵੇਗੀ। ਆਫਲਾਈਨ (ਪ੍ਰਿੰਟ ਤੇ ਟੀਵੀ) ਅਤੇ ਡਿਜੀਟਲ ਮੀਡੀਆ ਨੂੰ ਬਰਾਬਰ ਦੇ ਮੌਕੇ ਦੇਣ ਲਈ ਡਿਜੀਟਲ ਮੀਡੀਆ ’ਤੇ ਪ੍ਰਸਾਰਿਤ ਹੋਣ ਵਾਲੀਆਂ ਖਬਰਾਂ ਦੇ ਪਬਲਿਸ਼ਰਾਂ ਨੂੰ ਭਾਰਤੀ ਪ੍ਰੈੱਸ ਕੌਂਸਲ (ਪੀ.ਸੀ.ਆਈ.) ਦੇ ਪੱਤਰਕਾਰੀ ਨਾਲ ਜੁੜੇ ਨੇਮਾਂ ਤੇ ਕੇਬਲ ਟੈਲੀਵਿਜ਼ਨ ਨੈੱਟਵਰਕ ਰੈਗੂਲੇਸ਼ਨ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਹੋਵੇਗਾ।

**ਸੋਸ਼ਲ ਮੀਡੀਆ ਨੂੰ ਕਾਨੂੰਨ ਦੀ ਪਾਲਣਾ ਕਰਨੀ ਪਵੇਗੀ: ਸ਼ਾਹ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਸਾਰੇ ਡਿਜੀਟਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ, ਪਰ ਉਨ੍ਹਾਂ ਨੂੰ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨੀ ਹੋਵੇਗੀ। ਗ੍ਰਹਿ ਮੰਤਰਾਲੇ ਨੇ ਇਕ ਟਵੀਟ ‘ਚ ਕਿਹਾ, ‘ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਭਾਰਤੀ ਕਾਨੂੰਨ ਮੰਨਣੇ ਪੈਣਗੇ। ਐਲਾਨੇ ਗਏ ਨਵੇਂ ਨਿਯਮ ਸੋਸ਼ਲ ਮੀਡੀਆ ਵਰਤੋਂਕਾਰਾਂ ਨੂੰ ਸੰਸਥਾਗਤ ਨਿਵਾਰਨ ਪ੍ਰਣਾਲੀ ਰਾਹੀਂ ਹੋਰ ਤਾਕਤ ਦੇਣਗੇ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਯਕੀਨੀ ਬਣਾਉਣਗੇ।‘

# ਪੰਜਾਬ ਵਿਚ ਚੋਣ ਰਾਜਨੀਤੀ ਹੋਈ ਆਰੰਭ

**(ਸਫਾ 1 ਦੀ ਬਾਕੀ)**

ਵੈਟ ਵੀ ਵਧਾ ਦਿੱਤਾ।

ਕੁੱਲ ਮਿਲਾ ਕੇ ਚਾਰ ਸਾਲ ਸੱਤਾ ਭੋਗਣ ਤੋਂ ਬਾਅਦ ਕੈਪਟਨ ਸਰਕਾਰ ਨੇ ਡੱਕਾ ਨਹੀਂ ਤੋੜਿਆ। ਕੈਪਟਨ ਕੋਲ ਸਰਕਾਰ ਦੀਆਂ ਨਾਲਾਇਕੀਆਂ ਬਾਰੇ ਕੋਈ ਜਵਾਬ ਨਹੀਂ ਹੈ। ਇਸੇ ਲਈ ਵਿਧਾਨ ਸਭਾ ਸੈਸ਼ਨ ਦੇ ਐਨ ਮੌਕੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੂੰ ਲਿਆ ਖੜ੍ਹਾ ਕੀਤਾ ਹੈ। ਪ੍ਰਸ਼ਾਂਤ ਕਿਸ਼ੋਰ ਉਹੀ ਸ਼ਖਸ ਹੈ ਜਿਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਝੂਠੇ ਵਾਅਦਿਆਂ ਦਾ ਤਾਣਾ ਬੁਣ ਕੇ ਕੈਪਟਨ ਨੂੰ ਕੁਰਸੀ ਦਵਾਈ ਸੀ ਤੇ ਉਸ ਦੇ 4 ਸਾਲ ਬਾਅਦ ਨਜ਼ਰ ਨਹੀਂ ਆਇਆ। ਪ੍ਰਸ਼ਾਂਤ ਕਿਸ਼ੋਰ ਦਾ ਨਾਮ ਮੋਟੀਆਂ ਰਕਮਾਂ ਲੈ ਕੇ ਚੋਣਾਂ ਵਿਚ ਸਿਆਸੀ ਧਿਰਾਂ ਦੀ ਬੇੜੀ ਪਾਰ ਲਾਉਣ ਵਜੋਂ ਜਾਣਿਆ ਜਾਂਦਾ ਹੈ। ਇਸ ਸਮੇਂ ਉਹ ਪੱਛਮੀ ਬੰਗਾਲ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਲਈ ਚੋਣ ਰਣਨੀਤੀ ਬਣਾ ਰਿਹਾ ਸੀ ਪਰ ਸਿਰਫ ਇਕ ਰੁਪਏ ਤਨਖਾਹ ਉਤੇ ਅਚਾਨਕ ਕੈਪਟਨ ਦੀ ਮਦਦ ਲਈ ਆਣ ਪਹੁੰਚਿਆ ਜਿਸ ਨੂੰ ਵਿਰੋਧੀ ਧਿਰਾਂ ਸ਼ੱਕੀ ਨਜ਼ਰ ਨਾ ਦੇਖ ਰਹੀਆਂ ਹਨ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਕੈਪਟਨ ਨੂੰ 2022 ਵਿਚ ਵੀ ਮੁੱਖ ਮੰਤਰੀ ਚਿਹਰੇ ਵਜੋਂ ਉਤਾਰਨ ਦੀਆਂ ਤਿਆਰੀ ਹੈ ਪਰ ਉਨ੍ਹਾਂ (ਕੈਪਟਨ) ਦੀ ਪਿਛਲੀ ਪਾਰੀ ਦੀ ਕਾਰਗੁਜ਼ਾਰੀ ਵੱਡਾ ਅੜਿੱਕਾ ਬਣ ਸਕਦੀ ਹੈ। ਇਸ ਲਈ ਕਾਂਗਰਸ ਵੱਲੋਂ ਸੱਤਾ ਦਾ ਬਚਿਆ ਇਕ ਸਾਲ ਇਹੀ ਰਣਨੀਤੀ ਤੈਅ ਕਰਨ ਉਤੇ ਲੱਗੇਗਾ ਕਿ ਪਾਰਟੀ ਕੈਪਟਨ ਦੀ ਅਗਵਾਈ ਵਿਚ ਕਿਸ ਮੂੰਹ ਨਾਲ ਲੋਕਾਂ ਤੋਂ ਵੋਟਾਂ ਮੰਗੇ।

ਖਾਸਕਰ, ਕਿਸਾਨ ਅੰਦੋਲਨ ਬਾਰੇ ਕੈਪਟਨ ਦੀ ਕੇਂਦਰ ਸਰਕਾਰ ਬਾਰੇ ਨਰਮ ਰਣਨੀਤੀ ਸੂਬੇ ਦੇ ਜਨਤਾ ਨੂੰ ਰੜਕ ਰਹੀ ਹੈ। ਉਹ ਅੱਜ ਤੱਕ ਖੇਤੀ ਕਾਨੂੰਨਾਂ ਤੇ ਕਿਸਾਨ ਅੰਦੋਲਨ ਬਾਰੇ ਕੋਈ ਇਕ ਸਟੈਂਡ ਨਹੀਂ ਲੈ ਸਕੇ ਤੇ ਕੇਂਦਰ ਉਤੇ ਦਬਾਅ ਪਾਉਣ ਦੀ ਥਾਂ ਕਿਸਾਨਾਂ ਨੂੰ ਸੂਬੇ ਵਿਚ ਮਾਹੌਲ ਖਰਾਬ ਹੋਣ ਦੇ ਵਾਸਤੇ ਪਾ ਕੇ ਸਮਝੌਤੇ ਦੀਆਂ ਮੱਤਾਂ ਦਿੰਦੇ ਰਹੇ ਹਨ। ਕੁੱਲ ਮਿਲਾ ਕੇ ਕੈਪਟਨ ਸਰਕਾਰ ਲਈ ਬਚਿਆ ਇਕ ਸਾਲ ਵੱਡੀ ਚੁਣੌਤੀ ਬਣ ਸਕਦਾ ਹੈ। ਲੋਕਾਂ ਦੇ ਮਨੋਂ ਕਰੋਨਾ ਦਾ ਡਰ ਲਹਿ ਚੁੱਕਾ ਹੈ। ਮੁਲਾਜ਼ਮ ਜਥੇਬੰਦੀਆਂ ਸਰਕਾਰ ਖਿਲਾਫ ਵੱਡਾ ਸੰਘਰਸ਼ ਵਿੱਢਣ ਦੀ ਤਿਆਰੀ ਕਰ ਰਹੀਆਂ ਹਨ।

ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਨਾਲ ਨਿੱਬੜਨ ਕੇ ਕੈਪਟਨ ਦੁਆਲੇ ਹੋਣ ਦੀ ਰਣਨੀਤੀ ਪਹਿਲਾਂ ਹੀ ਬਣਾ ਚੁੱਕੀਆਂ ਹਨ। ਇਸ ਤੋਂ ਤੈਅ ਹੈ ਕਿ ਆਉਂਦੇ ਦਿਨ ਕੈਪਟਨ ਸਰਕਾਰ ਲਈ ਵੱਡੀ ਵੰਗਾਰ ਹੋਣਗੇ।




# ਸੰਪਾਦਕੀ

## ਕੈਪਟਨ ਸਰਕਾਰ ਦਾ ਪੰਜਵਾਂ ਬਜਟ

ਕਰਜਿਆਂ ਦੀ ਵੱਡੀ ਪੰਡ ਸਿਰ ਤੇ ਚੁੱਕੀ ਪੰਜਾਬ ਸਰਕਾਰ ਨੇ ਆਪਣੇ ਬਜਟ ਵਿਚ ਕਰਜਿਆਂ ਤੇ ਹੀ ਰਾਜਨੀਤੀ ਜਾਰੀ ਰੱਖੀ ਹੋਈ ਹੈ, ਜਦਕਿ ਪੰਜਾਬ ਦੀ ਆਮਦਨ ਅਤੇ ਖਰਚ ਵਿਚਕਾਰ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ। ਪੰਜਾਬ ਦੇ ਪੰਜਵੇਂ ਬਜਟ 'ਚ ਸਰਕਾਰ ਨੇ ਨਾ ਤਾਂ ਕੋਈ ਨਵਾਂ ਟੈਕਸ ਲਾਇਆ ਹੈ ਅਤੇ ਨਾ ਹੀ ਪੈਟਰੋਲ-ਡੀਜ਼ਲ ਦੇ ਵੈਟ 'ਚ ਕੋਈ ਕਮੀ ਕੀਤੀ ਹੈ। ਕਰਜ਼ੇ 'ਚ ਡੁੱਬੇ ਸੂਬੇ 'ਚ ਚੋਣਾਂ ਨੂੰ ਦੇਖਦਿਆਂ ਬਾਦਲ ਨੇ ਲੋਕਾਂ ਨੂੰ ਖ਼ੁਸ਼ ਕਰਨ 'ਚ ਕੋਈ ਕਸਰ ਨਹੀਂ ਛੱਡੀ ਹੈ। ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਨੇ ਔਰਤਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਸਰਕਾਰੀ ਬੱਸਾਂ 'ਚ ਉਨ੍ਹਾਂ ਲਈ ਮੁਫ਼ਤ ਸਫ਼ਰ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵੀ ਬੱਸ ਸਫ਼ਰ ਮੁਫ਼ਤ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਵੀ ਸਰਕਾਰ ਨੇ ਸਕੂਲੀ ਬੱਚਿਆਂ ਨੂੰ ਮੁਫ਼ਤ ਟਰਾਂਸਪੋਰਟ ਸਹੂਲਤ ਦੇਣ ਦੇ ਨਾਲ-ਨਾਲ 259 ਸਕੂਲਾਂ 'ਚ ਸੋਲਰ ਪਾਵਰ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਸੀ।

ਕੋਰੋਨਾ ਕਾਰਨ ਨਾ ਤਾਂ ਟਰਾਂਸਪੋਰਟ ਸਹੂਲਤ ਬੱਚਿਆਂ ਨੂੰ ਮਿਲ ਸਕੀ ਤੇ ਕਿੰਨੇ ਸਕੂਲਾਂ 'ਚ ਸੋਲਰ ਪਾਵਰ ਮੁਹੱਈਆ ਕਰਵਾਈ, ਇਸ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦਾ ਵੀ ਖ਼ਾਸ ਖਿਆਲ ਰੱਖਿਆ ਗਿਆ ਹੈ। ਪੰਜਾਬ ਸਰਕਾਰ ਨੇ 2021-22 'ਚ ਸੂਬੇ ਦੇ 1.13 ਲੱਖ ਕਿਸਾਨਾਂ ਲਈ 1,186 ਕਰੋੜ ਰੁਪਏ ਤੇ ਬੇਜ਼ਮੀਨੇ ਕਿਸਾਨਾਂ ਲਈ 526 ਕਰੋੜ ਰੁਪਏ ਦੇ ਖੇਤੀਬਾੜੀ ਕਰਜ਼ੇ ਮਾਫ਼ ਕਰਨ ਦਾ ਐਲਾਨ ਕੀਤਾ ਹੈ। ਬਜਟ 'ਚ ਦੁਕਾਨਾਂ ਤੇ ਵਪਾਰਕ ਅਦਾਰੇ ਸਾਲ 'ਚ 365 ਦਿਨ ਤੇ 24 ਘੰਟੇ ਖੁੱਲ੍ਹੇ ਰਹਿਣ ਦਾ ਐਲਾਨ ਕੀਤਾ ਗਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਇਸ ਫ਼ੈਸਲੇ ਨਾਲ ਕਾਰੋਬਾਰ 'ਚ ਤੇਜ਼ੀ ਆ ਸਕਦੀ ਹੈ। ਇਸੇ ਲਈ ਸਰਕਾਰ ਨੇ ਪੰਜਾਬ ਦੁਕਾਨਾਂ ਤੇ ਵਪਾਰਕ ਸਥਾਪਨਾ ਐਕਟ 1958 ਤਹਿਤ ਇਕ ਨੋਟੀਫਿਕੇਸਨ ਜਾਰੀ ਕਰ ਦਿੱਤਾ ਹੈ। ਸਕੀਮਾਂ 'ਚ ਪੈਸਾ ਨਾ ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਕੈਪਟਨ ਸਰਕਾਰ ਨੇ ਲੋਕ ਭਲਾਈ ਸਕੀਮਾਂ ਦੀਆਂ ਰਕਮਾਂ ਵੀ ਵਧਾਈਆਂ ਹਨ। ਬੁਢਾਪਾ ਪੈਨਸ਼ਨ ਨੂੰ 750 ਰੁਪਏ ਤੋਂ ਵਧਾ ਕੇ 1,500 ਰੁਪਏ ਪ੍ਰਤੀ ਮਹੀਨਾ ਕਰਨ ਤੇ ਸ਼ਗਨ ਸਕੀਮ ਗ੍ਰਾਂਟ ਨੂੰ 51,000 ਰੁਪਏ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ। ਅਸ਼ੀਰਵਾਦ ਸਕੀਮ 21,000 ਰੁਪਏ ਤੋਂ ਵਧਾ ਕੇ 51,000 ਰੁਪਏ ਕੀਤੀ ਗਈ ਹੈ। ਗ਼ਰੀਬ ਲੋਕਾਂ ਦੀ ਬੁਢਾਪਾ ਪੈਨਸ਼ਨ ਵੀ 750 ਰੁਪਏ ਤੋਂ ਵਧਾ ਕੇ ਦੁੱਗਣੀ ਕਰ ਦਿੱਤੀ ਗਈ ਹੈ। ਜੇ ਪਿਛਲੇ ਚਾਰ ਸਾਲ ਦੀ ਗੱਲ ਕੀਤੀ ਜਾਵੇ ਤਾਂ ਕਾਂਗਰਸ ਸਰਕਾਰ ਨੇ ਇਨ੍ਹਾਂ ਸਕੀਮਾਂ ਦਾ ਬੈਕਲਾਗ ਕਾਫ਼ੀ ਘਟਾਇਆ ਹੈ ਪਰ ਹਾਲੇ ਵੀ ਕੁਝ ਲੋਕਾਂ ਦਾ ਪੈਸਾ ਸਰਕਾਰ ਵੱਲ ਬਕਾਇਆ ਹੈ।

ਚਾਰ ਸਾਲਾਂ ਤੋਂ ਧਰਨੇ ਤੇ ਪ੍ਰਦਰਸ਼ਨਾਂ ਦੀ ਰਾਹ 'ਤੇ ਚੱਲ ਰਹੇ ਸਰਕਾਰੀ ਮੁਲਾਜ਼ਮਾਂ ਨੂੰ ਪਹਿਲੀ ਜੁਲਾਈ 2021 ਤੋਂ ਛੇਵਾਂ ਤਨਖ਼ਾਹ ਕਮਿਸ਼ਨ ਦੇਣ ਦਾ ਐਲਾਨ ਕਰ ਦਿੱਤਾ ਹੈ।ਸਰਕਾਰ ਨੇ ਸਿਹਤ ਦਾ ਬਜਟ ਘਟਾਉਣ ਦਾ ਹੈਰਾਨੀਜਨਕ ਫ਼ੈਸਲਾ ਕੀਤਾ ਹੈ। ਬੀਤੇ ਸਾਲ ਸਿਹਤ ਸਹੂਲਤਾਂ ਲਈ 4, 675 ਕਰੋੜ ਰੁਪਏ ਰੱਖੇ ਹਨ ਤੇ ਇਸ ਸਾਲ 3882 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਹਰ ਸਰਕਾਰ ਦੇ ਕਾਰਜਕਾਲ ਦਾ ਪੰਜਵਾਂ ਬਜਟ ਕੁਝ ਇਸ ਤਰ੍ਹਾਂ ਦਾ ਹੀ ਹੁੰਦਾ ਹੈ।

**-ਬਲਬੀਰ ਸਿੰਘ ਐਮ ਏ**

albir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560
Pardes Times (2nd office)
Ranjit Kandola ,Managing Editor
530-315-1020, email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਮਨੁੱਖ ਦੀ ਮਾਨਸਿਕ ਬਣਤਰ ਤੇ ਬੌਧਿਕ ਲੁੱਟ

**ਡਾ. ਵਿਨੋਦ ਕੁਮਾਰ**

'ਵਿਚਾਰ' ਪੈਦਾ ਹੋਣ ਤੋਂ ਲੈ ਕੇ ਇਸ ਦੇ 'ਵਿਚਾਰਧਾਰਾ' ਵਿਚ ਵਟਣ ਤੱਕ ਇਸ ਨੂੰ ਬਹੁਤ ਸਾਰੇ ਵਿਚੋਲੀਏ ਤੱਥਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਸ ਵਿਚ ਦਮਨਕਾਰੀ ਤੰਤਰ ਅਕਸਰ ਸਿੱਧੇ-ਅਸਿੱਧੇ ਰੂਪ ਵਿਚ ਅਹਿਮ ਭੂਮਿਕਾ ਨਿਭਾਉਂਦਿਆਂ ਸਾਡੀ ਵਿਚਾਰ ਕਰਨ ਦੀ ਯੋਗਤਾ ਨੂੰ ਅਪਾਹਜ ਬਣਾ ਦਿੰਦਾ ਹੈ। ਮਨੁੱਖ ਸਵੈ-ਨਿਰਭਰ ਵਿਚਾਰਸ਼ੀਲ ਹੋਣ ਦੀ ਬਜਾਏ ਪ੍ਰਚਲਿਤ ਵਿਚਾਰਧਾਰਾ ਦਾ ਉਪਭੋਗੀ ਤੇ ਹਿੱਸੇਦਾਰ ਬਣ ਜਾਂਦਾ ਹੈ। ਫਰਾਂਸੀਸੀ ਵਿਦਵਾਨ ਲੁਈ ਆਲਥੂਸੇਅ ਆਪਣੇ ਪ੍ਰਸਿੱਧ ਲੇਖ 'ਵਿਚਾਰਧਾਰਾ ਅਤੇ ਵਿਚਾਰਧਾਰਕ ਸਟੇਟ ਐਪਰੇਟਸ' ਵਿਚ ਲਿਖਦਾ ਹੈ ਕਿ ਵਿਚਾਰਧਾਰਾ ਰਾਹੀਂ ਮਨੁੱਖ ਦਾ ਆਪਣੀਆਂ ਜੀਵਨ ਹਾਲਤਾਂ ਨਾਲ ਕਲਪਿਤ ਰਿਸ਼ਤਾ ਬਣ ਜਾਂਦਾ ਹੈ ਜਿਸ ਵਿਚ ਉਸ ਨੂੰ 'ਸਭ ਅੱਛਾ' ਮਹਿਸੂਸ ਹੁੰਦਾ ਹੈ। ਇਸ ਤਰ੍ਹਾਂ ਵਿਚਾਰਧਾਰਕ ਮਨੁੱਖ ਅਕਸਰ ਮਹਿਸੂਸ ਕਰਦਾ ਹੈ ਕਿ 'ਮੇਰੀ ਤਾਂ ਜੀ ਆਪਣੀ ਸੋਚ ਹੈ', 'ਆਪਣੀ ਵੱਖਰੀ ਵਿਚਾਰਧਾਰਾ ਹੈ', 'ਆਪਾਂ ਤਾਂ ਜੀ ਆਪਣੀ ਮਰਜ਼ੀ ਅਨੁਸਾਰ ਸੋਚਦੇ ਤੇ ਜਿਉਂਦੇ ਹਾਂ' ਆਦਿ। ਪਰ ਅਸੀਂ ਇਸ ਤਰ੍ਹਾਂ ਮਹਿਸੂਸ ਕਰਦਿਆਂ ਤੇ ਵਿਵਹਾਰ ਕਰਦਿਆਂ ਅਕਸਰ ਬਹੁਤੀ ਵਾਰ ਦਮਨਕਾਰੀ ਤੰਤਰ ਦੀ ਹੀ ਪ੍ਰੋੜ੍ਹਤਾ ਕਰ ਰਹੇ ਹੁੰਦੇ ਹਾਂ। ਇਟਾਲੀਅਨ ਫਿਲਾਸਫ਼ਰ ਅੰਤੋਨੀਓ ਗਰਾਮਸ਼ੀ ਆਪਣੀਆਂ ਪਰੀਜ਼ਨ ਨੋਟਬੁਕਸ ਵਿਚ ਲਿਖਦਾ ਹੈ ਕਿ ਦਮਨਕਾਰੀ ਤੰਤਰ 'ਸਿਵਲ ਸਮਾਜ' ਅਤੇ 'ਰਾਜਨੀਤਿਕ ਸਮਾਜ' ਰਾਹੀਂ ਆਪਣਾ ਸ਼ਾਸਨ ਚਲਾਉਂਦਾ ਹੈ। ਸਿਵਲ ਸਮਾਜ ਵਿਚ ਸਾਡਾ ਪਰਿਵਾਰ, ਧਰਮ, ਵਿੱਦਿਅਕ ਸੰਸਥਾਵਾਂ, ਸਭਿਆਚਾਰ ਆਦਿ ਕਾਰਜਸ਼ੀਲ ਹਨ ਅਤੇ ਰਾਜਨੀਤਿਕ ਸਮਾਜ ਵਿਚ ਪ੍ਰਸ਼ਾਸਨਿਕ ਵਿਵਸਥਾ ਜਿਵੇਂ ਪੁਲੀਸ, ਫ਼ੌਜ, ਕਾਨੂੰਨ ਆਦਿ। ਸਿਵਲ ਸਮਾਜ ਵਿਚ ਅਸਿੱਧੇ ਰੂਪ ਵਿਚ ਸਾਡੀ ਬੌਧਿਕਤਾ ਨੂੰ ਖੁੰਢਾ ਕੀਤਾ ਜਾਂਦਾ ਹੈ। ਵਿਅਕਤੀ ਨੂੰ ਅਗਾਂਹਵਧੂ ਮਨੁੱਖ ਦੀ ਥਾਂ ਰੂੜ੍ਹੀਵਾਦੀ ਤੇ ਸੀਮਿਤ ਸਮਝ ਵਾਲਾ ਮਨੁੱਖ ਬਣਨ ਲਈ ਪ੍ਰੇਰਿਆ ਜਾਂਦਾ ਹੈ। ਦਮਨਕਾਰੀ ਰਾਜਨੀਤਿਕ ਸਮਾਜ ਵਿਚ ਸਿੱਧੇ ਦਮਨ ਰਾਹੀਂ ਬੌਧਿਕ ਤੇ ਸਰੀਰਕ ਗੁਲਾਮਾਂ ਨੂੰ ਸਿਰਜਿਆ ਜਾਂਦਾ ਹੈ। ਇੱਥੇ ਇਨ੍ਹਾਂ ਦੋਵੇਂ ਦਮਨਕਾਰੀ ਸਾਧਨਾਂ ਵਿਚ ਇਕ ਵਖਰੇਵਾਂ ਹੈ: ਰਾਜਨੀਤਿਕ ਸਮਾਜ ਵਿਚ ਸਿੱਧਾ ਸਿਸਟਮ ਨੂੰ ਤੁਹਾਡੇ ਉਪਰ ਜ਼ਬਰਦਸਤੀ ਥੋਪਿਆ ਜਾਂਦਾ ਹੈ, ਪਰ ਸਿਵਲ ਸਮਾਜ ਵਿਚ ਤੁਹਾਨੂੰ ਸਹਿਮਤ ਕਰਦਿਆਂ ਚਲਾਕੀ ਨਾਲ ਗੁਲਾਮ ਬਣਾਇਆ ਜਾਂਦਾ ਹੈ।

ਹੁਣ ਦੋ ਮੁੱਖ ਸਵਾਲ ਉੱਭਰਦੇ ਹਨ: ਪਹਿਲਾ, ਜੇਕਰ ਸਾਡੀ ਬੌਧਿਕਤਾ ਇੰਨੀ ਨਿਰਧਾਰਿਤ ਹੈ ਤਾਂ ਕੀ ਸਾਡੇ ਕੋਲ ਸੋਚਣ ਸਮਝਣ ਲਈ ਕੋਈ ਸਪੇਸ ਹੈ? ਦੂਸਰਾ, ਇਹ ਦਮਨਕਾਰੀ ਤੰਤਰ ਕੀ ਹੈ ਤੇ ਕੌਣ ਚਲਾਉਂਦਾ ਹੈ? ਪਹਿਲੇ ਸਵਾਲ ਦਾ ਜਵਾਬ ਤਦ ਹੀ ਮਿਲ ਜਾਂਦਾ ਹੈ ਜਦੋਂ ਅਸੀਂ ਆਪਣੀ ਹੀ ਸੋਚ, ਵਿਚਾਰਧਾਰਾ, ਜਾਂ ਬੌਧਿਕਤਾ ਨੂੰ ਖ਼ੁਦ ਪ੍ਰਸ਼ਨ ਕਰਦੇ ਹਾਂ ਤੇ ਪੜਤਾਲਦੇ ਹਾਂ, ਭਾਵ ਅਸੀਂ ਦਮਨਕਾਰੀ ਹਾਲਾਤ ਵਿਚ ਵੀ ਇਸ ਦੀ ਮਾਰ ਤੋਂ ਬਚਦਿਆਂ ਇਕ ਵਿੱਥ 'ਤੇ ਖੜ੍ਹ ਕੇ ਇਸ ਦਾ ਵਿਸ਼ਲੇਸ਼ਣ ਕਰਦੇ ਹਾਂ (ਇਹ ਲੇਖ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ)। ਇਸ ਤਰ੍ਹਾਂ ਮਨੁੱਖ ਕੋਲ ਇਹ ਵੱਡੀ ਸਮਰੱਥਾ ਹੈ ਕਿ ਉਹ ਮਾੜੀਆਂ ਤੋਂ ਮਾੜੀਆਂ ਜੀਵਨ ਹਾਲਤਾਂ ਵਿਚ ਵੀ ਉਸਾਰੂ ਸਪੇਸ ਸਿਰਜ ਸਕਦਾ ਹੈ।

ਦਮਨਕਾਰੀ ਤੰਤਰ ਸਾਨੂੰ ਅਦਿੱਖ ਤਾਕਤ ਦੇ ਰੂਪ ਵਿਚ ਟੱਕਰਦਾ ਹੈ। ਅਸੀਂ ਅਕਸਰ ਇਸ ਦੀ ਪਛਾਣ ਕਰਨ ਵਿਚ ਧੋਖਾ ਖਾ ਜਾਂਦੇ ਹਾਂ ਤੇ ਅਕਸਰ ਆਪਣਾ ਦੁਸ਼ਮਣ ਕਿਸੇ ਆਪਣੇ ਹੀ ਵਾਂਗ ਵਰਤੇ ਜਾ ਰਹੇ ਮਨੁੱਖ ਨੂੰ ਸਮਝ ਲੈਂਦੇ ਹਾਂ। ਜਿਵੇਂ ਸਾਨੂੰ ਅਕਸਰ ਪ੍ਰਤੀਤ ਹੁੰਦਾ ਹੈ ਕਿ ਛੋਟੀ ਜਿਹੀ ਦੁਕਾਨ ਵਾਲੇ ਨੇ ਸਾਨੂੰ ਲੋੜੀਂਦਾ ਸਾਮਾਨ ਮਹਿੰਗੇ ਮੁੱਲ 'ਤੇ ਵੇਚ ਕੇ ਲੁੱਟ ਲਿਆ ਹੈ। ਅਸਲ ਵਿਚ ਮਿੱਥਕ ਸ਼ਾਹੂਕਾਰ ਦਾ ਜੀਵਨ ਜਿਉਂ ਰਿਹਾ ਇਹ ਛੋਟਾ ਦੁਕਾਨਦਾਰ ਤਾਂ ਖ਼ੁਦ ਸਰਮਾਏਦਾਰ ਉਤਪਾਦਕਾਂ ਦਾ ਗੁਲਾਮ ਹੈ ਜਿਸ ਨੂੰ ਇਕ ਉਤਪਾਦ ਵੇਚਣ ਲਈ ਬਹੁਤ ਹੀ ਨਿਗੂਣਾ ਹਿੱਸਾ ਮਿਲਦਾ ਹੈ ਜਦੋਂਕਿ ਮੋਟਾ ਧਨ ਅਦਿੱਖ ਸਰਮਾਏਦਾਰ ਦੇ ਹਿੱਸੇ ਆਉਂਦਾ ਹੈ। ਸਾਡੇ ਸਾਹਮਣੇ ਸਾਡਾ ਦੁਸ਼ਮਣ ਉਹ ਛੋਟਾ ਦੁਕਾਨਦਾਰ ਹੁੰਦਾ ਹੈ। ਇਸ ਗੱਲ ਨੂੰ ਸਮਝਣ ਲਈ ਮਨੁੱਖੀ ਇਤਿਹਾਸ ਦਾ ਅਧਿਐਨ ਜ਼ਰੂਰੀ ਹੈ।

ਪ੍ਰਜਾਤੀਆਂ ਦੀ ਉਤਪਤੀ ਅਤੇ ਵਿਕਾਸ ਦੇ ਇਤਿਹਾਸ ਬਾਰੇ ਚਾਰਲਸ ਡਾਰਵਿਨ ਦੋ ਮੁੱਖ ਸਿਧਾਂਤ ਦਿੰਦਾ ਹੈ ਕਿ (1) ਵੱਖੋ ਵੱਖ ਜੀਵ ਪ੍ਰਜਾਤੀਆਂ ਇਕ ਤਰ੍ਹਾਂ ਦੇ ਜਾਂ ਇਕ ਤੋਂ ਵੱਧ ਤਰ੍ਹਾਂ ਦੇ ਸਾਂਝੇ ਪੂਰਵਜਾਂ ਤੋਂ ਉਪਜਦੀਆਂ ਹਨ ਅਤੇ (2) ਇਹ ਵਿਕਾਸ ਕੁਦਰਤੀ ਚੋਣ ਵਿਧੀ ਰਾਹੀਂ ਅੱਗੇ ਵਧਦਾ ਹੈ। ਜੀਵ ਪ੍ਰਜਾਤੀਆਂ ਦੀ ਕੁਦਰਤੀ ਚੋਣ ਉਨ੍ਹਾਂ ਦੀ ਪ੍ਰਤੀਯੋਗਤਾ ਤੇ ਜੀਵਨ ਬਣਾਏ ਰੱਖਣ ਦੀ ਸਮਰੱਥਾ ਨੂੰ ਵਧਾਉਂਦੀ ਹੈ ਅਤੇ ਨਾਲ ਨਾਲ ਉਸ ਨੂੰ ਪੁਨਰ-ਉਤਪਾਦਿਤ ਵੀ ਕਰਦੀ ਹੈ। ਜਿਨ੍ਹਾਂ ਪ੍ਰਜਾਤੀਆਂ ਨੇ



ਚੋਣ ਰਾਹੀਂ ਜੀਵਨ ਲਈ ਸੰਘਰਸ਼ ਕੀਤਾ ਉਨ੍ਹਾਂ ਦਾ ਜੀਵਨ ਬਣਿਆ ਰਿਹਾ ਤੇ ਉਨ੍ਹਾਂ ਵਿਚ ਗੁਣਾਤਮਕ ਤੇ ਗਿਣਾਤਮਕ ਵਾਧਾ ਹੋਇਆ। ਇਨ੍ਹਾਂ ਵਿਚੋਂ ਮਨੁੱਖ ਪ੍ਰਮੁੱਖ ਹੈ। ਮਨੁੱਖ ਦਾ ਸਰੀਰਕ ਤੇ ਬੌਧਿਕ ਵਿਕਾਸ ਉਸ ਨੂੰ ਹੋਰ ਕੁਦਰਤੀ ਜੀਵਾਂ ਤੋਂ ਨਿਖੇੜਦਾ ਗਿਆ। ਫਿਰ ਔਜ਼ਾਰ ਤੇ ਉਤਪਾਦਨ ਦਾ ਵਿਕਾਸ ਹੋਇਆ। ਉਤਪਾਦਨ ਦੇ ਨਾਲ ਨਾਲ ਵਾਧੂ ਉਤਪਾਦਨ ਤੇ ਫਿਰ ਨਿੱਜੀ ਜਾਇਦਾਦ ਦਾ ਮਸਲਾ ਉਭਰਦਾ ਹੈ। ਇੱਥੋਂ ਹੀ ਦਮਨਕਾਰੀ ਤੰਤਰ ਤੇ ਅਸਮਾਨਤਾ ਦਾ ਮੁੱਢ ਬੱਝਦਾ ਹੈ। ਇਸ ਸਾਰੇ ਵਿਕਾਸ ਬਾਰੇ ਬਹੁਤ ਸਾਰੇ ਅਧਿਐਨ ਸਾਨੂੰ ਪੜ੍ਹਨ ਤੇ ਸਮਝਣ ਲਈ ਮਿਲਦੇ ਹਨ ਜਿਨ੍ਹਾਂ ਵਿਚੋਂ ਜਰਮਨ ਫਿਲਾਸਫ਼ਰ ਫਰੈਡਰਿਕ ਏਂਗਲਜ਼ ਦੀ ਪਰਿਵਾਰ, ਨਿੱਜੀ ਜਾਇਦਾਦ ਤੇ ਸਟੇਟ ਦੀ ਉਤਪਤੀ ਅਤੇ ਜਾਰਜ ਥਾਮਸਨ ਦੀ ਮਨੁੱਖੀ ਤੱਤ ਮਹੱਤਵਪੂਰਨ ਕਿਤਾਬਾਂ ਹਨ। ਫਿਰ ਇਸ ਤਰ੍ਹਾਂ ਸਰਮਾਏਦਾਰ ਵਰਗ ਵੱਲੋਂ ਆਪਣੀ ਇਜ਼ਾਰੇਦਾਰੀ ਬਣਾ ਕੇ ਰੱਖਣ ਲਈ ਸਮੇਂ ਸਮੇਂ ਉਪਰ ਨਵੇਂ ਤੋਂ ਨਵੇਂ ਔਜ਼ਾਰ ਘੜੇ ਜਾਂਦੇ ਹਨ। ਇਸ ਸਾਰੇ ਵਰਤਾਰੇ ਨੂੰ ਆਮ ਮਨੁੱਖੀ ਪੱਧਰ ਉੱਪਰ ਕਿਵੇਂ ਸਮਝਿਆ ਜਾਵੇ ਤੇ ਕਿਵੇਂ ਨਿਸ਼ਚਿਤ ਕੀਤਾ ਜਾਵੇ ਕਿ ਚੰਗਾ ਜੀਵਨ ਕੀ ਹੈ, ਕਿਵੇਂ ਪ੍ਰਾਪਤ ਕਰਨਾ ਹੈ ਤੇ ਕਿਵੇਂ ਜੀਣਾ ਹੈ। ਜਾਰਜ ਥਾਮਸਨ ਆਪਣੀ ਉਪਰੋਕਤ ਕਿਤਾਬ ਵਿਚ ਲਿਖਦਾ ਹੈ ਕਿ ਮਨੁੱਖੀ ਇਤਿਹਾਸ ਵਿਚ ਬਾਂਦਰ ਦੇ ਮਨੁੱਖ ਵਿਚ ਵਟ ਜਾਣ ਨਾਲੋਂ ਵੱਧ ਕੋਈ ਵੀ ਹੋਰ ਮਹੱਤਵਪੂਰਨ ਘਟਨਾ ਨਹੀਂ ਹੈ। ਜੇਕਰ ਅਸੀਂ ਗੱਲ ਨੂੰ ਹੋਰ ਅੱਗੇ ਤੋਰੀਏ ਤਾਂ ਅਗਲੇਰੇ ਪੜਾਅ ਵਿਚ ਆਖਿਆ ਜਾ ਸਕਦਾ ਹੈ ਕਿ ਸਵੈ-ਨਿਰਭਰ, ਸੁਤੰਤਰ ਤੇ ਉਸਾਰੂ ਸੋਚ ਮਨੁੱਖ ਦੇ ਹਿੱਸੇ ਆਉਣਾ ਅਗਲੀ ਮਹੱਤਵਪੂਰਨ ਤੇ ਕ੍ਰਾਂਤੀਕਾਰੀ ਪ੍ਰਾਪਤੀ ਹੈ। ਇਹ ਵੀ ਸਰਬ-ਵਿਆਪੀ ਸੱਚ ਹੈ ਕਿ ਇਸ ਵਿਚ ਵਿੱਦਿਆ ਦੀ ਅਹਿਮ ਭੂਮਿਕਾ ਹੈ ਅਤੇ ਨਾਲੋ ਨਾਲ ਮਨੁੱਖ ਨੂੰ ਗੁਮਰਾਹ ਕਰਨ ਵਿਚ ਅਵਿੱਦਿਆ ਦੀ। ਵਿੱਦਿਆ ਕੇਵਲ ਉਹ ਨਹੀਂ ਹੁੰਦੀ ਜੋ ਤੁਹਾਨੰ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਸਿਲੇਬਸ ਵਿਚ ਪੜ੍ਹਨ ਨੂੰ ਮਿਲਦੀ ਹੈ। ਇਸ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਗਹਿਰੇ ਚਿੰਤਨ ਦੀ ਲੋੜ ਹੈ।

ਵਿੱਦਿਆ ਇਸ ਸਵਾਲ ਨੂੰ ਮੁਖਾਤਿਬ ਹੁੰਦੀ ਹੈ ਕਿ ਜੀਵਨ ਕੀ ਹੈ ਤੇ ਇਸ ਨੂੰ ਜਿਉਣ ਜੋਗਾ ਤੇ ਹੋਰ ਬਿਹਤਰ ਕਿਵੇਂ ਬਣਾਉਣਾ ਹੈ। ਇਸ ਤਰ੍ਹਾਂ ਇਹ ਸਾਨੂੰ ਜਿਉਣਾ ਸਿਖਾਉਂਦੀ ਹੈ। ਪਰ ਜਿਉਣਾ ਸਿੱਖਣ ਤੋਂ ਪਹਿਲਾਂ ਸਾਨੂੰ ਉਹ ਸਭ ਭੁੱਲਣਾ ਪਵੇਗਾ ਜੋ ਸਾਨੂੰ ਜੀਵਨ ਫ਼ਲਸਫ਼ੇ ਤੋਂ ਦੂਰ ਲੈ ਕੇ ਜਾਂਦਾ ਹੈ।

ਹੁਣ ਸਵਾਲਾਂ ਦੀ ਲੜੀ ਸ਼ੁਰੂ ਹੁੰਦੀ ਹੈ। ਵਿੱਦਿਆ ਦੇ ਨਾਂ ਉਪਰ ਜੋ ਸਾਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਜਾਂਦਾ ਹੈ, ਕੀ ਉਹ ਵਿੱਦਿਆ ਹੈ? ਕੀ ਉਹ ਸਿਹਤਮੰਦ ਮਨੁੱਖੀ ਜੀਵਨ ਦੀਆਂ ਲੋੜਾਂ ਅਨੁਸਾਰ ਹੈ? ਕਿਤੇ ਉਹ ਮਨੁੱਖੀ ਸਮਰੱਥਾਵਾਂ ਨੂੰ ਸੀਮਿਤ ਅਤੇ ਗੁਮਰਾਹ ਤਾਂ ਨਹੀਂ ਕਰ ਰਿਹਾ? ਕੀ ਉਹ ਉਸਾਰੂ ਜੀਵਨ ਜਾਚ ਵੱਲ ਪ੍ਰੇਰਿਤ ਕਰਦਾ ਹੈ? ਇਹ ਬਹੁਤ ਹੀ ਮੁੱਢਲੇ ਅਤੇ ਜ਼ਰੂਰੀ ਪ੍ਰਸ਼ਨ ਹਨ ਭਾਵੇਂ ਕਿ ਇਸ ਤੋਂ ਪਿੱਛੇ ਵੀ ਸਵਾਲਾਂ ਦੀ ਇੱਕ ਅੰਤਹੀਣ ਲੜੀ ਲਟਕ ਰਹੀ ਹੈ ਜਿਵੇਂ ਸਿਲੇਬਸ ਕਿਵੇਂ ਨਿਰਧਾਰਿਤ ਹੁੰਦਾ ਹੈ? ਉਸ ਦਾ ਤਤਕਰਾ ਕੀ ਹੈ? ਉਸ ਵਿਚ ਖ਼ਾਸ ਤਰ੍ਹਾਂ ਦੀਆਂ ਰਚਨਾਵਾਂ ਨੂੰ ਹੀ ਵਧੇਰੇ ਮਹੱਤਤਾ ਕਿਉਂ ਦਿੱਤੀ ਜਾਂਦੀ ਹੈ? ਪ੍ਰੀਖਿਆ ਪ੍ਰਣਾਲੀ ਕਿਵੇਂ ਕਾਰਜ ਕਰਦੀ ਹੈ? ਮਨੁੱਖੀ ਜੀਵਨ ਤੋਂ ਹਟ ਕੇ ਖ਼ਾਸ ਤਰ੍ਹਾਂ ਦੇ ਮਹਿੰਗੇ ਪ੍ਰੋਫੈਸ਼ਨਲ/ਟੈਕਨੀਕਲ ਕੋਰਸਾਂ ਉਪਰ ਵਧੇਰੇ ਜ਼ੋਰ ਕਿਉਂ ਦਿੱਤਾ ਜਾਂਦਾ ਹੈ, ਆਦਿ। ਇਨ੍ਹਾਂ ਸਾਰੇ ਸਵਾਲਾਂ ਦੇ ਪਨਪਣ ਪਿੱਛੇ ਵੱਡਾ ਕਾਰਨ ਹੈ। ਉਹ ਕਾਰਨ ਹੈ ਦਮਨਕਾਰੀ ਤੰਤਰ ਦੁਆਰਾ ਵਿੱਦਿਆ ਦੇ ਖੇਤਰ ਵਿਚ ਘੁਸਪੈਠ ਅਤੇ ਮਨੁੱਖ ਦੀ ਵਿੱਦਿਆ ਦੇ ਨਾਂ ਹੇਠ ਹੋ ਰਹੀ ਬੌਧਿਕ ਲੁੱਟ।

ਮੌਜੂਦਾ ਸਿੱਖਿਆ ਤੰਤਰ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਹੁਣ ਸਿੱਖਿਆ ਉਸਾਰੂ ਹੋਣ ਦੀ ਬਜਾਇ ਬਾਜ਼ਾਰੂ ਬਣਦੀ ਜਾ ਰਹੀ ਹੈ। ਲੋਕਾਂ ਨੂੰ ਇਸ ਦੀ ਪ੍ਰਾਪਤੀ ਲਈ ਮਹਿੰਗਾ ਆਰਥਿਕ ਤੇ ਬੌਧਿਕ ਮੁੱਲ ਤਾਰਨਾ ਪੈਂਦਾ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ ਭਾਵੇਂ ਹਰ ਚੁਰਾਹੇ 'ਤੇ ਖੁੱਲ੍ਹ ਗਏ ਹਨ, ਪਰ ਇਨ੍ਹਾਂ ਵਿਚ ਪੜ੍ਹਨਾ ਗ਼ਰੀਬ ਤੇ ਮੱਧਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਨਾਲੋ ਨਾਲ ਦਿੱਤੀ ਜਾ ਰਹੀ ਸਿੱਖਿਆ ਉਸਾਰੂ ਜੀਵਨ-ਜਾਚ ਦੀ ਬਜਾਇ ਬਾਜ਼ਾਰਵਾਦ ਹੇਠ ਬੌਧਿਕਤਾ ਤੋਂ ਊਣੇ ਕਿਰਤੀ ਵਰਗ ਦੀ ਪੈਦਾਵਾਰ ਉਪਰ ਕੇਂਦਰਿਤ ਹੈ। ਅਸੀਂ ਵਿੱਦਿਆ ਤੋਂ ਅਵਿੱਦਿਆ ਵੱਲ ਵਧ ਰਹੇ ਹਾਂ। ਸਿੱਖਿਆ ਵਪਾਰ ਬਣ ਰਹੀ ਹੈ, ਵਿਦਿਆਰਥੀ ਕੇਵਲ ਖਪਤਕਾਰ ਬਣਦਾ ਜਾ ਰਿਹਾ ਹੈ, ਅਤੇ ਦਮਨਕਾਰੀ ਤੰਤਰ ਅਕਾਦਮਿਕ ਅਮਲੇ ਨੂੰ ਆਪਣੇ ਹਿੱਤਾਂ ਲਈ ਮੋਹਰੇ ਵਜੋਂ ਵਰਤ ਰਿਹਾ ਹੈ। ਸਿੱਖਿਆ ਦੇ ਨਾਂ ਉਪਰ ਥਾਂ ਥਾਂ 'ਤੇ ਖੁੱਲ੍ਹ ਰਹੀਆਂ ਦੁਕਾਨਦਾਰੀਆਂ ਇਸ਼ਤਿਹਾਰਬਾਜ਼ੀ ਰਾਹੀਂ ਲੋਕਾਂ ਨੂੰ ਖੁਸ਼ਹਾਲ ਜ਼ਿੰਦਗੀ ਦੀ ਮਿੱਥ ਵੇਚ ਰਹੀਆਂ ਹਨ। ਇਕ ਪਾਸੇ ਅਧਿਆਪਕਾਂ ਨੂੰ ਨਿਗੂਣੀਆਂ ਤਨਖ਼ਾਹਾਂ ਤੇ ਕੱਚੇ ਤੌਰ ਉਪਰ ਜਾਂ ਕੇਵਲ ਮੁੱਢਲੀ ਤਨਖ਼ਾਹ ਉਪਰ ਭਰਤੀ ਕਰ ਕੇ ਉਨ੍ਹਾਂ ਦੀ ਸਰੀਰਕ, ਮਾਨਸਿਕ ਤਬਾਹੀ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਆਮ ਲੋਕਾਂ ਵਿਚ ਉਨ੍ਹਾਂ ਨੂੰ ਵਿਹਲੜ ਤੇ ਭ੍ਰਿਸ਼ਟ ਗਰਦਾਨਦਿਆਂ ਇਕ ਪੜ੍ਹੇ-ਲਿਖੇ ਵਰਗ, ਜੋ ਸੋਹਣਾ ਸਮਾਜ ਸਿਰਜ ਸਕਦਾ ਹੈ, ਤੇ ਸਾਧਾਰਨ ਸਮਾਜ ਵਿਚ ਪਾੜਾ ਸਿਰਜ ਕੇ ਬੌਧਿਕ ਨਿਘਾਰ ਨੂੰ ਦਿਨ ਪ੍ਰਤੀ ਦਿਨ ਹੋਰ ਡੂੰਘਾ, ਤੇਜ਼ ਅਤੇ ਵਿਆਪਕ ਕੀਤਾ ਜਾ ਰਿਹਾ ਹੈ। ਮਨੁੱਖਤਾ ਨੂੰ ਅਜਿਹੇ ਤਾਕਤਵਰ ਤੰਤਰ ਤੋਂ ਬਚਾਉਣ ਦੀ ਲੋੜ ਹੈ ਜੋ ਮਨੁੱਖਾਂ ਨੂੰ ਵੀ ਵਸੀਲਿਆਂ ਵਜੋਂ ਦੇਖਦਾ ਹੈ। ਇਸ ਉਪਰਾਲੇ ਲਈ ਵਿਸ਼ਵ-ਪੱਧਰ ਉੱਪਰ ਵਿਦਿਆਰਥੀਆਂ, ਅਧਿਆਪਕਾਂ ਅਤੇ ਚਿੰਤਕਾਂ ਵੱਲੋਂ ਵੱਡਾ ਸੰਘਰਸ਼ ਵਿੱਢਣ ਦੀ ਲੋੜ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਸ. ਦੀਦਾਰ ਸਿੰਘ ਬੈਂਸ
(2) ਅਵਤਾਰ ਸਿੰਘ ਸਹੋਤਾ
(3) ਗੈਰੀ ਬਸਰਾਏ
(4) ਹਰਦੀਪ ਸਿੰਘ ਢਾਡਲੀ
(5) ਬਲਬੀਰ ਸਿੰਘ ਸੋਹਲ
(6) ਗੁਰਨਾਮ ਸਿੰਘ ਪੰਮਾ
(7) ਦਲਵੀਰ ਸਿੰਘ ਗਿੱਲ
(8) ਗੁਰਮੇਜ ਸਿੰਘ ਗਿੱਲ
(9) ਸੁਖਰਾਜ ਸਿੰਘ ਢਿੱਲੋਂ
(10) ਡਾ. ਚਰਨਜੀਤ ਸਿੰਘ ਉਪਲ
(11) ਕੁਲਦੀਪ ਸਿੰਘ ਅਟਵਾਲ
(12) ਸੁਰਜੀਤ ਸਿੰਘ ਅਟਵਾਲ
(13) ਬਘੇਲ ਸਿੰਘ ਜਸਵਾਲ
(14) ਗੁਰਵਿੰਦਰ ਸਿੰਘ ਮਾਵੀ
(15) ਡਾ ਦਲਵੀਰ ਪੰਨੂ
(16) ਡਾ. ਹਰਮੇਸ਼ ਕੁਮਾਰ
(17) ਸੁਰਿੰਦਰ ਸਿੰਘ ਧਨੋਆ
(18) ਅਵਤਾਰ ਸਿੰਘ ਤਾਰੀ
(19) ਕਸ਼ਮੀਰ ਸਿੰਘ ਧੁੱਗਾ
(20) ਅਮੋਲਕ ਸਿੰਘ ਗਾਖਲ
(21) ਹਰਨੇਕ ਸਿੰਘ ਅਟਵਾਲ
(22) ਬਲਦੇਵ ਸਿੰਘ ਮਾਨ
(23) ਸ੍ਰੀ ਸੁੱਚਾ ਰਾਮ ਜੀ
(24) ਜੌਹਨ ਸਿੰਘ ਗਿੱਲ
(25) ਉਂਕਾਰ ਸਿੰਘ ਸੈਣੀ
(26) ਕੁਲਵੰਤ ਸਿੰਘ ਨਿਜਰ
(27) ਸੁਖਵੀਰ ਸਿੰਘ ਨਿਜਰ
(28) ਹੈਰੀ ਸਿੱਧੂ
(29) ਜਸਵੀਰ ਸਿੰਘ ਕੁਲਾਰ
(30) ਰਾਜ ਬਡਵਾਲ
(31) ਕਮਲਜੀਤ ਸਿੰਘ ਅਟਵਾਲ
(32) ਡਾ. ਭੁਪਿੰਦਰ ਭੰਡਾਰੀ
(33) ਅਜੈਬ ਸਿੰਘ ਮੱਲੀ
(34) ਹਰਜੀਤ ਗਿੱਲ
(35) ਸਰਬਜੀਤ ਸਿੰਘ ਸਾਬੀ
(36) ਕੁਲਦੀਪ ਸਿੰਘ ਸਹੋਤਾ (ਡੀਪੀਈ)

# ਲੋਕਤੰਤਰ ਨੂੰ ਕੁਰਾਹੇ ਪਾਉਣ ਦੀਆਂ ਕੋਝੀਆਂ ਚਾਲਾਂ

**ਗੁਰਦੀਪ ਸਿੰਘ ਢੁੱਡੀ**

ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਉੱਤੇ ਆਪਣਾ ਰਾਜਭਾਗ ਕਾਇਮ ਕੀਤਾ। ਪਹਿਲੀਆਂ ਵਿਚ ਅੰਗਰੇਜ਼ਾਂ ਦਾ ਮਕਸਦ ਭਾਰਤ ਨੂੰ ਮੰਡੀ ਸਮਝਦਿਆਂ ਇੱਥੇ ਆਪਣਾ ਬਣਾਇਆ ਮਾਲ ਵੇਚ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਸੀ। ਜਦੋਂ ਉਨ੍ਹਾਂ ਨੇ ਭਾਰਤ ਵਿਚ ਮਿਲਦਾ ਕੱਚਾ ਮਾਲ ਦੇਖਿਆ ਤਾਂ ਉਨ੍ਹਾਂ ਨੂੰ ਆਪਣੇ ਵਪਾਰ ਵਾਸਤੇ ਇਹ ਜਗ੍ਹਾ ਸਾਜ਼ਗਾਰ ਮੰਡੀ ਜਾਪੀ। ਭਾਰਤੀ ਲੋਕਾਂ ਦੇ ਧਰਮ-ਕਰਮ ਅਨੁਸਾਰ ਜੀਵਨ ਜਿਉਣ ਨੂੰ ਕਮਜ਼ੋਰੀ ਵਜੋਂ ਦੇਖਦਿਆਂ ਅੰਗਰੇਜ਼ਾਂ ਨੂੰ ਆਪਣੇ ਧਰਮ (ਈਸਾਈ) ਨੂੰ ਪ੍ਰਫੁਲਿਤ ਕਰਨ ਦਾ ਵੀ ਭਾਰਤ ਇਕ ਸਥਾਨ ਬਣਦਾ ਜਾਪਿਆ। ਇਨ੍ਹਾਂ ਕਾਰਨਾਂ ਕਰ ਕੇ ਅੰਗਰੇਜ਼ਾਂ ਨੇ ਭਾਰਤ ਵਿਚ ਰਾਜਸੀ ਸ਼ਕਤੀ ਹਥਿਆਉਣ ਲਈ ਯਤਨ ਤੇਜ਼ ਕਰ ਦਿੱਤੇ। ਭਾਰਤੀ ਰਾਜਸ਼ਕਤੀ ਦੇ ਖੇਰੂੰ ਖੇਰੂੰ ਹੋਣ, ਮਨੁੱਖਾਂ ਦੀ ਕ੍ਰਮ ਅਨੁਸਾਰ ਵੰਡ ਹੋਣ, ਦੇਸੀ ਰਾਜਿਆਂ ਦੀ ਗੁਲਾਮੀ ਕਰ ਕੇ ਅੰਗਰੇਜ਼ਾਂ ਦੇ ਇਨ੍ਹਾਂ ਯਤਨਾਂ ਨੂੰ ਜਲਦੀ ਹੀ ਬੂਰ ਪੈਣਾ ਸ਼ੁਰੂ ਹੋ ਗਿਆ। ਭਾਰਤੀ ਰਿਆਸਤਾਂ ਦੇ ਰਾਜਿਆਂ ਦੀਆਂ ਆਮ ਕਮਜ਼ੋਰੀਆਂ ਕਾਰਨ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਲੜਾਈਆਂ ਵਿਚ ਅਸਾਨੀ ਨਾਲ ਹਰਾ ਕੇ ਇੱਥੇ ਆਪਣਾ ਰਾਜਭਾਗ ਕਾਇਮ ਕਰ ਲਿਆ। ਇਸ ਤੋਂ ਬਾਅਦ ਅੰਗਰੇਜ਼ਾਂ ਨੂੰ ਭਾਰਤ ਵਿਚ ਮੰਡੀ ਮੁਨਾਫ਼ੇ ਅਤੇ ਧਾਰਮਿਕ ਪ੍ਰਚਾਰ ਦੇ ਨਾਲ ਹੀ ਲੋਕਾਂ ਤੋਂ ਉਨ੍ਹਾਂ ਦੀ ਆਪਣੀ ਮਰਜ਼ੀ ਦੇ ਕਿੱਤੇ ਅਤੇ ਰਹਿਣ-ਸਹਿਣ ਦੀ ਆਜ਼ਾਦੀ ਖੋਹਣ ਦੀ ਬਾਦਸ਼ਾਹਤ ਵੀ ਮਿਲ ਗਈ। ਇਸੇ ਨਾਲ ਹੀ ਭਾਰਤ ਅੰਗਰੇਜ਼ੀ ਸਾਮਰਾਜ ਦਾ ਅੰਗ ਬਣ ਗਿਆ। ਉਨ੍ਹਾਂ ਨੇ ਇੱਥੇ ਦਮਨਕਾਰੀ ਨੀਤੀਆਂ ਲਾਗੂ ਕਰਨੀਆਂ ਆਰੰਭ ਕਰ ਦਿੱਤੀਆਂ।

ਇਨ੍ਹਾਂ ਦਮਨਕਾਰੀ ਨੀਤੀਆਂ ਵਿਚੋਂ ਇਕ ਕਿਸਾਨਾਂ ਤੋਂ ਉਨ੍ਹਾਂ ਦਾ ਕਿੱਤਾ ਖੋਹਣਾ ਅਤੇ ਹੋਂਦ ਮਿਟਾਉਣੀ ਸੀ। ਇੱਥੇ ਹੀ ਸਮਝੋ ਉਨ੍ਹਾਂ ਦੇ ਵਿਰੋਧ ਦੀ ਸ਼ੁਰੂਆਤ ਵੀ ਹੋ ਗਈ। ਰਹਿੰਦੀ ਕਸਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ ਹਾਕਮ ਦੁਆਰਾ ਕਿਸਾਨ ਵਿਰੋਧੀ ਕਾਨੂੰਨ ਲਿਆਉਣ ਨਾਲ ਪੂਰੀ ਹੋ ਗਈ। ਫ਼ਲਸਰੂਪ ਭਾਰਤ ਦੇ ਬਹੁਤੇ ਹਿੱਸਿਆਂ ਵਿਚ ਕਿਸਾਨ ਅੰਦੋਲਨ ਭਖਵੇਂ ਰੂਪ ਵਿਚ ਉਠੇ ਜਿਨ੍ਹਾਂ ਨੇ ਭਾਰਤੀ ਲੋਕਾਂ ਵਿਚ ਦੇਸ਼ ਦੀ ਆਜ਼ਾਦੀ ਜਾਂ ਕਹੀਏ ਅੰਗਰੇਜ਼ੀ ਰਾਜ ਦੀ ਸਮਾਪਤੀ ਲਈ ਚਿਣਗ ਪੈਦਾ ਕਰ ਦਿੱਤੀ। ਸਿੱਟੇ ਵਜੋਂ 1947 ਵਿਚ ਭਾਰਤ ਆਜ਼ਾਦ ਹੋ ਗਿਆ ਅਤੇ ਹਕੂਮਤ ਦੀ ਡੋਰ ਭਾਰਤੀ ਲੋਕਾਂ ਦੇ ਹੱਥ ਆ ਗਈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤ ਦਾ ਸੰਵਿਧਾਨ ਹੋਂਦ ਵਿਚ ਆਇਆ ਅਤੇ 1950 ਵਿਚ ਭਾਰਤ ਲੋਕਤੰਤਰੀ ਦੇਸ਼ ਬਣ ਗਿਆ।

ਭਾਰਤੀ ਸੰਵਿਧਾਨ ਨੇ ਦੇਸ਼ ਦੀ ਜਨਤਾ ਨੂੰ ਏਨਾ ਤਾਕਤਵਰ ਬਣਾ ਦਿੱਤਾ ਕਿ ਭਾਰਤ ਦੇ 18 ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕ ਸਥਾਨਕ ਸੰਸਥਾਵਾਂ ਤੋਂ ਲੈ ਕੇ ਪਾਰ-ਲੀਮੈਂਟ ਦੇ ਮੈਂਬਰਾਂ ਤੱਕ ਦੀ ਚੋਣ ਕਰਦੇ ਹਨ। ਇਸ ਚੋਣ ਸਦਕਾ ਸਰਪੰਚ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਦੇ ਚੁਣੇ ਹੋਏ ਸਿਆਸੀ ਲੋਕ ਆਪੋ-ਆਪਣੀਆ ਥਾਵਾਂ ਦੇ ਪ੍ਰਧਾਨ/ਅਹੁਦੇਦਾਰ ਆਪਣੇ ਆਪ ਨੂੰ ਲੋਕ ਸੇਵਕ ਸਮਝਿਆ ਕਰਦੇ ਸਨ ਜਦੋਂ ਕਿ ਹੌਲੀ ਹੌਲੀ ਇਹੀ ਲੋਕ ਸੇਵਕ ਹਾਕਮਾਂ ਵਿਚ ਤਬਦੀਲ ਹੋਣ ਲੱਗ ਪਏ। ਇਸੇ ਹਾਕਮੀ ਸੋਚ ਵਿਚੋਂ ਪਹਿਲੀਆਂ ਵਿਚ 1975 ਦੀ ਦੇਸ਼ ਭਰ ਵਿਚ ਲੱਗੀ ਐਮਰਜੈਂਸੀ ਹੋਂਦ ਵਿਚ ਆਈ ਜਿਸ ਰਾਹੀਂ ਦੇਸ਼ ਦੇ ਲੋਕਾਂ ਦੇ ਸੰਵਿਧਾਨਕ ਹੱਕ ਖੋਹਣ ਦੇ ਯਤਨ ਕੀਤੇ ਗਏ। ਇਸ ਐਮ-ਰਜੈਂਸੀ ਦਾ ਜਨਤਕ ਵਿਰੋਧ ਹੋਇਆ ਅਤੇ ਇਸ ਐਮਰਜੈਂਸੀ ਦੇ ਖ਼ਾਤਮੇ ਪਿੱਛੋਂ ਦੇਸ਼ ਵਿਚ ਹੋਈਆਂ ਲੋਕ ਸਭਾ ਦੀਆਂ ਆਮ ਚੋਣਾਂ ਵਿਚ ਲੋਕਾਂ ਨੇ ਲੋਕਤੰਤਰੀ ਪ੍ਰਣਾਲੀ ਰਾਹੀਂ ਰਾਜ ਪਲਟਾ ਕਰ ਦਿੱਤਾ। ਉਸ ਤੋਂ ਬਾਅਦ ਵਾਹਵਾ ਸਮਾਂ ਰਾਜਭਾਗ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਤਰ੍ਹਾਂ ਚੱਲਦਾ ਰਿਹਾ। ਵਿਚ ਵਿਚ ਸੰਘੀ ਢਾਂਚੇ ਦੀ ਰਵਾਇਤ ਦੇ ਉਲਟ ਸੂਬਿਆਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਆਸੀ ਚਾਲ ਚੱਲੀ ਜਾਂਦੀ ਰਹੀ, ਫਿਰ ਵੀ ਲੋਕਤੰਤਰ ਠੀਕ-ਠਾਕ ਚੱਲਦਾ ਰਿਹਾ। ਫਿਰ



2014 ਤੋਂ ਜਨਤਾ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਆਇਆ ਰਾਜ ਦਮਨਕਾਰੀ ਦਾ ਵਿਕਰਾਲ ਰੂਪ ਲੈ ਕੇ ਦੇਸ਼ ਵਿਚ ਆਇਆ ਅਤੇ ਇਹ ਅੱਜ ਤੱਕ ਨਿਰੰਤਰ ਜਾਰੀ ਹਨ। ਅੱਖ ਦੇ ਫ਼ੋਰ ਵਿਚ ਨੋਟਬੰਦੀ ਲਾਗੂ ਕੀਤੀ ਗਈ, ਭਾਰਤ ਦੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਲਾ ਜੀਐੱਸਟੀ ਹੋਂਦ ਵਿਚ ਆਇਆ, ਸੰਵਿਧਾਨ ਦੀ ਉਲੰਘਣਾ ਕਰਦਿਆਂ ਕਾਨੂੰਨ ਰਾਹੀਂ ਜੰਮੂ ਕਸ਼ਮੀਰ ਦੇ ਟੋਟੇ ਟੋਟੇ ਕੀਤੇ ਗਏ ਅਤੇ ਧਾਰਾ 370 ਦੀ ਸਮਾਪਤ ਕੀਤੀ ਗਈ, ਨਾਗਰਿਕਤਾ ਸਬੰਧੀ ਕਾਨੂੰਨ ਲਿਆ ਕੇ ਅਸਿੱਧੇ ਤੌਰ ਤੇ ਇਸਲਾਮ ਧਰਮ ਦੇ ਮੰਨਣ ਵਾ-ਲਿਆਂ ਨੂੰ ਭਾਰਤ ਤੋਂ ਬਾਹਰ ਕੱਢਣ ਦੇ ਮਨਸੂਬੇ ਘੜੇ ਗਏ, ਤਿੰਨ ਤਲਾਕ ਅਤੇ ਵਿਆਹ ਸਬੰਧੀ ਔਰਤ ਦੀ ਆਜ਼ਾਦੀ ਦੀ ਆੜ ਵਿਚ ਧਾਰਮਿਕਤਾ ਤੇ ਹਮਲਾ ਕਰਨ ਵਾਲੇ ਕਾਨੂੰਨ, ਨੌਜਵਾਨਾਂ ਤੇ ਵਿਆਹ ਸਬੰਧੀ ਧਾਰਮਿਕਤਾ ਦੀ ਕੱਟੜਤਾ ਵਾਲਾ ਕਾਨੂੰਨ, ਭਾਰਤ ਦੀ ਨਵੀਂ ਸਿੱਖਿਆ ਨੀਤੀ ਦੀ ਆੜ ਵਿਚ ਹਿੰਦੂ ਧਰਮ ਪ੍ਰਤੀ ਉਲਾਰ ਨੀਤੀ ਵਾਲੀਆਂ ਧਾਰਾਵਾਂ ਨੂੰ ਸਿੱਖਿਆ ਸੰਸਥਾਵਾਂ ਵਿਚ ਲਾਗੂ ਕਰਨਾ ਆਦਿ ਇਸ ਸਰਕਾਰ ਦੀਆਂ ਨੀਤੀਆਂ ਦਾ ਹਿੱਸਾ ਬਣੇ ਹਨ। ਦੇਖਿਆ ਜਾਵੇ ਤਾਂ ਕੇਵਲ ਚਾਰ ਘੰਟਿਆਂ ਦੇ ਵਕਫ਼ੇ ਵਿਚ ਲੌਕਡਾਊਨ ਦਾ ਐਲਾਨ ਕਰਨਾ ਵੀ ਹਕੂਮਤੀ ਸੋਚ ਦਾ ਹੀ ਹਿੱਸਾ ਸੀ।

ਅੰਗਰੇਜ਼ਾਂ ਦੇ ਭਾਰਤ ਵਿਚ ਆਪਣਾ ਰਾਜਭਾਗ ਕਾਇਮ ਕਰਨ ਸਮੇਂ ਜਿੱਥੇ ਸਿਆਸੀ ਸ਼ਕਤੀ ਕੰਮ ਕਰਦੀ ਸੀ, ਉੱਥੇ ਵਪਾਰਕ ਅਤੇ ਧਾਰਮਿਕ ਮਨਸ਼ਾ ਵੀ ਇਸ ਦਾ ਹਿੱਸਾ ਸਨ, ਹੁਣ ਜਦੋਂ ਭਾਰਤ ਆਜ਼ਾਦ ਹੈ ਤਾਂ ਕਿਹਾ ਜਾਂਦਾ ਹੈ ਕਿ ਇੱਥੇ ਮਜ਼ਬੂਤ ਲੋਕਤੰਤਰ ਕੰਮ ਕਰ ਰਿਹਾ ਹੈ ਤਾਂ ਸਾਡੇ ਵਰਤਮਾਨ ਹਾਕਮਾਂ ਦੇ ਸਿਰ ਤੇ ਵੀ ਅਗਰੇਜ਼ ਹਾਕਮਾਂ ਵਾਲਾ ਭੂਤ ਹੀ ਸਵਾਰ ਹੋ ਗਿਆ ਜਾਪਦਾ ਹੈ। ਆਰ ਐੱਸ ਐੱਸ ਦੀ ਸੋਚ ਹਿੰਦੂ ਧਰਮ ਦੇ ਫ਼ੈਲਾਓ ਵਾਲੀ ਸੀ। ਭਾਰਤੀ ਲੋਕਤੰਤਰ ਦੀ ਤੋਰ ਦੇਖਦਿਆਂ ਆਰਐੱਸਐੱਸ ਨੇ ਵੀ ਜਲਦੀ ਹੀ ਭਾਂਪ ਲਿਆ ਕਿ ਹਿੰਦੂ ਧਰਮ ਨੂੰ ਭਾਰਤ ਵਿਚ ਪ੍ਰਫੁਲਿਤ ਕਰਨ ਵਾਸਤੇ ਸਿਆਸੀ ਸ਼ਕਤੀ ਜ਼ਰੂਰੀ ਹੈ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਾਸਤੇ ਆਰਐੱਸਐੱਸ ਨੇ ਸਿਆਸਤ ਵੱਲ ਰੁਖ ਕਰ ਲਿਆ। ਸਿਆਸਤ ਲਈ ਜਨਸੰਘ ਨਾਮ ਦੀ ਸਿਆਸੀ ਪਾਰਟੀ ਬਣਾਈ ਜੋ ਮਗਰੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਬਣ ਗਈ। ਦੇਸ਼ ਦੀ ਪਾਰਲੀਮੈਂਟ ਵਿਚ ਕੇਵਲ 2 ਸੀਟਾਂ ਨਾਲ ਪ੍ਰਵੇਸ਼ ਕਰਨ ਵਾਲੀ ਭਾਜਪਾ ਧਰਮ ਦਾ ਆਸਰਾ ਲੈ ਕੇ 2019 ਦੀਆਂ ਚੋਣਾਂ ਵਿਚ 300 ਦਾ ਅੰਕੜਾ ਪਾਰ ਕਰ ਲੈਂਦੀ ਹੈ। ਆਰਐੱਸਐੱਸ ਦੇ ਪਿਛੋਕੜ ਵਾਲੇ ਨੇਤਾ ਇਸ ਦੇ ਸਰਬਰਾਹ ਬਣ ਜਾਂਦੇ ਹਨ। ਸਿੱਟੇ ਵਜੋਂ ਹੁਣ ਦੀ ਇਹ ਭਾਰਤ ਸਰਕਾਰ ਹਿੰਦੂ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਾਸਤੇ ਆਪਣਾ ਏਜੰਡਾ ਲਾਗੂ ਕਰਦੀ ਹੈ। ਸਿਖ਼ਰ-ਲੀਆਂ ਅਦਾਲਤਾਂ ਤੋਂ ਲੈ ਕੇ ਸੰਵਿਧਾਨਕ ਸੰਸਥਾਵਾਂ ਤੇ ਕਬਜ਼ਾ ਕਰਦੀ ਹੈ ਅਤੇ ਖੇਤ ਕਾਨੂੰਨ ਬਣਾਉਂਦੀ ਤੇ ਲਾਗੂ ਕਰਦੀ ਹੈ।

ਜਿੱਥੇ ਭਾਰਤ ਵਿਚ ਦੋ ਡੰਗ ਦੀ ਰੋਟੀ ਤੋਂ ਵੀ ਮਹਿਰੂਮ ਲੋਕਾਂ ਦਾ ਵਾਸਾ ਹੈ, ਉੱਥੇ ਦੁਨੀਆਂ ਦੇ 10 ਅਮੀਰ ਲੋਕਾਂ ਵਿਚ ਸ਼ੁਮਾਰ ਵੱਡੇ ਵਪਾਰਕ ਘਰਾਣੇ ਵੀ ਇਸੇ ਦੇਸ਼ ਦੇ ਵਸਨੀਕ ਹਨ। ਭਾਜਪਾ ਨੇ ਇਨ੍ਹਾਂ ਵੱਡੇ ਵਪਾਰਕ ਘਰਾਣਿਆਂ ਨਾਲ ਸਾਂਝ ਪਾਈ ਅਤੇ ਅੰਗਰੇਜ਼ਾਂ ਦੀ ਤਰ੍ਹਾਂ ਕਿਸਾਨੀ ਅਤੇ ਇਸ ਨਾਲ ਜੁੜੇ ਹੋਏ ਕੰਮਾਂ ਵਾਲਿਆਂ ਤੇ ਵੱਡਾ ਹਮਲਾ ਬੋਲਣ ਲਈ ਤਿੰਨ ਖੇਤੀ ਕਾਨੂੰਨ ਲਿਆਂਦੇ। ਇੱਥੇ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਅੰਗਰੇਜ਼ੀ ਰਾਜ ਦੁਆਰਾ ਵੀ ਕਿਸਾਨਾਂ ਦਾ ਦਮਨ ਕਰਨ ਵਾਸਤੇ ਇਸੇ ਤਰ੍ਹਾਂ ਦੇ ਤਿੰਨ ਕਾਨੂੰਨ ਲਿਆਂਦੇ ਗਏ ਸਨ ਜਿਸ ਦਾ ਕਿਸਾਨਾਂ ਸਮੇਤ ਆਮ ਲੋਕਾਂ ਨੇ ਭਰਵਾਂ ਵਿਰੋਧ ਕੀਤਾ ਸੀ। ਅੰਗਰੇਜ਼ੀ ਹਕੂਮਤ ਵੇਲੇ ਕਿਸਾਨੀ ਨਾਲ ਜੁੜੇ ਹੋਏ ਲੋਕਾਂ ਨੇ ਜਿਸ ਤਰ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ ਸੀ ਅਤੇ ਇਹ ਸਿਆਸਤ ਨੂੰ ਵੀ ਅੰਤਾਂ ਦਾ ਪ੍ਰਭਾਵਿਤ ਕਰ ਗਿਆ ਸੀ ਉਸੇ ਤਰ੍ਹਾਂ 2020 ਵਿਚ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਸ਼ਾਂਤਮਈ ਕਿਸਾਨੀ ਅੰਦੋਲਨ ਦਿੱਲੀ ਪਹੁੰਚ ਗਿਆ ਹੈ। ਦਿੱਲੀ ਪਹੁੰਚਦਿਆਂ ਇਹ ਦੇਸ਼ ਅਤੇ ਵਿਦੇਸ਼ ਵਿਚ ਵੀ ਫ਼ੈਲਣਾ ਸ਼ੁਰੂ ਹੋ ਗਿਆ ਹੈ। ਕਦੇ ਅੰਗਰੇਜ਼ਾਂ ਦੇ ਲਾਰਡਾਂ ਨੇ ਜਿਸ ਅੰਦੋਲਨ ਨੂੰ ਹਲਕੇ ਵਿਚ ਲਿਆ ਸੀ ਅਤੇ ਹੁਣ ਵਰਤਮਾਨ ਸਰਕਾਰ ਕਿਸਾਨਾਂ ਦੇ ਇਸ ਅੰਦੋਲਨ ਨੂੰ ਬਹੁਤ ਹੀ ਹਲਕੇ ਵਿਚ ਲੈ ਰਹੀ ਹੈ। ਇਸ ਅੰ-ਦੋਲਨ ਨੇ ਜਿੱਥੇ ਦੋ ਸੌ ਤੋਂ ਵੀ ਵੱਧ ਕਿਸਾਨਾਂ ਦੀ ਜੀਵਨ ਲੀਲ੍ਹਾ ਸਮਾਪਤ ਕਰ ਦਿੱਤੀ ਹੈ, ਉੱਥੇ ਇਹ ਅੰਦੋਲਨ ਕਿਸਾਨਾਂ ਦਾ ਅੰਤਾਂ ਦਾ ਆਰਥਿਕ ਨੁਕਸਾਨ ਵੀ ਕਰ ਰਿਹਾ ਹੈ। ਲੋਕਾਂ ਦਾ ਢਿੱਡ ਭਰਨ ਅਨਾਜ ਪੈਦਾ ਕਰਨ ਵਾਲੇ ਕਿਸਾਨ ਅਤੇ ਹੋਰ ਕੰਮ ਕਰਨ ਵਾਲੇ ਖੇਤਾਂ ਵਿਚ ਕੰਮ ਕਰਨ ਦੀ ਥਾਂ ਆਪਣੀ ਹੋਂਦ ਬਚਾਉਣ ਲਈ ਅੰਦੋਲਨ ਕਰਦੇ ਹੋਣ ਕਰ ਕੇ ਖੇਤੀ ਕਾਰਜ ਵੀ ਅੰਤਾਂ ਦੇ ਪ੍ਰਭਾਵਿਤ ਹੋ ਰਹੇ ਹਨ। ਇਸ ਨਾਲ ਦੇਸ਼ ਦੀ ਆਰਥਿਕਤਾ ਤੇ ਵੀ ਅਸਰ ਪੈ ਰਿਹਾ ਹੈ। ਸਰਕਾਰ ਅਤੇ ਆਮ ਲੋਕਾਂ ਵਿਚ ਬੇਗਾਨਗੀ ਦੇ ਭਾਵ ਪੈਦਾ ਹੋ ਰਹੇ ਹਨ। ਜਿੱਥੇ ਚੁਣੀ ਹੋਈ ਸਰਕਾਰ ਵਾਸਤੇ ਪਿਆਰਾ ਸ਼ਬਦ (ਪਾਪੂਲਰ ਗੌਰਮਿੰਟ) ਵਰਤਿਆ ਜਾਂਦਾ ਸੀ, ਉੱਥੇ ਭਾਸ਼ਾ ਵਿਗਿਆਨੀਆਂ ਨੇ ਹੁਣ ਕਿਸੇ ਹੋਰ ਸ਼ਬਦ ਦੀ ਕਾਢ ਕੱਢਣੀ ਹੈ।

ਦੇਸ਼ ਵਿਚ ਰਾਜ ਕਰਦੀ ਅੰਗਰੇਜ਼ੀ ਹਕੂਮਤ ਅਤੇ ਵਰਤਮਾਨ ਹਕੂਮਤ ਵਿਚ ਵੱਡਾ ਅੰਤਰ ਹੈ। ਅੰਗਰੇਜ਼ਾਂ ਨੇ ਭਾਰਤੀ ਲੋਕਾਂ ਦੇ ਵਿਰੋਧ ਦੇ ਬਾਵਜੂਦ ਬਾਹੂਬਲ ਹੁੰਦਿਆਂ ਰਾਜਭਾਗ ਤੇ ਕਬਜ਼ਾ ਕੀਤਾ ਸੀ ਜਦੋਂਕਿ ਵਰਤਮਾਨ ਸਰਕਾਰ ਦੀ ਚੋਣ ਲੋਕਾਂ ਦੇ ਪਿਆਰ ਅਤੇ ਸਤਿਕਾਰ ਨਾਲ ਕੀਤੀ ਹੋਈ ਹੈ। ਚੁਣੀ ਹੋਈ ਸਰਕਾਰ ਤੋਂ ਸਾਰੇ ਵਰਗਾਂ ਨੂੰ ਉਨ੍ਹਾਂ ਦੇ ਭਲੇ ਵਾਸਤੇ ਕੀਤੇ ਜਾਣ ਵਾਲੇ ਕਾਰਜਾਂ ਦੀ ਤਵੱਕੋ ਕੀਤੀ ਜਾਂਦੀ ਹੈ ਪਰ ਸਰਕਾਰ ਦਾ ਕੇਵਲ ਕੁਝ ਲੋਕਾਂ ਦੇ ਹਿੱਤਾਂ ਵਿਚ ਭੁਗਤਣ ਸਦਕਾ ਆਮ ਲੋਕਾਂ ਦਾ ਕਿਤੇ ਲੋਕਤੰਤਰ ਵਾਸਤੇ ਵਰਤੇ ਜਾਂਦੇ ਸ਼ਬਦਾਂ 'ਲੋਕਾਂ ਦੁਆਰਾ, ਲੋਕਾਂ ਦੀ, ਲੋਕਾਂ ਵਾਸਤੇ' ਤੋਂ ਵਿਸ਼ਵਾਸ ਹੀ ਨਾ ਉੱਠ ਜਾਵੇ।

## ਕੈਪਟਨ ਮਲਕੀਤ ਸਿੰਘ ਸਿੱਧੂ ਸਵਰਗਵਾਸ

ਫਰਿਜ਼ਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)- ਉੱਘੀ ਸ਼ਖ਼ਸੀਅਤ ਪਰਮਜੀਤ ਸਿੰਘ ਸਿੱਧੂ ਦੇ ਸਤਿਕਾਰਯੋਗ ਪਿਤਾ; ਜੀ ਕੈਪਟਨ ਮਲਕੀਤ ਸਿੰਘ ਸਿੱਧੂ ਪਿਛਲੇ ਦਿਨੀਂ 100 ਸਾਲ ਦੀ ਖ਼ੁਸ਼ਹਾਲ ਜ਼ਿੰਦਗੀ ਭੋਗਕੇ ਇਸ ਫ਼ਾਨੀ ਦੁਨੀਆਂ ਨੂੰ ਸਦਾ ਅਲਵਿਦਾ ਆਖ ਗਏ। ਉਹ ਪਿਛਲੇ ਲੰਮੇ ਸਮੇਂ ਤੋਂ ਪਰਮਜੀਤ ਸਿੰਘ ਹੋਰਾਂ ਕੋਲ ਯੂਨੀਅਨ ਸਿਟੀ ਕੈਲੀਫੋਰਨੀਆਂ ਵਿਖੇ ਰਹਿ ਰਹੇ ਸਨ। ਉਹਨਾਂ ਦਾ ਪਿਛਲਾ ਪਿੰਡ ਸਿਧਵਾਂ ਕਲਾਂ ਤਹਿਸੀਲ ਜਗਰਾਓ ਵਿੱਚ ਪੈਦਾ ਹੈ। ਸਵ. ਮਲਕੀਤ ਸਿੰਘ ਵਰਲਡ ਵਾਰ 2 ਦੇ ਫਾਇਟਰ ਰਹੇ 'ਤੇ ਫੌਜ ਵਿਚੋਂ ਬਤੌਰ ਕੈਪਟਨ ਸੇਵਾ ਮੁਕਤ ਹੋਏ। ਉਹਨਾਂ ਨਮਿੱਤ ਰੱਖੇ ਸਹਿਜ ਪਾਠ ਦਾ ਭੋਗ ਦਿਨ ਮੰਗਲਵਾਰ ਮਿਤੀ 9 ਮਾਰਚ ਨੂੰ ਦੁਪਹਿਰ 2.30 ਗੁਰਦਵਾਰਾ ਸਾਹਿਬ ਫਰੀਮਾਂਟ ਵਿੱਖੇ ਪਵੇਗਾ। ਗੁਰੂ-ਘਰ ਦਾ ਪਤਾ 300 ਗੁਰਦਵਾਰਾ ਰੋਡ, ਫਰੀਮਾਂਟ ਕੈਲੀਫੋਰਨੀਆਂ 94536 ਹੈ। ਉਹ ਆਪਣੇ ਪਿੱਛੇ ਤਿੰਨ ਬੇਟੇ, ਇੱਕ ਬੇਟੀ ਅਤੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਰਮਜੀਤ ਸਿੱਧੂ ਨਾਲ 510-709-8000 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਪੰਜਾਬ ਸਿਰ ਕਰਜ਼ੇ ਦੀ ਭਾਰੀ ਹੁੰਦੀ ਪੰਡ

ਬਜਟ ਸੈਸ਼ਨ ਦੌਰਾਨ ਆਈ ਕੈਗ ਦੀ ਰਿਪੋਰਟ ਨੇ ਪੰਜਾਬ ਦੀ ਆਰਥਿਕ ਹਾਲਤ ਦਾ ਹੀਜ-ਪਿਆਜ ਜੱਗ ਜ਼ਾਹਿਰ ਕਰ ਦਿੱਤਾ ਹੈ। ਰਿਪੋਰਟ ਮੁਤਾਬਕ ਆਉਣ ਵਾਲੇ ਪੰਜ ਸਾਲਾਂ 'ਚ ਪੰਜਾਬ ਦਾ ਕਰਜ਼ਾ 3,73,988 ਕਰੋੜ ਹੋ ਜਾਵੇਗਾ ਜੋ 31 ਮਾਰਚ 2019 ਦੇ 1,79,130 ਕਰੋੜ ਰੁਪਏ ਨਾਲੋਂ ਲਗਪਗ ਦੁੱਗਣਾ ਹੈ। ਪਿਛਲੇ 10 ਸਾਲਾਂ ਦੌਰਾਨ ਇਹ ਕਰਜ਼ਾ ਚੌਗੁਣਾ ਹੋ ਗਿਆ ਹੈ। ਅਕਾਲੀ ਦਲ-ਭਾਜਪਾ ਸਰਕਾਰ ਵੇਲੇ 2016-17 'ਚ ਕਰਜ਼ੇ ਦੀ ਪੰਡ ਦਾ ਬੋਝ 1,53,773 ਕਰੋੜ ਸੀ। ਸੰਨ 2017-18 'ਚ ਇਹ ਕਰਜ਼ਾ 1.95 ਲੱਖ ਕਰੋੜ ਰੁਪਏ ਸੀ। ਵਿੱਤ ਮੰਤਰੀ ਮਨਪ੍ਰੀਤ ਬਾਦਲ ਸੋਮਵਾਰ ਨੂੰ ਇਸ ਕਾਰ-ਜਕਾਲ ਦਾ ਆਖ਼ਰੀ ਬਜਟ ਪੇਸ਼ ਕਰਨ ਜਾ ਰਹੇ ਹਨ। ਹਾਲਾਂਕਿ ਬੀਤੇ ਸਾਲ ਸੂਬੇ ਦਾ ਚੌਥਾ ਬਜਟ ਪੇਸ਼ ਕਰਦਿਆਂ ਉਨ੍ਹਾਂ ਨੇ ਕੋਈ ਨਵਾਂ ਟੈਕਸ ਨਹੀਂ ਲਾਇਆ ਸੀ।

ਪਿਛਲੇ ਸਾਲ ਵੀ ਸੂਬੇ 'ਤੇ 2,48,230 ਕਰੋੜ ਦਾ ਕਰਜ਼ਾ ਸੀ। ਬੀਤੇ ਵਰ੍ਹੇ ਵਿੱਤ ਮੰਤਰੀ ਦਾ ਦਾਅਵਾ ਸੀ ਕਿ ਪੰਜਾਬ ਦੀ ਆਰਥਿਕਤਾ ਲੀਹ 'ਤੇ ਆ ਗਈ ਹੈ ਤੇ ਵਿਕਾਸ ਦੀ ਲਹਿਰ ਸ਼ੁਰੂ ਹੋ ਰਹੀ ਹੈ ਪਰ ਅੱਜ ਲਗਪਗ ਇਕ ਸਾਲ ਬਾਅਦ ਗੱਲ ਕਰੀਏ ਤਾਂ ਅਜਿਹਾ ਕੁਝ ਵੀ ਨਹੀਂ ਹੋਇਆ। ਬੀਤੇ ਸਾਲ ਦੀ ਮਾੜੀ ਕਾਰਗੁਜ਼ਾਰੀ ਦੀ ਵੱਡੀ ਵਜ੍ਹਾ ਕੋਰੋਨਾ ਨੂੰ ਕਿਹਾ ਜਾ ਸਕਦਾ ਹੈ ਪਰ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਇਹ ਬਜਟ ਕੈਪਟਨ ਸਰਕਾਰ ਲਈ ਕਾਫ਼ੀ ਅਹਿਮ ਹੈ। ਮੁੱਖ ਮੰਤਰੀ ਨੇ ਚੋਣਾਂ ਨੂੰ ਵੇਖਦਿਆਂ ਹੀ ਚੋਣ ਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੂੰ ਆਪਣਾ ਪ੍ਰਮੁੱਖ ਸਲਾਹਕਾਰ ਨਿਯੁਕਤ ਕੀਤਾ ਹੈ। ਦੂਜੇ ਪਾਸੇ ਬਜਟ ਇਜਲਾਸ ਦੀ ਸ਼ੁਰੂਆਤ ਤੋਂ ਹੀ ਵਿਰੋਧੀ ਧਿਰ ਦੇ ਤੇਵਰ ਤਿੱਖੇ ਹਨ। ਸੂਬੇ ਦੇ ਬਜਟ




ਇਜਲਾਸ ਦਾ ਇਕ ਹੋਰ ਦਿਨ ਸ਼ੁੱਕਰਵਾਰ ਨੂੰ ਹੰਗਾਮੇ ਦੀ ਭੇਟ ਚੜ੍ਹ ਗਿਆ। ਮੁੱਖ ਮੰਤਰੀ ਦੇ ਭਾਸ਼ਣ ਦੌਰਾਨ ਅਕਾਲੀ ਦਲ ਦੇ ਵਿਧਾਇਕਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੂੰ ਪੰਜਾਬ ਵਿਧਾਨ ਸਭਾ ਦੇ ਬਾਕੀ ਬਜਟ ਇਜਲਾਸ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਵਿਧਾਨ ਸਭਾ 'ਚ ਮੁੜ ਹੰਗਾਮਾ ਸ਼ੁਰੂ ਹੋ ਗਿਆ। ਹੰਗਾਮੇ ਤੋਂ ਤੁਰੰਤ ਬਾਅਦ ਸਦਨ ਮੁਲਤਵੀ ਕਰ ਦਿੱਤਾ ਗਿਆ। ਅਕਾਲੀ ਦਲ ਦੇ ਵਿਧਾਇਕਾਂ ਨੇ ਬਾਹਰ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਸਦਨ ਵਿਚ ਧਰਨੇ 'ਤੇ ਬੈਠ ਗਏ ਤੇ ਨਾਅਰੇਬਾਜ਼ੀ ਕਰਦੇ ਰਹੇ। ਇਸ ਤੋਂ ਬਾਅਦ ਮਾਰਸ਼ਲਾਂ ਨੇ ਉਨ੍ਹਾਂ ਨੂੰ ਚੁੱਕ ਕੇ ਬਾਹਰ ਕੱਢਿਆ। ਹੁਣ ਸਾਰਿਆਂ ਦੀਆਂ ਨਜ਼ਰਾਂ ਬਜਟ 'ਤੇ ਲੱਗੀਆਂ ਹੋਈਆਂ ਹਨ। ਸਰਕਾਰ ਨੇ ਪਿਛਲੇ ਸਾਲ ਬਜਟ 'ਚ ਪੰਜ ਏਕੜ ਵਾਲੇ ਕਿਸਾਨਾਂ ਤੋਂ ਬਾਅਦ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਮਾਫ਼ ਕਰਨ ਦਾ ਐਲਾਨ ਕੀਤਾ ਸੀ।

ਕਿਸਾਨਾਂ ਨੂੰ ਮੁਫ਼ਤ ਬਿਜਲੀ ਜਾਰੀ ਰੱਖੀ ਗਈ ਸੀ ਜਿਸ ਨੂੰ ਇਸ ਸਾਲ ਵੀ ਜਾਰੀ ਰੱਖਣ ਦਾ ਐਲਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਤੋਂ ਪਹਿਲਾਂ ਹੀ ਕਰ ਦਿੱਤਾ ਹੈ। ਪਿਛਲੇ ਚਾਰ ਸਾਲਾਂ ਦੀ ਕਾਰਜ-ਪ੍ਰਣਾਲੀ ਦੇਖੀਏ ਤਾਂ ਬਜਟ 'ਚ ਐਲਾਨ ਤਾਂ ਬਹੁਤ ਹੁੰਦੇ ਹਨ ਪਰ ਹਕੀਕਤ 'ਚ ਉਨ੍ਹਾਂ 'ਤੇ ਸਹੀ ਢੰਗ ਨਾਲ ਕੰਮ ਨਹੀਂ ਹੁੰਦਾ। ਸਰਕਾਰ ਨੇ ਕਿਸਾਨਾਂ ਦੇ ਸਮੁੱਚੇ ਕਰਜ਼ੇ ਨੂੰ ਮਾਫ਼ ਕਰਨ ਦੀ ਗੱਲ ਕਹੀ ਸੀ ਜਿਸ ਨੂੰ ਪੂਰਾ ਨਹੀਂ ਕੀਤਾ ਗਿਆ। ਲਗਪਗ ਇਕ ਦਹਾਕੇ ਤੋਂ ਪੰਜਾਬ ਦੇ ਸਿਰ ਵੱਧ ਰਿਹਾ ਕਰਜ਼ਾ ਸੂਬੇ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਰਿਹਾ ਹੈ। ਕੈਗ ਦੀ ਰਿਪੋਰਟ ਜੇ ਪੰਜ ਸਾਲਾਂ ਦੌਰਾਨ ਸਹੀ ਸਿੱਧ ਹੁੰਦੀ ਹੈ ਤਾਂ ਆਉਣ ਵਾਲੇ ਦਿਨਾਂ ਦੀ ਮਾੜੀ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸੂਬਾ ਤੇ ਕੇਂਦਰ ਸਰਕਾਰ, ਦੋਵਾਂ ਨੂੰ ਚਾਹੀਦਾ ਹੈ ਕਿ ਰਲ ਕੇ ਹਰ ਸਾਲ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਨੂੰ ਹੌਲੀ ਕਰਨ ਲਈ ਠੋਸ ਕਦਮ ਚੁੱਕਣ।

# ਅਜੋਕੇ ਦੌਰ 'ਚ ਔਰਤ ਦੀ ਮੁਕਤੀ ਦਾ ਸਵਾਲ



ਅਰਵਿੰਦਰ ਕਾਕੜਾ

ਔਰਤਾਂ ਨੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਕਾਫ਼ੀ ਲੰਬੀ ਲੜਾਈ ਲੜੀ ਹੈ। ਔਰਤ ਦੀ ਹੋਂਦ, ਲਿੰਗਕ ਬਰਾਬਰੀ, ਆਜ਼ਾਦੀ ਤੇ ਸੁਰੱਖਿਆ ਦਾ ਮਸਲਾ ਸਾਡੇ ਸਮਾਜ ਦਾ ਮੁੱਖ ਮੁੱਦਾ ਹੈ। ਸਮਾਜ ਵਿਚ ਆਪਣੀ ਬਣਦੀ ਜਗ੍ਹਾ ਪ੍ਰਾਪਤ ਕਰਨ ਲਈ ਔਰਤ ਅਜੇ ਵੀ ਜੂਝ ਰਹੀ ਹੈ। ਪਹਿਲਾਂ ਨਾਲੋਂ ਔਰਤ ਪੜ੍ਹ-ਲਿਖ ਕੇ ਚੇਤੰਨ ਹੋਈ ਹੈ ਅਤੇ ਉਹ ਆਪਣੀ ਦਸ਼ਾ ਬਾਰੇ ਚੰਗੀ ਤਰ੍ਹਾਂ ਜਾਣਦੀ ਹੈ ਪਰ ਸਵਾਲ ਇਹ ਹੈ ਕਿ ਅਜੇ ਵੀ ਉਸ ਦੀ ਭੂਮਿਕਾ ਨੂੰ ਅਣਗੌਲਿਆ ਜਾਂਦਾ ਹੈ। ਦੁਨੀਆ ਦੀ ਅੱਧੀ ਵਸੋਂ ਭਾਵੇਂ ਔਰਤਾਂ ਦੀ ਹੈ ਪਰ ਉਨ੍ਹਾਂ ਦੀ ਪਛਾਣ ਮਾਂ, ਭੈਣ, ਪਤਨੀ, ਬੇਟੀ ਕਰ ਕੇ ਹੈ, ਇਨਸਾਨ ਕਰ ਕੇ ਨਹੀਂ ਹੈ।

ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਪ੍ਰਤੀ ਅਜਿਹੀ ਮਾਨਸਿਕਤਾ ਬਣਾ ਦਿੱਤੀ ਗਈ ਹੈ ਕਿ ਉਨ੍ਹਾਂ ਦੀ ਸਮਝ ਅਧੂਰੀ ਹੈ, ਉਹ ਆਪਣੇ ਨਿਰਣੇ ਆਪ ਨਹੀਂ ਲੈ ਸਕਦੀਆਂ, ਉਨ੍ਹਾਂ ਦੀ ਅਕਲ ਗੁੱਤ ਪਿੱਛੇ ਹੁੰਦੀ ਹੈ। ਇੱਥੇ ਇਹ ਗੱਲ ਬਿਲਕੁਲ ਭੁੱਲ ਜਾਂਦੀ ਹੈ ਕਿ ਔਰਤ ਵੀ ਸਮਾਜਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਅਜੋਕੇ ਸਮੇਂ 'ਚ ਜਦੋਂ ਅਸੀਂ ਆਪਣੇ ਦੇਸ਼ ਵੱਲ ਝਾਤੀ ਮਾਰਦੇ ਹਾਂ ਤਾਂ ਇਹ ਦੇਖਦੇ ਹੋਏ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਇੱਥੇ ਔਰਤ ਮਰਦ ਦੇ ਮੁਕਾਬਲੇ ਪਿੱਛੇ ਨਹੀਂ ਸਗੋਂ ਉਸ ਦੇ ਮੁਕਾਬਲੇ 'ਤੇ ਆ ਖੜ੍ਹੀ ਹੋਈ ਹੈ। ਅੱਜ ਦੇਸ਼ ਵਿਚ ਚੱਲ ਰਹੇ ਕਿਸਾਨ ਅੰਦੋਲਨ 'ਚ ਵੀ ਉਹ ਮੂਹਰੇ ਹੋ ਕੇ ਆਪਣੀ ਭੂਮਿਕਾ ਨਿਭਾ ਰਹੀ ਹੈ। ਉਸ ਨੇ ਆਪਣੀ ਜਗ੍ਹਾ ਆਪ ਬਣ-ਾਉਣ ਦੇ ਲਈ ਪੂਰੇ ਯਤਨ ਕੀਤੇ ਹਨ ਤੇ ਕਾਫ਼ੀ ਹੱਦ ਤਕ ਸਫ਼ਲ ਹੋਈ ਹੈ। ਉਹ ਵੱਡੇ-ਵੱਡੇ ਅਹੁਦਿਆਂ 'ਤੇ ਵੀ ਬਿਰ-ਾਜਮਾਨ ਹੈ। ਉਹ ਪ੍ਰਸ਼ਾਸਨ, ਫ਼ੌਜ, ਪੁਲਿਸ ਤੇ ਹੋਰ ਖੇਤਰਾਂ ਵਿਚ ਮੋਹਰੀ ਹੋ ਕੇ ਕੰਮ ਕਰ ਰਹੀ ਹੈ। ਸਾਡੇ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ 'ਤੇ ਵੀ ਇਕ ਔਰਤ ਬਿਰਾਜਮਾਨ ਸੀ। ਇੰਨਾ ਕੁਝ ਹੋਣ ਦੇ ਬਾਵਜੂਦ ਅੱਜ ਔਰਤਾਂ ਦੀਆਂ ਸਮੱਸਿਆਵਾਂ ਇੰਨੀਆਂ ਬਹੁ-ਪਰਤੀ, ਬਹੁ-ਦਿਸ਼ਾਵੀ, ਬਹੁ-ਅਰਥੀ, ਬਹੁ-ਪੱਖੀ, ਬਹੁ-ਰੂਪੀ ਹਨ ਜਿਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ। ਇਤਿਹਾਸ ਗਵਾਹ ਹੈ ਕਿ ਔਰਤ ਦੀ ਸਥਿਤੀ ਸ਼ੁਰੂ ਤੋਂ ਦੂਜੇ ਦਰਜੇ ਦੇ ਸ਼ਹਿਰੀ ਵਾਲੀ ਨਹੀਂ ਰਹੀ ਹੈ। ਮੁੱਢਲੇ ਕਬੀਲੇ ਯੁੱਗ ਵਿਚ ਮਾਤਰੀ ਪ੍ਰਧਾਨ ਸਮਾਜ ਸੀ। ਉਸ ਸਮੇਂ ਔਰਤ ਦਾ ਰੁਤਬਾ ਬਹੁਤ ਹੀ ਸਨਮਾਨਯੋਗ ਸੀ। ਜਦੋਂ ਮਨੁੱਖ ਨੇ ਨਿੱਜੀ ਜਾਇਦਾਦ ਰੱਖਣੀ ਸ਼ੁਰੂ ਕਰ ਦਿੱਤੀ, ਇਹ ਸਥਿਤੀ ਉਸ ਸਮੇਂ ਤੋਂ ਹੀ ਪਲਟਾ ਖਾ ਜਾਂਦੀ ਹੈ। ਮਰਦਾਵੀਂ ਸਮਾਜ ਹੋਂਦ ਵਿਚ ਆਉਣ 'ਤੇ ਔਰਤ ਵਿਰੋਧੀ ਨਜ਼ਰੀਆ ਪੈਦਾ ਹੋਇਆ।

ਮਰਦ ਪ੍ਰਧਾਨ ਸਮਾਜ ਨੇ ਆਪਣੀਆਂ ਕਦਰਾਂ-ਕੀਮਤਾਂ, ਸੰਸਕਾਰ ਤੇ ਪ੍ਰਤੀਮਾਨ ਔਰਤ 'ਤੇ ਥੋਪ ਕੇ ਉਸ ਦੀ ਮਾਨਸਿਕਤਾ ਨੂੰ ਅਧੀਨਗੀ ਵਾਲੀ ਬਣਾ ਦਿੱਤਾ ਹੈ। ਉਹ ਆਪਣੀ ਸਥਿਤੀ ਬਾਰੇ ਠੀਕ ਨਿਰਣਾ ਵੀ ਨਹੀਂ ਲੈ ਸਕਦੀ। ਇੱਥੋਂ ਤਕ ਕਿ ਵੱਡੇ-ਵੱਡੇ ਅਹੁਦਿਆਂ 'ਤੇ ਬਿਰਾਜਮਾਨ ਮਹਿਲਾਵਾਂ ਵੀ ਕਿਤੇ ਨਾ ਕਿਤੇ ਮਰਦ ਦੇ ਫ਼ੈਸਲਿਆਂ 'ਤੇ ਨਿਰਭਰ ਹਨ। ਜੇ ਕੋਈ ਮਹਿਲਾ ਪਿਛਾਂਹਖਿੱਚੂ ਗੱਲਾਂ ਦਾ ਵਿਰੋਧ ਕਰਦੀ ਹੈ ਤਾਂ ਉਸ ਖ਼ਿਲਾਫ਼ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਉਣ ਦੇ ਫਰਮਾਨ ਜਾਰੀ ਕੀਤੇ ਜਾਂਦੇ ਹਨ। ਆਰਥਿਕ ਸਮਾਜਿਕ ਨਿਰਭਰਤਾ ਔਰਤ ਨੂੰ ਮਰਦ ਦੀ ਗੁਲਾਮ ਬਣਾਉਂਦੀ ਹੈ।

ਤ੍ਰਾਸਦੀ ਇਹ ਹੈ ਕਿ ਪੜ੍ਹ-ਲਿਖ ਕੇ ਨੌਕਰੀ ਪ੍ਰਾਪਤ ਕਰ ਕੇ ਆਰਥਿਕ ਤੌਰ 'ਤੇ ਖ਼ੁਸ਼ਹਾਲ ਹੋਈਆਂ ਮਹਿਲਾਵਾਂ ਵੀ ਆਰਥਿਕਤਾ ਤੋਂ ਬਿਨਾਂ ਹੋਰ ਕਈ ਵਿਤਕਰਿਆਂ ਦੀਆਂ ਸ਼ਿਕਾਰ ਹਨ। ਕੰਮਕਾਜੀ ਥਾਵਾਂ, ਦਫ਼ਤਰਾਂ ਤੇ ਘਰਾਂ ਵਿਚ ਮਰਦਾਵੀਂ ਸੱਤਾ ਆਪਣੇ ਪੂਰੇ ਰੋਹਬ ਹੇਠ ਔਰਤ ਨੂੰ ਵਿਚਰਨ ਦਿੰਦੀ ਹੈ। ਇਸ ਤੋਂ ਇਲਾਵਾ ਖੇਤਾਂ ਜਾਂ ਫੈਕਟਰੀਆਂ ਵਿਚ ਕੰਮ ਕਰਦੀਆਂ ਮਹਿਲਾਵਾਂ ਦਾ ਵੇਤਨ ਮਰਦਾਂ ਦੇ ਮੁਕਾਬਲੇ ਘੱਟ ਹੈ। ਉਹ ਉੱਥੇ ਬਹੁਤ ਵਾਰੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਠੇਕਾ ਪ੍ਰਣਾਲੀ ਨੇ ਔਰਤਾਂ ਦੀ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਜੋ ਕੁੜੀਆਂ ਮਿਹਨਤਕਸ਼, ਮਜ਼ਦੂਰਾਂ ਦੇ ਘਰਾਂ ਵਿਚ ਪੈਦਾ ਹੁੰਦੀਆਂ ਹਨ- ਉਨ੍ਹਾਂ ਦੇ ਮਸਲੇ ਹੋਰ ਹੁੰਦੇ ਹਨ। ਇਹ ਔਰਤਾਂ ਤੇ ਕੁੜੀਆਂ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਘਰ ਤੋਂ ਬਾਹਰ ਜਾ ਕੇ ਮਜ਼ਦੂਰੀ ਕਰਦੀਆਂ ਹਨ। ਜੋ ਔਰਤਾਂ ਤੇ ਕੁੜੀਆਂ ਫੈਕਟਰੀਆਂ ਜਾਂ ਹੋਰ ਖੇਤਰਾਂ ਵਿਚ ਕੰਮ ਕਰਦੀਆਂ ਹਨ, ਇਕ ਤਾਂ ਉਨ੍ਹਾਂ ਤੋਂ ਕੰਮ ਬਹੁਤ ਜ਼ਿਆਦਾ ਲਿਆ ਜਾਂਦਾ ਹੈ, ਦੂਜਾ ਉਨ੍ਹਾਂ ਨੂੰ ਉਜਰਤ ਮਰਦਾਂ ਦੇ ਮੁਕਾਬਲੇ ਘੱਟ ਦਿੱਤੀ ਜਾਂਦੀ ਹੈ। ਇਹ ਅਕਸਰ ਮਰਦਾਂ ਦੇ ਮੁਕਾਬਲੇ 50 ਤੋਂ 65% ਤਕ ਦਿੱਤੀ ਜਾਂਦੀ ਹੈ। ਖੇਤਾਂ 'ਚ ਕੰਮ ਕਰਦੀਆਂ ਔਰਤਾਂ ਦੇ ਲਈ ਸਮਾਂ ਵੀ ਨਿਸ਼ਚਿਤ ਨਹੀਂ ਹੈ। ਕਈ ਵਾਰ ਉਨ੍ਹਾਂ ਨੂੰ ਬਿਜਾਈ ਤੇ ਵਾਢੀ ਦੇ ਸਮੇਂ 12 ਤੋਂ 15 ਘੰਟੇ ਤਕ ਕੰਮ ਕਰਨਾ ਪੈਂਦਾ ਹੈ। ਇਹ ਔਰਤਾਂ ਜਿੱਥੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਬਹੁਤ ਵਾਰੀ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਵੀ ਬਣ ਜਾਂਦੀਆਂ ਹਨ। ਪੰਜਾਬ ਵਿਚ ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤ ਸ਼੍ਰੇਣੀ ਦੀਆਂ ਔਰਤਾਂ ਦਿਹਾੜੀ ਕਰਦੀਆਂ ਹਨ।



ਅੱਤ ਦੀ ਗਰੀਬੀ ਭੋਗਦੇ ਹੋਏ ਇਹ ਪਰਿਵਾਰ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਅਸਮਰੱਥ ਹਨ। ਬੇਸ਼ੱਕ ਔਰਤਾਂ ਨੇ ਮਜ਼ਦੂਰਾਂ ਦੀ ਫ਼ੌਜ ਨੂੰ ਵੱਡਾ ਕੀਤਾ ਹੈ ਪਰ ਖੇਤੀ ਜਾਂ ਗੈਰ-ਖੇਤੀ ਖੇਤਰ 'ਚ ਉਨ੍ਹਾਂ ਨੂੰ ਉਹੀ ਕੰਮ ਮਿਲਦਾ ਹੈ ਜੋ ਘੱਟ ਮਜ਼ਦੂਰੀ ਵਾਲਾ ਹੋਵੇ।

ਦਿਨ-ਰਾਤ ਦੀ ਹੱਡ-ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਉਹ ਨਾ ਤਾਂ ਚੰਗਾ ਖਾ ਸਕਦੀਆਂ ਹਨ ਅਤੇ ਨਾ ਹੰਢਾ ਸਕਦੀਆਂ ਹਨ। ਖ਼ੁਰਾਕ ਦੀ ਘਾਟ ਤੋਂ ਲੈ ਕੇ ਸਿਹਤ ਸੇਵਾਵਾਂ ਦੀਆਂ ਸਹੂਲਤਾਂ ਤਕ, ਔਰਤਾਂ ਪੱਲੇ ਬਿਮਾਰੀ ਅਤੇ ਭੈੜਾ ਆਲਾ-ਦੁਆਲਾ ਪੈਂਦਾ ਹੈ। ਅਸੀਂ ਸਿਹਤ ਖੇਤਰ ਦੀਆਂ ਮਿਲੀਆਂ ਰਿਪੋਰਟਾਂ ਨੂੰ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਕੁੜੀਆਂ ਤੋਂ ਲੈ ਕੇ ਔਰਤਾਂ ਤਕ 60% ਤੋਂ ਵੱਧ 'ਚ ਖ਼ੂਨ ਦੀ ਕਮੀ ਪਾਈ ਜਾਂਦੀ ਹੈ। ਔਰਤਾਂ, ਮਰਦਾਂ ਦੇ ਮੁਕਾਬਲੇ ਜ਼ਿਆਦਾ ਡਿਪਰੈਸ਼ਨ ਦਾ ਸ਼ਿਕਾਰ ਹਨ ਕਿਉਂਕਿ ਉਨ੍ਹਾਂ ਨੂੰ ਸਮਾਜ 'ਚ ਸਵਸਥ ਤੇ ਨਰੋਆ ਵਾਤਾਵਰਨ ਨਹੀਂ ਮਿਲ ਰਿਹਾ ਹੈ। ਉਨ੍ਹਾਂ ਦੇ ਸਾਰੇ ਅਰਮਾਨ, ਉਮੰਗਾਂ ਤੇ ਇੱਛਾਵਾਂ ਅਧੂਰੀਆਂ ਜਾਪਦੀਆਂ ਹਨ। ਅੱਜ ਬਹੁਤ ਸਾਰੀਆਂ ਔਰਤਾਂ ਕੁਪੋਸ਼ਣ ਦਾ ਸ਼ਿਕਾਰ ਹਨ। ਔਰਤਾਂ ਨਾ ਘਰ ਵਿਚ ਸੁਰੱਖਿਅਤ ਹਨ ਅਤੇ ਨਾ ਬਾਹਰ। ਕੌਮੀ ਅਪਰਾਧ ਰਿਕ-ਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਔਰਤਾਂ ਵਿਰੁੱਧ ਜਿਨਸੀ ਅਪਰਾਧਾਂ ਵਿਚ ਪਹਿਲਾਂ ਨਾਲੋਂ ਜ਼ਿਆਦਾ ਵਾਧਾ ਹੋਇਆ ਹੈ।

ਸੰਨ 2016 'ਚ 38,947 ਔਰਤਾਂ ਨਾਲ ਜਬਰ-ਜਨਾਹ ਹੋਏ ਜਿਨ੍ਹਾਂ 'ਚੋਂ 36,859 ਮੁਲਜ਼ਮ ਪੀੜਤਾਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਜਾਣਦੇ ਸਨ। ਇਨ੍ਹਾਂ 'ਚੋਂ 630 ਘਰੇਲੂ ਮੈਂਬਰ, 1087 ਪਰਿਵਾਰ ਦੇ ਨੇੜਲੇ ਵਿਅਕਤੀ, 2174 ਰਿਸ਼ਤੇਦਾਰ ਅਤੇ 10520 ਗੁਆਂਢੀ ਸਨ। ਮੱਧ ਪ੍ਰਦੇਸ਼ ਵਿਚ 4882 ਔਰਤਾਂ ਨਾਲ ਜਬਰ-ਜਨਾਹ ਦੇ ਮਾਮਲਿਆਂ ਵਿਚ 4803 ਮੁਲਜ਼ਮ ਪੀੜਤਾਂ ਦੇ ਜਾਣਕਾਰ ਸਨ। ਇਸੇ ਤਰ੍ਹਾਂ ਨਿੱਤ ਅਜਿਹੀਆਂ ਕਿੰਨੀਆਂ ਹੀ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਅਜਿਹੇ ਮਾਮਲਿਆਂ 'ਚ ਕਾਰਵਾਈ ਕਿੱਥੋਂ ਹੋਣੀ ਹੈ? ਇਸ ਦੇ ਨਾਲ ਹੀ ਔਰਤਾਂ ਦੇ ਸ਼ੋਸ਼ਣ ਦਾ ਇਕ ਰੂਪ ਇਹ ਵੀ ਸਾਹਮਣੇ ਆਇਆ ਹੈ ਕਿ ਅਨਾਥ ਆਸ਼ਰਮਾਂ ਵਿਚ ਰਹਿੰਦੀਆਂ ਬੱਚੀਆਂ ਨੂੰ ਦੇਹ-ਵਪਾਰ ਵੱਲ ਧੱਕਿਆ ਜਾ ਰਿਹਾ ਹੈ। ਇਹ ਸਾਰਾ ਕੁਝ ਪੁਲਿਸ ਤੇ ਸਿਆਸੀ ਗੱਠਜੋੜ ਦੇ ਨੱਕ ਹੇਠ ਵਾਪਰ ਰਿਹਾ ਹੈ। ਅਜਿਹੀਆਂ ਸਾਰੀਆਂ ਘਟਨਾਵਾਂ ਕਿਸ ਗੱਲ ਦਾ ਸਬੂਤ ਹਨ? ਅਜੋਕੇ ਦੌਰ ਵਿਚ ਔਰਤਾਂ ਇਕ ਹੋਰ ਨਿਵੇਕਲੇ ਢੰਗ ਨਾਲ ਲੁੱਟ ਦਾ ਸ਼ਿਕਾਰ ਹੋ ਰਹੀਆਂ ਹਨ। ਇਕ ਪਾਸੇ ਬਹੁਕੌਮੀ ਕੰਪਨੀਆਂ ਔਰਤ ਦੀ ਸਸਤੀ ਕਿਰਤ ਨੂੰ ਲੁੱਟ-ਦੀਆਂ ਹਨ ਤੇ ਦੂਜੇ ਪਾਸੇ ਆਪਣੀਆਂ ਵਸਤਾਂ ਵੇਚਣ ਲਈ ਔਰਤ ਦੇ ਜਿਸਮ ਜ਼ਰੀਏ ਮੁਨਾਫ਼ਾ ਕਮਾ ਰਹੀਆਂ ਹਨ। ਔਰਤਾਂ ਨੂੰ ਮੰਡੀ ਦੀ ਵਸਤ ਬਣਾ ਦਿੱਤਾ ਗਿਆ ਹੈ। ਸੁੰਦਰਤਾ ਮੁਕਾਬਲੇ ਕਰਵਾ ਕੇ ਆਜ਼ਾਦੀ ਦਾ ਭਰਮ ਸਿਰਜ ਕੇ ਇਹ ਕੰਪਨੀਆਂ ਕੁੜੀਆਂ ਦੀ ਚੋਣ ਕਰਦੀਆਂ ਹਨ। ਆਪਣੇ ਉਤਪਾਦ ਵੇਚਣ ਲਈ ਉਨ੍ਹਾਂ ਤੋਂ ਇਸ਼ਤਿਹਾਰਬਾਜ਼ੀ ਦਾ ਕੰਮ ਲੈਂਦੀਆਂ ਹਨ। ਇਸ ਸਭ ਦੇ ਨਾਲ ਹੀ ਲੱਚਰ ਸੱਭਿਆਚਾਰ, ਲੱਚਰ ਗਾਇਕੀ ਅਤੇ ਫਿਲਮਾਂ ਨੇ ਮਰਦਾਂ ਅੰਦਰ ਕਾਮ-ਉਕਸਾਊ ਭਾਵਨਾਵਾਂ ਦਾ ਵਾਧਾ ਕਰ ਕੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਉਤਸ਼ਾਹਿਤ ਕਰਨ ਵਿਚ ਖ਼ਾਸ ਭੂਮਿਕਾ ਅਦਾ ਕੀਤੀ ਹੈ। ਅਜਿਹੇ ਵਰਤਾਰੇ ਤੋਂ ਪ੍ਰਭਾਵਿਤ ਵਿਅਕਤੀ ਅਨੈਤਿਕ ਭਾਵਨਾਵਾਂ ਦਾ ਸ਼ਿਕਾਰ ਹੋ ਕੇ ਭਟਕ ਰਿਹਾ ਹੈ।

ਇਸ ਸਭ ਨੇ ਮਾਨਵੀ ਰਿਸ਼ਤਿਆਂ ਵਿਚ ਨਿਘਾਰ ਲਿਆਂਦਾ ਹੈ। ਜੇਕਰ ਕੁਝ ਚੇਤੰਨ ਔਰਤਾਂ ਆਪਣੀ ਸਥਿਤੀ ਸੁਧਾਰਨ ਲਈ ਅੱਗੇ ਆਉਂਦੀਆਂ ਹਨ ਤਾਂ ਸਾਨੂੰ ਉਨ੍ਹਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਕਥਿਤ ਕਾਲੇ ਕਾਨੂੰਨਾਂ ਤਹਿਤ ਔਰਤ ਦੀ ਸਥਿਤੀ ਹੋਰ ਵੀ ਜ਼ਿਆਦਾ ਮਾੜੀ ਹੋਣ ਦੀ ਸੰਭਾਵਨਾ ਹੈ। ਇਕ ਪਾਸੇ ਲਿੰਗ ਸਮਾਨਤਾ ਲਿਆਉਣ ਲਈ ਔਰਤ ਨੂੰ ਮਰਦ ਦੇ ਬਰਾਬਰ ਕੰਮ ਕਰਨ ਦੇ ਮੌਕੇ ਦਿੱਤੇ ਜਾਣ ਤੇ ਬਿਨਾਂ ਕਿਸੇ ਵਿਤਕਰੇ ਤੋਂ ਉਸ ਨੂੰ ਬਣਦਾ ਮਾਣ ਦਿੱਤਾ ਜਾਵੇ। ਘਰਾਂ ਤੋਂ ਬਾਹਰ ਕੰਮ-ਕਾਜ ਕਰਦੀਆਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਵੇਤਨ ਦਿੱਤਾ ਜਾਵੇ।

ਆਪਣੇ ਘਰਾਂ 'ਚ ਕੰਮ ਕਰਦੀਆਂ ਔਰਤਾਂ ਦੇ ਘਰੇਲੂ ਕੰਮਾਂ ਨੂੰ ਸਮਾਜਿਕ ਪੈਦਾਵਾਰ ਦੀ ਮਾਨਤਾ ਦਿੱਤੀ ਜਾਵੇ। ਔਰਤ ਨੂੰ ਮਾਂ-ਬਾਪ ਦੀ ਜਾਇਦਾਦ ਦਾ ਹਿੱਸਾ ਦਿੱਤਾ ਜਾਵੇ ਤੇ ਉਸ ਪ੍ਰਤੀ ਤੰਗਦਿਲੀ ਤੋਂ ਉੱਪਰ ਉੱਠ ਕੇ ਆਪਣੀ ਮਾਨਸਿਕਤਾ ਬਦਲੀ ਜਾਵੇ। ਉਸ ਨੂੰ ਵੀ ਮਰਦ ਬਰਾਬਰ ਸਮਝਿਆ ਜਾਵੇ। ਅਜਿਹੀ ਸਥਿਤੀ ਪੈਦਾ ਕਰਨ ਲਈ ਔਰਤ ਨੂੰ ਆਪਣੀ ਲੜਾਈ ਮੁਕਤੀ ਦੀ ਦਿਸ਼ਾ ਵੱਲ ਮੋੜ ਕੇ ਲੜਨੀ ਪਵੇਗੀ।

# ਲੋਕਾਂ ਦੀ ਸੁਰੱਖਿਆ ਦਾ ਜ਼ਿੰਮੇਵਾਰ ਕੌਣ?

ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ

ਹਰੇਕ 5 ਸਾਲ ਬਾਅਦ ਲੋਕ ਵੋਟਾਂ ਪਾ ਕੇ ਸਰਕਾਰਾਂ ਚੁਣਦੇ ਹਨ। ਸਰਕਾਰ ਬਣਨ ਤੋਂ ਬਾਅਦ ਜਿੱਤੇ ਨੁਮਾਇੰਦਿਆਂ ਦੀਆਂ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਵੀ ਬਣਦੀਆਂ ਹਨ ਜਿਨ੍ਹਾਂ ਵਿਚ ਸਿਹਤ, ਸਿੱਖਿਆ, ਸੜਕਾਂ, ਖੇਤੀਬਾੜੀ, ਪਾਣੀ, ਸਫ਼ਾਈ ਅਤੇ ਸੁਰੱਖਿਆ ਸ਼ਾਮਲ ਹਨ। ਜੇ ਦੇਖਿਆ ਜਾਵੇ ਤਾਂ ਸੁਰੱਖਿਆ ਦਾ ਵਿਸ਼ਾ ਸਭ ਤੋਂ ਜ਼ਰੂਰੀ ਹੈ। ਕੀ, ਸੱਚਮੁੱਚ ਅੱਜ ਲੋਕ ਸੁਰੱਖਿਅਤ ਹਨ? ਜੇ ਨਹੀਂ ਹਨ ਤਾਂ ਕੌਣ ਹੈ ਉਨ੍ਹਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ? ਪ੍ਰਸ਼ਾਸਨ ਅਤੇ ਮਾੜੇ ਸਿਸਟਮ ਕਾਰਨ ਅੱਜ ਲੋਕਾਂ ਨੂੰ ਕਦਮ-ਕਦਮ 'ਤੇ ਅਣਿਆਈ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕਾਂ 'ਤੇ ਫਿਰਦੇ ਅਵਾਰਾ ਖ਼ੂੰਖਾਰ ਕੁੱਤੇ, ਮਾਰਖੁੰਡੇ ਡੰਗਰ ਅਤੇ ਚੀਨ ਦੀ ਬਣੀ ਡੋਰ ਸਭ ਤੋਂ ਖ਼ਤਰਨਾਕ ਤੇ ਜਾਨਲੇਵਾ ਹਨ।


R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com


ਕੁਝ ਦਿਨ ਪਹਿਲਾਂ ਧੂਰੀ ਦੇ ਨੇੜੇ ਬੇਨੜੇ ਪਿੰਡ ਵਿਚ 5 ਸਾਲ ਦੇ ਬੱਚੇ ਨੂੰ ਅਵਾਰਾ ਕੁੱਤਿਆਂ ਨੇ ਵੱਢ ਕੇ ਖਾ ਲਿਆ ਜਦੋਂ ਉਹ ਪਤੰਗ ਲੁੱਟਣ ਲਈ ਖੇਤਾਂ ਵੱਲ ਨੂੰ ਭੱਜਿਆ ਜਾ ਰਿਹਾ ਸੀ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਜਲੰਧਰ ਨੇੜੇ ਇਕ ਛੋਟੀ ਬੱਚੀ ਨੂੰ ਖੇਤ ਜਾਣ ਸਮੇਂ ਕੁੱਤਿਆਂ ਨੇ ਮਾਰ ਦਿੱਤਾ। ਇਹ ਘਟਨਾਵਾਂ ਆਮ ਹੋ ਰਹੀਆਂ ਹਨ। ਹਫ਼ਤੇ ਵਿਚ ਅਕਸਰ ਇਕ-ਦੋ ਵਾਰ ਅਵਾਰਾ ਕੁੱਤਿਆਂ ਦੇ ਸ਼ਿਕਾਰ ਬਣੇ ਲੋਕਾਂ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਛਪਦੀਆਂ ਹਨ। ਮਾਰਖੁੰਡੇ ਸਾਨ੍ਹ ਅਤੇ ਹੋਰ ਅਵਾਰਾ ਪਸ਼ੂ ਪਤਾ ਨਹੀਂ ਕਿੰਨੇ ਕੁ ਲੋਕਾਂ ਨੂੰ ਮਾਰ ਚੁੱਕੇ ਹਨ।



ਸੜਕਾਂ 'ਤੇ ਝੁੰਡਾਂ ਦੇ ਝੁੰਡ ਫਿਰਦੇ ਪਸ਼ੂਆਂ ਨੂੰ ਕੋਈ ਕਾਬੂ ਕਰਨ ਵਾਲਾ ਨਹੀਂ ਹੈ। ਇਨ੍ਹਾਂ ਡੰਗਰਾਂ ਕਾਰਨ ਹੋ ਰਹੀਆਂ ਦੁਰਘਟਨਾਵਾਂ ਵਿਚ ਲੋਕ ਜਿੱਥੇ ਮਾਰੇ ਜਾ ਰਹੇ ਹਨ, ਉੱਥੇ ਹੀ ਇਹ ਡੰਗਰ ਵੀ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਕੀ ਪ੍ਰਸ਼ਾਸਨ ਜਾਂ ਸਰਕਾਰਾਂ ਇਨ੍ਹਾਂ ਡੰਗਰਾਂ ਲਈ ਵੱਡੀ ਗਿਣਤੀ ਵਿਚ ਗਊਸ਼ਾਲਾਵਾਂ ਨਹੀਂ ਬਣਾ ਸਕਦੀਆਂ ਜਿੱਥੇ ਇਹ ਰਹਿ ਸਕਣ? ਕੀ ਅਵਾਰਾ ਕੁੱਤਿਆਂ ਲਈ ਆਸਰਾ ਘਰ ਨਹੀਂ ਬਣਾਏ ਜਾ ਸਕਦੇ? ਜਿੱਥੋਂ ਤਕ ਚਾਈਨਾ ਡੋਰ ਦਾ ਸਬੰਧ ਹੈ, ਪਿਛਲੇ ਸਮੇਂ ਦੌਰਾਨ ਕਿੰਨੇ ਹੀ ਲੋਕ ਇਸ ਦੀ ਬਦੌਲਤ ਮਾਰੇ ਜਾ ਚੁੱਕੇ ਹਨ ਜਾਂ ਜ਼ਖ਼ਮੀ ਹੋ ਗਏ ਹਨ।

ਪਿਛਲੇ ਦਿਨੀਂ ਚਾਈਨਾ ਡੋਰ ਕਰ ਕੇ ਖੰਨਾ, ਬਟਾਲਾ ਅਤੇ ਜ਼ੀਰੇ ਵਿਚ ਆਪਣੇ ਵਾਹਨਾਂ 'ਤੇ ਜਾਂਦੇ ਕੁਝ ਰਾਹੀ ਮਾਰੇ ਗਏ। ਦੋ ਦਿਨ ਪਹਿਲਾਂ ਸਮਰਾਲਾ ਨੇੜੇ ਉਟਾਲਾਂ ਪਿੰਡ ਕੋਲ ਆਪਣੇ ਪਿਉ ਨਾਲ ਜਾਂਦੀ ਕੁੜੀ ਦੀ ਗਰਦਨ ਡੋਰ ਨੇ ਵੱਢ ਦਿੱਤੀ ਜੋ ਕਿ ਹਸਪਤਾਲ ਜਾ ਕੇ ਮਰ ਗਈ। ਹਰ ਰੋਜ਼ ਡੋਰ ਨਾਲ ਜ਼ਖ਼ਮੀ ਮਰੀਜ਼ ਹਸਪਤਾਲਾਂ ਵਿਚ ਆ ਰਹੇ ਹਨ। ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ? ਜੋ ਸਰਕਾਰਾਂ ਚਾਰ ਹਫ਼ਤੇ ਵਿਚ ਚਿੱਟਾ ਖ਼ਤਮ ਕਰਨ ਦੀਆਂ ਸਹੁੰਆਂ ਖਾਂਦੀਆਂ ਹਨ, ਉਹ ਅਵਾਰਾ ਕੁੱਤਿਆਂ, ਮਾਰਖੁੰਡੇ ਡੰਗਰਾਂ ਅਤੇ ਚਾਈਨਾ ਡੋਰ ਦਾ ਕੋਈ ਹੱਲ ਕਿਉਂ ਨਹੀਂ ਕਰ ਸਕਦੀਆਂ। ਲੱਗਦਾ ਹੈ ਕਿ ਸਰਕਾਰਾਂ ਵਿਚ ਇੱਛਾ ਸ਼ਕਤੀ, ਦ੍ਰਿੜ੍ਹ ਇਰਾਦਾ ਅਤੇ ਮਨੁੱਖਤਾ ਪ੍ਰਤੀ ਹਮਦਰਦੀ ਖ਼ਤਮ ਹੋ ਚੁੱਕੀ ਹੈ। ਕੀ ਲੋਕ

(ਬਾਕੀ ਸਫਾ 22 'ਤੇ)

# ਉਚ ਕੋਟੀ ਦੇ ਸੂਫ਼ੀ ਫਕੀਰ ਸਾਈਂ ਮੀਆਂ ਮੀਰ ਜੀ



ਡਾਕਟਰ ਅਜੀਤ ਸਿੰਘ ਕੋਟਕਪੂਰਾ
657-464-4066


ਸ਼੍ਰੀ ਗੁਰੂ ਅਮਰਦਾਸ ਵਲੋਂ ਭਾਈ ਜੇਠਾ ਜੀ ਨੂੰ ਪਰਖ ਲੈਣ ਬਾਅਦ ਗੁਰਿਆਈ ਬਖਸ਼ ਸ਼੍ਰੀ ਗੁਰੂ ਰਾਮ ਦਾਸ ਬਣਾ ਦਿਤਾ ਗਿਆ ਅਤੇ ਆਖਿਆ ਕਿ ਤੁਸੀਂ ਆਪਣਾ ਟਿਕਾਣਾ ਉਸ ਥਾਂ ਉਪਰ ਬਣਾ ਲਵੋ ਜਿਹੜੀ ਭੋਏਂ ਅਕਬਰ ਬਾਦਸ਼ਾਹ ਵਲੋਂ ਦਿਤੀ ਗਈ ਸੀ ਅਤੇ ਉਥੇ ਹੀ ਇੱਕ ਸਰੋਵਰ ਦੀ ਖੁਦਵਾਈ ਕਾਰਵਾਈ ਜਾਵੇ। ਹੁਕਮਾਂ ਦੀ ਪਾਲਣਾ ਕਰਦੇ ਹੋਏ ਚੌਥੇ ਨਾਨਕ ਨੇ ਆਪਣੀ ਰਿਹਾਇਸ਼ ਬਣਵਾ ਲੈਣ ਅਤੇ ਨਜ਼ਦੀਕ ਹੀ ਤਾਲਾਬ ਦੀ ਪੁਟਾਈ ਸ਼ੁਰੂ ਕਰਵਾ ਕੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਸੰਭਾਲ ਲਈ ਗੋਇੰਦਵਾਲ ਪੁੱਜ ਗਏ ਸਨ। ਜਦੋਂ ਤੀਸਰੇ ਨਾਨਕ ਅਕਾਲ ਪੁਰਖ ਪਿਆਨਾ ਕਰ ਗਏ ਤਾਂ ਚੌਥੇ ਨਾਨਕ ਨੇ ਵਾਪਿਸ ਪੁੱਜ ਕੇ ਸਰੋਵਰ ਦੀ ਪੁਟ-ਾਈ ਆਪਣੀ ਨਿਗਰਾਨੀ ਵਿਚ ਕਰਵਾਣ ਲਗ ਪਏ ਸਨ ਅਤੇ ਨੇੜੇ ਹੀ ਇੱਕ ਥੜੇ ਉਪਰ ਬੈਠ ਇਸ ਸਾਰੀ ਸੇਵਾ ਦੀ ਨਿ-ਗਰਾਨੀ ਕਰਦੇ ਸਨ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਦਾਸਪੁਰ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਵਲੋਂ ਸ਼ੁਰੂ ਕੀਤੇ ਗਏ ਅੰਮ੍ਰਿਤ ਸਰੋਵਰ ਦੀ ਪੁਟਾਈ ਨੂੰ ਪੂਰਾ ਕਰਵਾਇਆ। ਉਸ ਨਗਰੀ ਨੂੰ ਅੱਜ ਕਲ ਅੰਮ੍ਰਿਤਸਰ ਆਖਿਆ ਜਾਂਦਾ ਹੈ। ਅੰਮ੍ਰਿਤ ਸਰੋਵਰ ਦੇ ਬਣ ਜਾਣ ਤੋਂ ਬਾਅਦ ਪੰਜਵੇਂ ਨਾਨਕ ਨੇ ਉਸ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਜਿਸ ਦਾ ਮੁਖ ਉਦੇਸ਼ ਸੀ ਕਿ ਸਿੱਖ ਸੰਗਤਾਂ ਕੋਲ ਆਪਣਾ ਇੱਕ ਧਰਮ ਅਸਥਾਨ ਬਣ ਜਾਵੇ ਜਿਥੇ ਸੰਗਤਾਂ ਆਪਣੇ ਗੁਰੂ ਦਾ ਉਪਦੇਸ਼ ਸੁਣਨ ਲਈ ਇਕੱਤ੍ਰ ਹੋ ਸਕਦੀਆਂ ਹੋਣ ਅਤੇ ਆਪਣੇ ਧਰਮ ਦਾ ਅਭਿਆਸ ਕਰ ਸਕਦੀਆਂ ਹੋਣ।

ਜਦੋਂ ਇਸ ਮਹਾਨ ਤੀਰਥ ਦੀ ਉਸਾਰੀ ਸ਼ੁਰੂ ਹੋਣ ਜਾ ਰਹੀ ਸੀ ਤਾਂ ਗੁਰੂ ਜੀ ਦੇ ਪੈਰੋਕਾਰਾਂ ਦਾ ਵਿਚਾਰ ਸੀ ਕਿ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਅੰਮ੍ਰਿਤਸਰ ਸਾਰੀਆਂ ਇਮਾਰਤਾਂ ਨਾਲੋਂ ਉਚਾ ਉਸਾਰਿਆ ਜਾਵੇ, ਪਰੰਤੂ ਗੁਰੂ ਜੀ ਨੇ ਨਿਮਰਤਾ ਨਾਲ ਸਮਝਾਇਆ ਕਿ ਕੋਈ ਵੀ ਇਮਾਰਤ ਉੱਚੀ ਹੋਣ ਨਾਲ ਕੋਈ ਵੀ ਥਾਂ ਉੱਚੀ ਨਹੀਂ ਹੋ ਜਾਇਆ ਕਰਦੀ। ਉਨ੍ਹਾਂ ਨੇ ਉਦਾਹਰਣ ਦਿੰਦੇ ਹੋਏ ਦੱਸਿਆ ਕਿ ਦੇਖੋ ਪਾਣੀ ਕਿਤਨਾ ਸ਼ਕਤੀਸ਼ਾਲੀ ਅਤੇ ਤਾਕਤਵਰ ਹੈ ਪਰ ਇਸ ਦੀ ਨਿਮਰਤਾ ਵਲ ਧਿਆਨ ਦਿੱਤਾ ਜਾਵੇ ਤਾਂ ਅਸੀਂ ਦੇਖਦੇ ਹਨ ਕਿ ਤਾਕਤਵਰ ਹੁੰਦਾ ਹੋਇਆ ਨੀਵੇਂ ਪਾਸੇ ਵਲ ਨੂੰ ਹੀ ਜਾਂਦਾ ਹੈ। ਹਰਿਮੰਦਰ ਸਾਹਿਬ ਦੀ ਨੀਂਹ ਸ਼ਹਿਰ ਦੇ ਹਰ ਪੱਧਰ ਤੋਂ ਦੋ ਫੁੱਟ ਨੀਵੀਂ ਰੱਖੀ ਗਈ ਸੀ . ਹਿੰਦੂ ਮੰਨਦੇ ਹਨ ਕਿ ਪੂਰਬ ਦਿਸ਼ਾ ਪਵਿੱਤਰ ਹੈ ਅਤੇ ਮੁਸਲਮਾਨ ਪੱਛਮ ਦਿਸ਼ਾ ਨੂੰ ਪਵਿੱਤਰ ਮੰਨ ਕੇ ਆਪਣੀ ਨਮਾਜ਼ ਉਸ ਦਿਸ਼ਾ ਵਲ ਮੂੰਹ ਕਰ ਕੇ ਪੜਦੇ ਹਨ, ਪਰੰਤੂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਕਿ ਰੱਬ ਸਾਰੇ ਪਾਸੇ ਮੌਜੂਦ ਹੈ ਅਤੇ ਚਾਰੇ ਦਿਸ਼ਾਵਾਂ ਹੀ ਰੱਬ ਵਲੋਂ ਬਣਾਈਆਂ ਗਈਆਂ ਹਨ . ਇਸ ਲਈ ਹਰਿ-ਮੰਦਰ ਸਾਹਿਬ ਨੂੰ ਚਾਰ ਦਰਵਾਜ਼ੇ ਰੱਖ ਕੇ ਕਿ ਇਹ ਸਮਝ-ਾਇਆ ਕਿ ਇਸ ਸਥਾਨ ਉਪਰ ਹਰ ਸੋਚ ਦਾ ,ਹਰ ਜਾਤਪਾਤ ਦਾ ਅਤੇ ਹਰ ਧਰਮ ਦਾ ਆਦਮੀ ਬਿਨਾ ਕਿਸੇ ਡਰ ਦੇ ਗੁਰੂ ਘਰ ਵਿਚ ਆ ਸਕਦਾ ਹੈ . ਰੱਬ ਦੇ ਘਰ ਦੇ ਅੰਦਰ ਸਾਰੇ ਬਰਾਬਰ ਹਨ ਅਤੇ ਕੋਈ ਵੀ ਉਚਾ ਜਾਂ ਨੀਵਾਂ ਨਹੀਂ ਹੈ। ਚਾਰੇ ਦਰਵਾਜ਼ੇ ਕੇਵਲ ਵਿਖਾਵੇ ਲਈ ਹੀ ਨਹੀਂ ਰੱਖੇ ਗਏ ਸਗੋਂ ਪੂਰੀ ਤਰਾਂ ਨਾਲ ਬਰਾਬਰੀ ਦੇ ਸਿਧਾਂਤ ਉਪਰ ਅਮਲ ਕੀਤਾ ਗਿਆ ਸੀ। ਸਿੱਖ ਲੋਕ ਧਾਰਾ ਦੇ ਅੰਦਰ ਇਹ ਗੱਲ ਬਹੁਤ ਹੀ ਪ੍ਰਚਲਤ ਹੈ ਕਿ ਜਦੋਂ ਸਾਰੇ ਧਰਮਾਂ ਦੇ ਲੋਕਾਂ ਲਈਂ ਹਰਿ-ਮੰਦਰ ਸਾਹਿਬ ਦੀ ਉਸਾਰੀ ਕਰਨ ਦੀ ਸੋਚ ਆਈ ਸੀ ਤਾਂ ਇਸ ਪਵਿੱਤਰ ਸਥਾਨ ਦੀ ਨੀਂਹ ਪੱਥਰ ਰੱਖਣ ਲਈ ਸਾਈਂ ਮੀਆਂ ਮੀਰ ਜੀ ਨੂੰ ਬੁਲਾਇਆ ਗਿਆ ਸੀ ਅਤੇ ਹਰਿਮੰਦਰ ਸਾਹਿਬ ਦੀ ਪੂਰਤੀ ਵਿੱਚ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਆਪਣਾ ਹਿੱਸਾ ਪਾਇਆ ਸੀ। ਮਿੱਟੀ ਦੀਆਂ ਟੋਕਰੀਆਂ ਭਰ ਭਰ ਕੇ ਢੋਹੀਆਂ ਸਨ। ਗੁਰੂ ਸਾਹਿਬਾਨ ਨਾਲ ਮੀਆਂ ਮੀਰ ਦੇ ਸਬੰਧਾਂ ਦਾ ਅਧਾਰ ਨਿਜੀ ਪਸੰਦ ਜਾਂ ਨਾ ਪਸੰਦ ਨਹੀਂ ਸੀ ਸਗੋਂ ਉਨ੍ਹਾਂ ਦੀ ਵਿਚਾਰਧਾਰਕ ਸਾਂਝ ਸੀ। ਸ਼੍ਰੀ ਹਰਿਮੰਦਰ ਸਾਹਿਬ ਦੀ ਪੂਰਤੀ ਤੇ ਗੁਰੂ ਜੀ ਨੇ ਸੂਹੀ ਰਾਗ ਵਿਚੋਂ ਇਹ ਸ਼ਬਦ ਉਚਾਰਿਆ ਸੀ ਜੋ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 783 ਉਪਰ ਸੁਭਾਏਮਾਨ ਹੈ ਅਤੇ ਹੇਠਾਂ ਦਰਜ ਹੈ -

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥&;
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥

ਇਸ ਸ਼ਬਦ ਦੇ ਭਾਵ ਅਰਥ ਹਨ ਕਿ ਉਹ ਅਕਾਲ ਪੁਰਖ ਆਪਣੇ ਭਗਤਾਂ ਦੇ ਅਤੇ ਆਪਣੇ ਸੰਤਾਂ ਦੇ ਕੰਮ ਪੂਰਨ ਕਰਵਾਉਣ ਲਈ ਆਪ ਨਾਲ ਸ਼ਾਮਿਲ ਹੁੰਦਾ ਹੈ ਇਹ ਜ਼ਮੀਨ ਜਿਸ ਉਪਰ ਹਰਿਮੰਦਰ ਸਾਹਿਬ ਸ਼ਸ਼ੋਭਿਤ ਹੈ, ਬਹੁਤ ਹੀ ਸੁੰਦਰ ਹੈ ਇਹ ਸਰੋਵਰ ਸੁਹਾਵਣਾ ਹੈ ਜਿਸ ਦੇ ਵਿਚ ਅੰਮ੍ਰਿਤ ਜਲ ਭਰਿਆ ਹੋਇਆ ਹੈ। ਇਸ ਕਾਰਜ ਦੇ ਪੂਰਨ ਹੋਣ ਉਪਰੰਤ ਮੇਰ-ੀਆਂ ਸਾਰੀਆਂ ਮੁਰਾਦਾਂ ਅਤੇ ਇੱਛਾਵਾਂ ਪੂਰਨ ਹੋ ਗਈਆਂ ਹਨ . ਉਸ ਸਰ-ਬਵਿਆਪਕ ਅਤੇ ਕਦੇ ਨਾ ਖਤਮ ਹੋਣ ਵਾਲੇ ਈਸ਼ਵਰ ਨੇ ਆਪਣੇ ਵਡੱਪਣ ਵਿਚ ਅਤੇ ਸ਼ਾਂਤ ਸੁਭਾਵ ਅਨੁਸਾਰ ਸਾਰੇ ਹੀ ਕਾਰਜ ਰਾਸ ਕਰ ਦਿਤੇ ਹਨ।




ਜਦੋਂ ਸਤੰਬਰ 1,1604 ਨੂੰ ਆਦਿ ਗਰੰਥ ਨੂੰ ਹਰਿਮੰਦਰ ਸਾਹਿਬ ਜੀ ਦੇ ਅੰਦਰ ਸ਼ਸ਼ੋਭਿਤ ਕੀਤਾ ਗਿਆ ਸੀ ਉਸ ਸਮੇਂ ਬਾਬਾ ਬੁੱਢਾ ਜੀ ਨੂੰ ਪਹਿਲਾ ਹਜ਼ੂਰੀ ਗ੍ਰੰਥੀ ਥਾਪਿਆ ਗਿਆ ਸੀ ਤੇ ਬਾਬਾ ਬੁੱਢਾ ਜੀ ਪਹਿਲਾ ਵਾਕ ਲਿਆ ਸੀ ਉਹ ਵੀ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਉਪਰ ਦਰਜ ਹੈ . ਸਿੱਖ ਘਰਾਂ ਦੇ ਕਿਸੇ ਵੀ ਸ਼ੁਭ ਕਾਰਜ ਸੰਪੂਰਨ ਹੋਣ ਤੇ ਇਹ ਸ਼ਬਦ ਹੀ ਪੜ੍ਹਿਆ ਜਾਂਦਾ ਹੈ।

ਮੀਆਂ ਮੀਰ ਨੂੰ ਸਤਿਕਾਰ ਨਾਲ ਹਜ਼ਰਤ ਮੀਆਂ ਮੀਰ ਆਖ ਕੇ ਯਾਦ ਕੀਤਾ ਜਾਂਦਾ ਹੈ ਪਰੰਤੂ ਉਨ੍ਹਾਂ ਦਾ ਅਸਲੀ ਨਾਮ ਸ਼ੇਖ ਮੋਹੰਮਦ ਸੀ। ਹਜ਼ਰਤ ਅਤੇ ਸ਼ੇਖ ਦੀ ਤਰਾਂ ਹੀ ਮੀਰ ਵੀ ਅੰਦਰ ਅਤੇ ਸਤਿਕਾਰ ਦਾ ਹੀ ਸੂਚਕ ਹੈ ਜਿਹੜਾ ਮਹਾਨ ਮੁਸਲਮਾਨ ਸੰਤਾਂ ਫਕੀਰਾਂ ਦੀ ਅੰਸ਼ ਔਲਾਦ ਜਾਂ ਜਾਨਸ਼ੀਨ ਲਈ ਵਰਤਿਆ ਜਾਂਦਾ ਹੈ। ਮੀਆਂ ਮੀਰ ਜੀ ਦਾ ਪਿਛੋਕੜ (ਇਰਾਨ -ਅਫਗਾਨਿਸਤਾਨ) ਸੀਸਤਾਨ ਨਾਲ ਜੁੜਿਆ ਹੋਇਆ ਹੈ। ਸਾਈਂ ਮੀਆਂ ਮੀਰ ਦਾ ਜਨਮ 1550 ਈਸਵੀ ਦੇ ਨੇੜੇ ਤੇੜੇ ਹੋਇਆ ਹੈ ਇਹ ਵਰਨਣ ਸਾਨੂੰ ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਜੀ ਵਲੋਂ ਲਿਖਿਆ ਹੋਇਆ ਮਿਲਦਾ ਹੈ। ਉਨ੍ਹਾਂ ਦੇ ਪਿਤਾ ਜੀ ਸਾਈਂ ਦਿੱਤਾ ਸੀਸਤਾਨ ਦੇ ਕਾਜ਼ੀ ਸਨ। ਮੀਆਂ ਮੀਰ ਜੀ ਕੇਵਲ ਸੱਤ ਸਾਲ ਦੇ ਹੀ ਸਨ ਜਦੋਂ ਉਨ੍ਹਾਂ ਦੇ ਪਿਤਾ ਜੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਸਨ। ਉਨ੍ਹਾਂ ਦੇ ਮਾਤਾ ਜੀ ਪੀਰ ਦਸਤਗਾਰ ਦੇ ਰੂਹਾਨੀ ਘਰਾਣੇ ਵਿਚੋਂ ਸਨ ਜਿਨ੍ਹਾਂ ਨੇ ਆਪਣੇ ਹੋਣਹਾਰ ਪੁੱਤਰ ਨੂੰ ਪਾਲ ਪੋਸ ਕੇ ਪ੍ਰਤਿਭਾਵਾਨ ਬਣਾਇਆ ਸੀ। ਰੂਹਾਨੀ ਵਿਦਿਆ ਉਨ੍ਹਾਂ ਨੇ ਆਪਣੀ ਮਾਤਾ ਤੋਂ ਹੀ ਗ੍ਰਹਿਣ ਕੀਤੀ ਅਤੇ ਮਦਰੱਸੇ ਦੀ ਪੜ੍ਹਾਈ ਖਤਮ ਕਰਨ ਤੋਂ ਪਹਿਲਾਂ ਹੀ ਰਹੱਸਵਾਦ ਦੇ ਖੇਮੇ ਵਿਚ ਵਿਲੱਖਣ ਸਥਾਨ ਪ੍ਰਾਪਤ ਕਰ ਲਿਆ ਸੀ। ਉਨ੍ਹਾਂ ਨੇ ਸੀਸਤਾਨ ਦੀਆਂ ਪਹਾੜੀਆਂ ਵਿਚ ਸ਼ੇਖ ਹਿਜਰ ਦੇ ਮੁਰੀਦ ਹੋ ਗਏ ਅਤੇ ਬਾਅਦ ਵਿਚ ਆਪਣੇ ਗੁਰੂ ਜੀ ਦੀ ਆਗਿਆ ਲੈ ਲਾਹੌਰ ਵਿਖੇ ਟਿਕਾਣਾ ਕਰ ਲਿਆ ਸੀ . ਇਸ ਥਾਂ ਨੂੰ ਮੀਆਂ ਮੀਰ ਦੀ ਛਾਉਣੀ ਕਰ ਕੇ ਜਾਣਿਆ ਜਾਂਦਾ ਹੈ। ਇਸ ਥਾਂ ਮੀਆਂ ਮੀਰ ਦਾ ਮਕਬਰਾ ਹੈ ਜਿਥੇ ਅੱਜ ਵੀ ਲੋਕ ਸ਼ਰਧਾਂਜਲੀ ਅਰਪਣ ਕਰਨ ਆਉਂਦੇ ਹਨ।

ਸਾਈਂ ਮੀਆਂ ਮੀਰ ਆਪਣੇ ਸਮੇਂ ਦੇ ਉੱਚਕੋਟੀ ਦੇ ਸੂਫੀ ਫਕੀਰ ਅਤੇ ਬਹੁਤ ਹੀ ਹਰਮਨ ਪਿਆਰੇ ਸਨ. ਅੱਠਵੀਂ ਸਦੀ ਈਸਵੀ ਵਿਚ ਸ਼ੁਰੂ ਹੋਣ ਵਾਲੀ ਸੂਫ਼ੀਆਂ ਦੀ ਤਿਆਗ ਦੀ ਲਹਿਰ ਸੀ ਇਸ ਲਈ ਇਸ ਨੂੰ ਇਸਲਾਮ ਵਿਰੋਧੀ ਜਾਣ ਲਿਆ ਗਿਆ, ਪਰੰਤੂ ਤਿਆਗ ਸੂਫੀ ਮਤ ਦਾ ਇੱਕ ਮੂਲ ਤੱਤ ਹੈ ਅਤੇ ਤਿਆਗ ਦਾ ਇਹ ਤੱਤ ਨਾ ਤਾਂ ਇਸਲਾਮ ਵਿਚ ਹੈ ਅਤੇ ਨਾ ਹੀ ਯਹੂਦੀ ਮੱਤ ਵਿਚ ਹੈ, ਸੂਫੀ ਲਹਿਰ ਨੂੰ ਕੁਚਲਣ ਲਈ ਅਤੇ ਸੂਫ਼ੀਆਂ ਨੂੰ ਤਸੀਹੇ ਦੇਣ ਲਈ ਹੋਰ ਵੀ ਚਾਲਾਂ ਚਲੀਆਂ ਗਈਆਂ ਸਨ। ਜਦੋਂ ਇਸਲਾਮ ਦੀ ਕੱਟੜਤਾ ਵਲੋਂ ਸੂਫ਼ੀਆਂ ਦਾ ਸਖਤੀ ਨਾਲ ਵਿਰੋਧ ਹੋਣ ਲਗਾ ਸੀ ਤਾਂ ਸੂਫ਼ੀਆਂ ਨੇ ਆਪਣੇ ਮੱਤ ਦੀ ਸੁਰਖਿਆ ਲਈ ਕੋਸ਼ਿਸ਼ਾਂ ਕੀਤੀਆਂ ਅਤੇ ਮੱਤ ਦਾ ਇਸਲਾਮ ਨਾਲ ਕੋਈ ਤਾਲਮੇਲ ਬਿਠਾਉਣ ਦਾ ਰਸਤਾ ਲੱਭਣ ਲਗੇ। ਇਸ ਤਰਾਂ ਸੂਫੀ ਮਤ ਸਿਲਸਿਲਿਆਂ ਵਿਚ ਵੰਡਿਆ ਗਿਆ ਅਤੇ ਕੁਝ ਅਜਿਹੇ ਸੂਫੀ ਸਿਲਸਿਲੇ ਬਣ ਗਏ ਜਿਨ੍ਹਾਂ ਨੂੰ ਇਸਲਾਮ ਦੇ ਅੰਦਰ ਮਾਣ ਯੋਗ ਸਥਾਨ ਮਿਲ ਗਿਆ। ਕਾਦਰੀ, ਸੁਹਰਾਵਰਦੀ,ਚਿਸ਼ਤੀ ਅਤੇ ਨਕਸ਼ਬੰਦੀ ਸਿਲਸਿਲੇ ਹਨ ਜਿਹੜੇ ਵਿਸ਼ੇਸ਼ ਤੌਰ ਉਪਰ ਵਰਨਣ ਯੋਗ ਹਨ। ਸੂਫ਼ੀਆਂ ਦੀ ਤਿਆਗ ਸਿਦਕ ਸਹਿਣਸ਼ੀਲਤਾ ਅਤੇ ਮਿੱਤਰ ਭਾਵਨਾ ਦੇ ਕਾਰਨ ਹੇਠਲੀਆਂ ਸ਼੍ਰੇਣੀਆਂ ਦੇ ਹਿੰਦੂ ਖਾਸ ਕਰ ਇਸਲਾਮ ਵਲ ਖਿਚੇ ਗਏ ਸਨ। ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਸ਼ੇਖ ਫਰੀਦ ਦਾ ਸਬੰਧ ਚਿਸ਼ਤੀ ਸਿਲਸਿਲੇ ਨਾਲ ਸੀ। ਉਨ੍ਹਾਂ ਦੀ ਰਚਨਾ ਨੂੰ ਸਤਿਕਾਰ ਸਾਹਿਤ ਸ਼੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਕੀਤਾ ਹੋਇਆ ਹੈ। ਹਜਰਤ ਮੀਆਂ ਮੀਰ ਜੀ ਦਾ ਸਬੰਧ ਕਾਦਰੀ ਸਿਲਸਿਲੇ ਨਾਲ ਦੱਸਿਆ ਗਿਆ ਹੈ। ਇਸ ਸਿਲਸਿਲੇ ਦਾ ਮੋਢੀ ਜਿਲਾਨ ਬਗਦਾਦ ਦਾ ਵਾਸੀ ਸ਼ੇਖ ਅਬਦੁਲ ਕਾਦਰ (1087-1106 ਈਸਵੀ) ਸੀ ਜਿਸ ਦੀ ਖਾਨਗਾਹ ਬਗਦਾਦ ਵਿਚ ਹੈ ਅਤੇ ਜਿਹੜਾ ਪੀਰ ਦਸਤਗੀਰ ਕਰਕੇ ਵੀ ਜਾਣਿਆ ਜਾਂਦਾ ਹੈ। ਸਾਈਂ ਮੀਆਂ ਮੀਰ ਨੇ ਜਦੋਂ ਦਾ ਲਾਹੌਰ ਵਿਚ ਡੇਰਾ ਲਾਇਆ ਉਹ ਸਾਰੇ ਹੀ ਲਹੌਰੀਆਂ ਦਾ ਧਿਆਨ ਦਾ ਕੇਂਦਰ ਬਣ ਗਿਆ ਸੀ। ਮੀਆਂ ਮੀਰ ਬਹੁਤ ਹੀ ਮਿਲਣਸਾਰ ਆਦਮੀ ਸੀ ਅਤੇ ਹੋਰ ਸੂਫ਼ੀਆਂ ਦੀ ਤਰਾਂ ਇਕਾਂਤ ਨੂੰ ਹੀ ਪਸੰਦ ਕਰਦਾ ਸੀ, ਪਰੰਤੂ ਇਸ ਦੇ ਬਾਵਜੂਦ ਵੀ ਸਾਰੇ ਵਰਗਾ ਦੇ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਰਹਿੰਦੇ ਸਨ। ਸ਼੍ਰੀ ਗੁਰੂਰਜਨ ਦੇਵ ਜੀ ਅਕਸਰ ਆਪਣੇ ਪਿਤਾ ਦੇ ਜਨਮ ਅਸਥਾਨ ਉਪਰ ਆਇਆ ਕਰਦੇ ਸਨ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਮੇਲ ਜੋਲ ਰੱਖਦੇ ਸਨ। ਇਕ ਵਾਰ ਉਹ ਲਾਹੌਰ ਗਏ ਅਤੇ ਪੀਰ ਨੂੰ ਮਿਲਣ ਚਲੇ ਗਏ ਬਸ ਫੇਰ ਈਸ਼ਵਰ ਦੇ ਦੋ ਭਗਤ ਮਿਲੇ ਅਤੇ ਇੱਕ ਦੂਸਰੇ ਦੇ ਮਿੱਤਰ ਬਣ ਗਏ। ਭਾਵੇਂ ਉਮਰ ਦੇ ਹਿਸਾਬ ਨਾਲ ਸਾਈਂ ਮੀਆਂ ਮੀਰ ਜੀ ਸ਼੍ਰੀ ਗੁਰੂ ਅਰਜਨ ਦੇਵ ਜੀ ਤੋਂ ਲਗਭਗ 13 ਸਾਲ ਵੱਡੇ ਸਨ।

1606 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੇ ਮਾਮਲੇ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਦੱਸਿਆ ਜਾਂਦਾ ਹੈ ਖੁਸਰੋ ਲਾਹੌਰ ਵਲ ਜਾਂਦਾ ਹੋਇਆ ਤਰਨ ਤਾਰਨ ਗੁਰੂ ਜੀ ਦੇ ਦਰਸ਼ਨ ਕਰਨ ਚਲਾ ਗਿਆ ਸੀ ਤੇ ਮੰਦੇ ਹਾਲ ਵਿਚ ਗੁਰੂ ਜੀ ਨੇ ਉਸ ਦੀ ਕੁਝ ਮਦਦ ਕਰ ਦਿਤੀ। ਮੌਕੇ ਦੀ ਤਾੜ ਵਿਚ ਦੁਸ਼ਮਣਾਂ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਾਹੌਰ ਦੇ ਕਿਲੇ ਅੰਦਰ ਬੰਦ ਕਰ ਦਿੱਤਾ ਸੀ। ਉਥੇ ਉਨ੍ਹਾਂ ਨੂੰ ਵੱਖ ਵੱਖ ਤਸੀਹੇ ਦਿਤੇ ਗਏ। ਜਦੋਂ ਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਰਹੇ ਸੀ ਤਾਂ ਸਾਈਂ ਮੀਆਂ ਮੀਰ ਨੇ ਉਨ੍ਹਾਂ ਅੱਗੇ ਤਰਲਾ ਕੀਤਾ ਕਿ ਉਸ ਨੂੰ ਆਪਣੀ ਰਹਸਮਈ ਸ਼ਕਤੀ ਦੇ ਵਰਤਣ ਦੀ ਆਗਿਆ ਦਿਤੀ ਜਾਵੇ ਤਾਂ ਜੋ ਉਹ ਤਸੀਹੇ ਦੇਣ ਵਾਲਿਆਂ ਦਾ ਮਲੀਆ ਮੇਟ ਕਰ ਦੇਣ। ਪ੍ਰੰਤੂ ਗੁਰੂ ਜੀ ਨੇ ਉਨ੍ਹਾਂ ਨੂੰ ਸਬਰ ਸੰਤੋਖ ਤੋਂ ਕੰਮ ਲੈਣ ਦੀ ਸਲਾਹ ਦਿਤੀ ਅਤੇ ਸਾਨੂੰ ਉਸ ਵਾਹਿਗੁਰੂ ਦੇ ਭਾਣੇ ਵਿਚ ਹੀ ਰਹਿਣਾ ਚਾਹੀਦਾ ਹੈ ਅਤੇ ਉਸ ਦੇ ਹੁਕਮ ਬਿਨਾ ਪੱਤਾ ਵੀ ਨਹੀਂ ਹਿਲ ਸਕਦਾ। ਇਹ ਦੱਸਿਆ ਜਾਂਦਾ ਹੈ ਕਿ ਸਾਈਂ ਜੀ ਗੁਝੀਆਂ ਗੈਬੀ ਸ਼ਕਤੀਆਂ ਦੇ ਮਾਲਕ ਸਨ ਅਤੇ ਉਸ ਸਮੇਂ ਇਤਨੇ ਗੁੱਸੇ ਵਿਚ ਸਨ ਕਿ ਉਹ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾਉਣ ਲਈ ਤਿਆਰ ਸਨ।

ਹਜ਼ਰਤ ਮੀਆਂ ਮੀਰ ਨੇ ਸ਼ਾਦੀ ਨਹੀਂ ਕੀਤੀ ਸੀ ਅਤੇ ਸਾਰਾ ਜੀਵਨ ਬ੍ਰਹਮਚਾਰੀ ਰਹਿ ਕੇ ਹੀ ਗੁਜ਼ਾਰੀ ਸੀ .ਲੋਕਾਈ ਨੂੰ ਪਿਆਰ ਕਰਨ ਵਾਲਾ ਅਤੇ ਹਰ ਸਮੇਂ ਲੋੜਵੰਦਾਂ ਦੀ ਸਹਾਇਤਾ ਕਰਨ ਵਾਲਾ ਅਤੇ ਭਗਤੀ ਕਰਨ ਵਾਲਾ ਕਾਦਰੀ ਸਿਲਸਿਲੇ ਦਾ ਸੂਫ਼ੀ 11 ਅਗਸਤ 1635 ਨੂੰ 87-88 ਸਾਲ ਦੀ ਉਮਰ ਵਿਚ ਇਸ ਜਹਾਨ ਨੂੰ ਛੱਡ ਗਿਆ ਸੀ। ਇਹ ਕਿਹਾ ਜਾਂਦਾ ਹੈ ਕਿ ਜਦੋਂ ਅੰਤ ਸਮਾਂ ਨੇੜੇ ਆਇਆ ਤਾਂ ਉਹ ਸਖਤ ਬਿਮਾਰ ਹੋ ਗਿਆ ਸੀ। ਉਸ ਸਮੇਂ ਦੇ ਮਸ਼ਹੂਰ ਹਕੀਮ ਵਜ਼ੀਰ ਖਾਂ ਨੇ ਸਾਈਂ ਜੀ ਦੇ ਇਲਾਜ ਲਈ ਹਾਜ਼ਰ ਹੋਇਆ ਤਾਂ ਮੀਰ ਜੀ ਨੇ ਆਖਿਆ ਕਿ ਸਭ ਤੋਂ ਵੱਡਾ ਹਕੀਮ ਅਰਥਾਤ ਰੱਬ ਉਸ ਦਾ ਇਲਾਜ ਕਰ ਰਿਹਾ ਹੈ। ਆਪਣੀ ਮੌਤ ਤੋਂ ਕੁਝ ਪਲ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਹਦਾਇਤ ਕੀਤੀ ਕਿ ਉਹ ਉਸ ਦੀਆਂ ਹੱਡੀਆਂ ਨੂੰ ਨਾ ਵੇਚਣ ਜਿਸ ਦਾ ਸਪਸ਼ਟ ਅਰਥ ਸੀ ਕਿ ਉਸ ਦੀ ਕਬਰ ਉਪਰ ਚੜਾਵੇ ਕਬੂਲ ਨਾ ਕੀਤੇ ਜਾਣ। ਇਸ ਮਹਾਨ ਅਜ਼ਮਤ ਵਾਲੇ ਪੀਰ ਨੂੰ ਹਿੰਦੂ ਵੀ ਉਤਨਾ ਹੀ ਸਤਿਕਾਰ ਦਿੰਦੇ ਸਨ ਜਿਤਨਾ ਕੇ ਮੁਸਲਮਾਨ, ਲਾਹੌਰ ਦੇ ਨੇੜੇ ਹੁਸ਼ਿਆਰਪੁਰ ਪਿੰਡ ਵਿਚ ਉਨ੍ਹਾਂ ਦਾ ਮਕਬਰਾ ਹੈ ਜਿਥੇ ਹਰ ਸਾਲ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਸਿੱਖ ਭਾਈਚਾਰਾ ਉਨ੍ਹਾਂ ਨੂੰ ਸਦਾ ਹੀ ਅੰਦਰ ਪਿਆਰ ਅਤੇ ਸ਼ਰਧਾ ਭਾਵਨਾ ਨਾਲ ਯਾਦ ਕਰਦਾ ਰਹੇਗਾ।




LAW OFFICES OF
ROBERT DAVID BAKER

Aggressive & Experienced Representation
We are here to help you

RDB LAW

ਅਸੀਂ ਪੰਜਾਬੀ, ਹਿੰਦੀ, ਉਰਦੂ ਵੀ ਬੋਲਦੇ ਹਾਂ
ਹਰ ਵੇਲੇ ਤੁਹਾਡੀ ਮਦਦ ਲਈ ਤਿਆਰ ਹਾਂ

* IMMIGRATION, ASYLUM, DEPORTATION, VISAS, ALL FORMS OF LEGALIZATION
* BANKRUPTCY : Business and Personal
* EMPLOYMENT : Wage and Hour Overtime' Wrongful Termination: Discrimination.
* Civil Litigation
* Criminal Law : Felonies and Misdemeanors

SE HABLA ESPANOL

Robert David Baker, ESQ
Robert David Baker, INC
80 South White Road,
Sanjose, CA

Legal Assistant
Gurmit Singh Saini

408-251-3400

# ਨਿੱਤ ਨਵੀਂ ਸਾਜ਼ਿਸ਼ ਰਚ ਰਿਹੈ ਪਾਕਿ


ਦੀਪਕ ਜਲੰਧਰੀ

ਪਾਕਿਸਤਾਨ ਇਸ ਵੇਲੇ ਅਰਾਜਕਤਾ ਦੇ ਦੌਰ 'ਚੋਂ ਲੰਘ ਰਿਹਾ ਹੈ। ਚੀਨ-ਭਾਰਤ ਵਿਚਾਲੇ ਸਮਝੌਤਾ ਉਸ ਦੀਆਂ ਪਰੇਸ਼ਾਨੀਆਂ ਨੂੰ ਹੋਰ ਵੀ ਵਧਾ ਗਿਆ ਹੈ। ਅੱਜਕੱਲ੍ਹ ਜਨਰਲ ਕਮਰ ਜਾਵੇਦ ਬਾਜਵਾ ਸਰਹੱਦਾਂ ਦਾ ਦੌਰਾ ਕਰ ਰਹੇ ਹਨ ਅਤੇ ਆਪਣੇ ਜਰਨੈਲਾਂ ਨਾਲ ਕਈ ਮੀਟਿੰਗਾਂ ਕਰ ਚੁੱਕੇ ਹਨ। ਆਈਐੱਸਆਈ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਦੀਆਂ ਸਕੀਮਾਂ ਬਣਾ ਰਹੇ ਹਨ। ਤਦ ਹੀ ਤਾਂ ਕਿਸਾਨ ਅੰਦੋਲਨ ਦੇ ਮਾਮਲੇ 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਾਰਨ ਖ਼ਾਨ ਨੇ ਗੰਭੀਰ ਬਿਆਨ ਦਿੱਤੇ ਅਤੇ ਪਾਕਿ ਦਾ ਵਿਦੇਸ਼ ਮੰਤਰਾਲਾ ਵੀ ਭਾਰਤ ਨੂੰ ਬਦਨਾਮ ਕਰਨ ਲਈ ਯਤਨਸ਼ੀਲ ਹੈ।

ਸਾਨੂੰ ਲੱਗਦਾ ਹੈ ਕਿ ਪਾਕਿਸਤਾਨ ਦੀ ਸਰਕਾਰ ਵਿਰੋਧੀ ਦਲਾਂ ਦੇ ਹਮਲਿਆਂ ਨੂੰ ਝੱਲਣ ਤੋਂ ਅਸਮਰੱਥ ਹੈ ਅਤੇ ਵਿਰੋਧੀ ਦਲ ਵੀ ਪਾਕਿ ਫ਼ੌਜ ਉੱਤੇ ਸਿੱਧੇ ਹਮਲੇ ਕਰ ਰਹੇ ਹਨ। ਜਨਰਲ ਬਾਜਵਾ ਜਿਸ ਨੂੰ ਤਿੰਨ ਸਾਲਾਂ ਦੀ ਐਕਸਟੈਂਸ਼ਨ ਮਿਲੀ ਸੀ, ਉਹ ਵੀ ਹਾਲਾਤ ਨੂੰ ਸੰਭਾਲ ਨਹੀਂ ਪਾ ਰਹੇ। ਉੱਥੋਂ ਦੇ ਦਹਿਸ਼ਤਗਰਦਾਂ ਮੌਲਾਨਾ ਹਾਫ਼ਿਜ਼ ਸਈਅਦ, ਲਖਵੀ ਅਤੇ ਮੌਲਾਨਾ ਮਸੂਦ ਅਜ਼ਹਰ ਨੂੰ ਜੇਲ੍ਹਾਂ 'ਚ ਬੰਦ ਕਰਦੇ ਨਾਂ 'ਤੇ ਜਨ ਸਾਧਾਰਨ ਤੋਂ ਦੂਰ ਕਰ ਦਿੱਤਾ ਗਿਆ ਹੈ ਤਾਂ ਜੋ ਅਜਿਹਾ ਲੱਗੇ ਕਿ ਪਾਕਿਸਤਾਨ ਦਹਿਸ਼ਤ-ਗਰਦੀ ਨੂੰ ਨੱਥ ਪਾ ਰਿਹਾ ਹੈ ਪਰ ਅਜਿਹਾ ਹੈ ਨਹੀਂ।

ਆਈਐੱਸਆਈ ਅਤੇ ਪਾਕਿਸਤਾਨੀ ਫ਼ੌਜ ਪੁਲ-ਵਾਮਾ ਵਰਗੀ ਘਟਨਾ ਦੀ ਦੁਹਰਾਈ ਕਰਨ ਲਈ ਆਰਡੀ-ਐੱਕਸ ਭਾਰਤ ਭੇਜ ਰਹੇ ਹਨ ਤਾਂ ਜੋ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਪਾਕਿਸਤਾਨ ਦੀਆਂ ਸਾਜ਼ਿਸ਼ਾਂ ਉੱਪਰ ਪੂਰੀ ਨਜ਼ਰ ਰੱਖੀ ਹੋਈ ਹੈ। ਪਾਕਿਸਤਾਨੀ ਫ਼ੌਜ ਵੱਲੋਂ ਐੱਲਓਸੀ 'ਤੇ ਜੰਗਬੰਦੀ ਦੀ ਵਾਰ-ਵਾਰ ਉਲੰਘਣਾ ਕਿਸੇ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ? ਸਰਹੱਦਾਂ 'ਤੇ ਜੰਗਬੰਦੀ ਦੀ ਉਲੰਘਣਾ ਕੋਈ ਨਵੀਂ ਗੱਲ ਨਹੀਂ ਹੈ। ਅੱਜ ਤਕ ਸੰਨ 2003 ਤੋਂ ਲੈ ਕੇ ਸੈਂਕੜੇ ਵਾਰ ਅਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ। ਭਾਰਤੀ ਫ਼ੌਜਾਂ ਨੂੰ ਸੰਜਮ ਵਰਤਣ ਦਾ ਉਪਦੇਸ਼ ਦੇਣ ਵਾਲੀਆਂ ਕਈ ਸਰਕਾਰਾਂ ਇਸ ਦੇਸ਼ ਵਿਚ ਆਈਆਂ ਪਰ ਸੰਨ 2014 ਤੋਂ ਦੇਸ਼ ਦੇ ਹਾਲਾਤ ਬਹੁਤ ਬਦਲ ਚੁੱਕੇ ਸਨ। ਹੁਣ ਭਾਰਤ ਸਰਕਾਰ ਇਹ ਕੁਝ ਸਹਿਣ ਨਹੀਂ ਕਰੇਗੀ।

ਇਸ ਗੱਲ ਦਾ ਅਹਿਸਾਸ ਪਾਕਿਸਤਾਨ ਨੂੰ ਪਹਿਲਾਂ ਤੋਂ ਹੀ ਹੋ ਚੁੱਕਾ ਸੀ। ਹੁਣ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਣ ਲੱਗਾ ਹੈ ਤਾਂ ਪਾਕਿਸਤਾਨੀ ਹੁਕਮਰਾਨਾਂ ਨੂੰ ਹਾਲਤ ਪਤਲੀ ਮਹਿਸੂਸ ਹੋਣ ਲੱਗੀ ਹੈ। ਪਾਕਿਸਤਾਨ ਪੰਜ ਵੱਡੇ ਦੇਸ਼ਾਂ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਅਰਜ਼ੋਈ ਕਰ ਰਿਹਾ ਹੈ।

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਅਸੀਂ ਮਿੱਤਰਾਂ ਦੀ ਚੋਣ ਕਰ ਸਕਦੇ ਹਾਂ ਪਰ ਗੁਆਂਢੀਆਂ ਦੀ ਨਹੀਂ। ਇਸ ਲਈ ਸਾਡੇ ਜਿਹੜੇ ਵੀ ਗੁਆਂਢੀ ਹਨ, ਉਨ੍ਹਾਂ ਨਾਲ ਸਦਭਾਵਨਾ ਦਾ ਵਰਤਾਰਾ ਕਰਨਾ ਹੋਵੇਗਾ।

ਅਸੀਂ ਇਹੀ ਉਮੀਦ ਗੁਆਂਢੀਆਂ ਤੋਂ ਵੀ ਕਰਦੇ ਹਾਂ। ਪਾਕਿਸਤਾਨ ਦਾ ਹੁਕਮਰਾਨ ਕੋਈ ਵੀ ਹੋਵੇ, ਉਹ ਦੋ ਪੁੜਾਂ ਵਿਚਕਾਰ ਫਸਿਆ ਲੱਗਦਾ ਹੈ। ਉੱਥੋਂ ਦਾ ਸ਼ਾਸਕ ਚਾਹੁੰਦਾ ਹੈ ਕਿ ਸ਼ੇਖ ਜੀ ਵੀ ਰਾਜ਼ੀ ਖ਼ੁਸ਼ੀ ਰਹਿਣ ਅਤੇ ਸ਼ੈਤਾਨ ਵੀ। ਇਸ ਨੀਤੀ ਕਾਰਨ ਹੀ ਉਹ ਕੱਟੜਪੰਥੀਆਂ ਅਤੇ ਅੱਤਵਾਦੀਆਂ ਅੱਗੇ ਸਿਰ ਝੁਕਾਈ ਖੜ੍ਹੇ ਦਿਖਾਈ ਦਿੰਦੇ ਹਨ, ਦੂਜੇ ਪਾਸੇ ਆਪਣੀ ਫ਼ੌਜ ਅੱਗੇ। ਜੰਮੂ-ਕਸ਼ਮੀਰ ਦੀ ਸ਼ਾਂਤੀ ਭੰਗ ਕਰਨ ਵਾਸਤੇ ਉਹ ਅੱਤਵਾਦੀਆਂ ਨੂੰ ਕਵਰ ਫਾਇਰ ਦੇ ਕੇ ਸਰਹੱਦ ਪਾਰ ਭੇਜਣ ਦੀ ਸਾਜ਼ਿਸ਼ ਰਚ ਰਹੇ ਹਨ। ਜਦੋਂ ਤੋਂ ਧਾਰਾ 370 ਹਟੀ ਹੈ, ਪਾਕਿ ਫ਼ੌਜ ਅਜਿਹੀਆਂ ਕੋਝੀਆਂ ਹਰਕਤਾਂ ਕਰ ਰਹੀ ਹੈ ਪਰ ਹੁਣ ਭਾਰਤੀ ਸੁਰੱਖਿਆ ਬਲ ਪਾਕਿਸਤਾਨ ਦੀਆਂ ਇਨ੍ਹਾਂ ਚਾਲਾਂ ਨਾਲ ਪੂਰੀ ਤਰ੍ਹਾਂ ਨਿੱਬੜ ਰਹੇ ਹਨ।

ਹੁਣ ਸਰਹੱਦੋਂ ਪਾਰ ਸੁਰੰਗਾਂ ਬਣਾ ਕੇ ਦਹਿਸ਼ਤ-ਗਰਦਾਂ ਅਤੇ ਨਸ਼ਿਆਂ ਦੀ ਖੇਪ ਭਾਰਤ 'ਚ ਭੇਜਣ ਦਾ ਰਸਤਾ ਅਖਤਿਆਰ ਕਰ ਲਿਆ ਗਿਆ ਹੈ। ਰਾਜਸਥਾਨ ਤੋਂ ਲੈ ਕੇ ਜੰਮੂ-ਕਸ਼ਮੀਰ ਤਕ ਦੀਆਂ ਸਰਹੱਦਾਂ 'ਤੇ ਭਾਰਤ ਦੇ ਸੁਰੱਖਿਆ ਬਲਾਂ ਨੇ ਅੱਧਾ ਦਰਜਨ ਦੇ ਲਗਪਗ ਸੁਰੰਗਾਂ ਲੱਭ ਲਈਆਂ ਹਨ।



ਭਾਰਤ ਇਹ ਜਾਣਦਾ ਹੈ ਕਿ ਪਾਕਿਸਤਾਨ ਅੱਤਵਾਦ ਵਿਚ ਐਨਾ ਡੂੰਘਾ ਡੁੱਬ ਚੁੱਕਾ ਹੈ ਕਿ ਉੱਥੇ ਤਾਲਿਬਾਨ ਅਤੇ ਅਲਕਾਇਦਾ ਤੋਂ ਇਲਾਵਾ ਹਿਜ਼ਬੁਲ ਮੁਜਾਹਦੀਨ ਵਰਗੇ ਸੰਗਠਨ ਖੁੱਲ੍ਹੇਆਮ ਹਰਕਤ ਵਿਚ ਹਨ। ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ, ਹਰਕਤ-ਉਲ-ਮੁਜਾਹਦੀਨ, ਜਮਾਤ-ਉਦ-ਦਾਵਾ, ਹਰਕਤ-ਉਲ-ਜੇਹਾਦੀ ਇਸਲਾਮ ਅਤੇ ਅਲਬਦਰ ਤੋਂ ਇਲਾਵਾ ਭਾਰਤ ਵਿਚ ਸਿੰਮੀ ਅਤੇ ਇੰਡੀਅਨ ਮੁਜਾਹਦੀਨ, ਪੀਐੱਫਆਈ ਨੂੰ ਵੀ ਆਪਣੇ ਕੈਂਪਾਂ 'ਚ ਟ੍ਰੇਨਿੰਗ ਦੇ ਕੇ ਭਾਰਤ ਵੱਲ ਧੱਕਿਆ ਜਾ ਰਿਹਾ ਹੈ। ਸੰਨ 2014 'ਚ ਨਰਿੰਦਰ ਮੋਦੀ ਸਰਕਾਰ ਦੇ ਸਹੁੰ ਚੁੱਕਣ ਦੇ ਮੌਕੇ ਸਾਰਕ ਦੇਸ਼ਾਂ ਦੇ ਮੁਖੀਆਂ ਨੂੰ ਵੀ ਸੱਦਾ ਦਿੱਤਾ ਗਿਆ ਸੀ ਅਤੇ ਉਸ 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੀ ਸ਼ਾਮਲ ਹੋਏ ਸਨ।

ਤਦ ਵਿਦੇਸ਼ ਮਾਮਲਿਆਂ ਦੇ ਸਕੱਤਰਾਂ ਵਿਚਾਲੇ ਗੱਲਬਾਤ ਸ਼ੁਰੂ ਕਰ ਕੇ ਸਾਲਾਂ ਤੋਂ ਜੰਮੀ ਬਰਫ਼ ਨੂੰ ਤੋੜਨ ਦਾ ਨਿਰਣਾ ਵੀ ਹੋਇਆ ਸੀ ਪਰ ਪਾਕਿਸਤਾਨ ਨੇ ਭਾਰਤ ਵਿਰੋਧੀ ਅਨਸਰਾਂ ਨਾਲ ਗੱਲਬਾਤ ਕਰਨੀ ਨਹੀਂ ਛੱਡੀ ਅਤੇ ਜੰਗਬੰਦੀ ਦੀ ਉਲੰਘਣਾ ਕਰਨ ਦਾ ਰਾਹ ਅਖਤਿਆਰ ਕਰੀ ਰੱਖਿਆ।

ਭਾਰਤ ਨੇ ਪਾਕਿਸਤਾਨ ਦੇ ਲੋਕਾਂ ਵੱਲ ਦੋਸਤੀ ਦਾ ਹੱਥ ਵਧਾਇਆ ਅਤੇ ਸਦਾ-ਏ-ਸਰਹੱਦ ਨਾਮਕ ਬੱਸ ਸ਼ੁਰੂ ਕੀਤੀ ਅਤੇ ਸਮਝੌਤਾ ਐਕਸਪ੍ਰੈੱਸ ਵਰਗੀ ਰੇਲਗੱਡੀ ਵੀ ਚਲਾਈ ਤਾਂ ਜੋ ਦੋਹਾਂ ਦੇਸ਼ਾਂ ਦੇ ਲੋਕ ਇਕ ਪਾਸੇ ਤੋਂ ਦੂਜੇ ਪਾਸੇ ਜਾ ਕੇ ਸਦਭਾਵਨਾ ਅਤੇ ਪਿਆਰ ਦੀ ਖ਼ੁਸ਼ਬੂ ਫੈਲਾ ਸਕਣ। ਰਹੀ ਗੱਲ ਕਸ਼ਮੀਰ ਦੀ ਤਾਂ ਉੱਥੇ ਵੀ ਭਾਰਤ ਨੇ ਦੋਸਤੀ ਵਾਸਤੇ ਬਹੁਤ ਕੰਮ ਕੀਤੇ ਜਿਵੇਂ ਕਿ ਸ੍ਰੀਨਗਰ-ਮੁਜ਼ੱਫਰਾਬਾਦ ਬੱਸ ਸੇਵਾ ਸ਼ੁਰੂ ਕਰ ਦਿੱਤੀ, ਦੋਨਾਂ ਦੇਸ਼ਾਂ ਵਿਚਕਾਰ ਇਕ ਸੇਤੂ ਵੀ ਬਣਵਾਇਆ ਤਾਂ ਜੋ ਕਸ਼ਮੀਰ ਦੇ ਲੋਕ ਪਾਕਿਸਤਾਨ ਦੇ ਕਬਜ਼ੇ ਵਾਲੇ ਲੋਕਾਂ ਨਾਲ ਆਸਾਨੀ ਨਾਲ ਮਿਲ ਸਕਣ ਅਤੇ ਉੱਥੋਂ ਦੇ ਲੋਕ ਭਾਰਤੀ ਕਸ਼ਮੀਰ ਵਿਚ ਆ ਸਕਣ।

ਜੰਮੂ-ਸਿਆਲਕੋਟ ਬੱਸ ਸੇਵਾ ਵੀ ਸ਼ੁਰੂ ਕੀਤੀ ਅਤੇ ਕੰਟਰੋਲ ਰੇਖਾ ਭਾਵ ਐੱਲਓਸੀ ਦੇ ਆਰ-ਪਾਰ ਵਪਾਰ ਵੀ ਸ਼ੁਰੂ ਕਰਵਾ ਦਿੱਤਾ। ਇਸ ਦੇ ਨਾਲ ਦੋਵਾਂ ਪਾਸਿਆਂ ਦੇ ਮੁਕੱਦਸ ਯਾਨੀ ਪਵਿੱਤਰ ਮੁਕਾਮਾਤ ਦੀ ਜ਼ਿਆਰਤ ਕਰਨ ਦੀ ਸਹੂਲਤ ਵੀ ਦਿੱਤੀ ਗਈ। ਸੈਰ-ਸਪਾਟਾ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਦੀ ਖੁੱਲ੍ਹੀ ਛੋਟ ਵੀ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਮਿਲੀ।

ਭਾਰਤ ਨੇ ਆਪਸੀ ਭਰੋਸੇ ਨੂੰ ਕਾਇਮ ਰੱਖਣ ਲਈ ਕਈ ਕਦਮ ਵਧਾਏ ਸਨ ਜਿਵੇਂ ਕਿ ਕਰਾਚੀ ਤੇ ਇਸਲਾਮਾਬਾਦ ਵਿਚ ਵਣਜ ਆਯੋਗ ਕਾਇਮ ਕੀਤਾ। ਭਾਰਤੀ ਜੇਲ੍ਹਾਂ 'ਚੋਂ ਪਾਕਿਸਤਾਨੀ ਕੈਦੀਆਂ ਨੂੰ ਰਿਹਾਅ ਕਰ ਕੇ ਸਰਹੱਦ ਪਾਰ ਪਹੁੰਚਾਇਆ। ਇਹ ਵੀ ਠੀਕ ਹੈ ਕਿ ਪਾਕਿਸਤਾਨੀ ਸ਼ਾਸਕਾਂ ਨੇ ਭਾਰਤੀ ਮਛੇਰਿਆਂ ਨੂੰ ਵੀ ਰਿਹਾ ਕੀਤਾ ਸੀ।

ਭਾਰਤੀ ਸਦਭਾਵਨਾ ਦੇ ਸਬੂਤ ਇਸ ਤੋਂ ਵੱਧ ਹੋਰ ਕੀ ਹੋਣਗੇ ਕਿ ਅਸੀਂ ਪਾਕਿਸਤਾਨੀ ਫਨਕਾਰਾਂ ਅਤੇ ਕਲਾਕਾਰਾਂ ਨੂੰ ਭਾਰਤ ਵਿਚ ਆ ਕੇ ਆਪਣੇ ਪ੍ਰੋ-ਗਰਾਮ ਕਰਨ ਦੀ ਖੁੱਲ੍ਹੀ ਛੁੱਟੀ ਦਿੰਦੇ ਰਹੇ ਹਾਂ। ਜਦਕਿ ਪਾਕਿਸਤਾਨ 'ਚ ਕਿਸੇ ਵੀ ਭਾਰਤੀ ਕਲਾਕਾਰ ਨੂੰ ਸ਼ਾਇਦ ਹੀ ਕਦੇ ਅਜਿਹਾ ਮੌਕਾ ਮਿਲਿਆ ਹੋਵੇ। ਪਾਕਿਸਤਾਨ ਦੇ ਹੁਕਮਰਾਨਾਂ ਦੀ ਕਥਨੀ ਅਤੇ ਕਰਨੀ ਵਿਚ ਸਦਾ ਹੀ ਫ਼ਰਕ ਰਿਹਾ ਹੈ। ਇਕ ਸਾਰਕ ਸੰਮੇਲਨ 'ਚ ਗਏ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਪਾਕਿਸਤਾਨ ਦੀ ਧਰਤੀ ਨੂੰ ਭਾਰਤ ਵਿਰੁੱਧ ਅੱਤਵਾਦ ਦੀ ਸਿਖਲਾਈ ਆਦਿ ਲਈ ਵਰਤਣ ਨਹੀਂ ਦਿੱਤਾ ਜਾਵੇਗਾ ਪਰ ਹੋਇਆ ਇਸ ਦੇ ਬਿਲਕੁਲ ਉਲਟ।

ਪਾਕਿਸਤਾਨ ਵਿਚ ਅੱਤਵਾਦ ਦੀ ਸਿਖਲਾਈ ਦੇਣ ਦੇ 42 ਕੈਂਪ ਲਗਾਤਾਰ ਚੱਲ ਰਹੇ ਹਨ ਜਿਸ 'ਚ ਪਾਕਿ-ਸਤਾਨੀ ਫ਼ੌਜ ਅਤੇ ਆਈਐੱਸਆਈ ਪੂਰਾ ਸਹਿਯੋਗ ਦਿੰਦੀ ਹੈ। ਇਹ ਗੱਲ ਸਿਰਫ਼ ਜਨਰਲ ਪਰਵੇਜ਼ ਮੁਸ਼ੱਰਫ ਦੀ ਹੀ ਨਹੀਂ, ਉਸ ਤੋਂ ਪਹਿਲਾਂ ਦੇ ਅਯੂਬ ਖਾਂ, ਯਾਹੀਆ ਖਾਂ, ਜ਼ਿਆ-ਉਲ-ਹੱਕ ਆਦਿ ਕੋਈ ਵੀ ਹੁਕਮਰਾਨ ਹੋਵੇ, ਉਹ ਭਾਰਤ ਵਿਰੁੱਧ ਨਫ਼ਰਤ ਦੇ ਘੋੜੇ 'ਤੇ ਸਵਾਰ ਹੋ ਕੇ ਹੀ ਆਇਆ। ਭਾਰਤੀ ਹੁਕਮਰਾਨ ਇਕ ਹੱਥ ਨਾਲ ਤਾੜੀ ਵਜਾਉਣ ਦਾ ਯਤਨ ਕਰਦੇ ਰਹੇ।

ਕਦੇ ਭਾਰਤੀ ਸੰਸਦ 'ਤੇ ਹਮਲਾ ਹੋਇਆ ਤਾਂ ਕਦੇ ਮੁੰਬਈ, ਪੁਣੇ, ਦਿੱਲੀ, ਅਹਿਮਦਾਬਾਦ ਆਦਿ 'ਚ ਅੱਤਵਾਦ ਦੀ ਖ਼ੂਨੀ ਖੇਡ ਖੇਡੀ ਗਈ। ਇਸ ਸਭ ਕੁਝ ਦੇ ਬਾਵਜੂਦ ਅਫ਼ਗਾਨਿਸਤਾਨ ਤੋਂ ਵਾਪਸ ਆਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਤਤਕਾਲੀ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਦੋਹਤਰੀ ਦੀ ਸ਼ਾਦੀ 'ਤੇ ਪਹੁੰਚ ਗਏ। ਪਰ ਜਦੋਂ ਉੜੀ ਅਤੇ ਪੁਲਵਾਮਾ ਦੇ ਖ਼ੂਨੀ ਕਾਂਡ ਵਾਪਰੇ ਤਾਂ ਹਾਲਾਤ ਬਦਲ ਗਏ।

ਭਾਰਤ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਜਿਸ ਦੇ ਸਿੱਟੇ ਵਜੋਂ ਸਰਜੀਕਲ ਸਟ੍ਰਾਈਕ ਹੋਈ। ਇਹ ਗੱਲ ਪਾਕਿਸਤਾਨੀ ਅਵਾਮ ਨੂੰ ਸ਼ਰਮਸਾਰ ਕਰ ਗਈ ਤੇ ਉਸ ਦਾ ਆਪਣੀ ਫ਼ੌਜ ਤੋਂ ਭਰੋਸਾ ਉੱਠ ਗਿਆ। ਉਦੋਂ ਤੋਂ ਪਾਕਿ ਫ਼ੌਜ ਚੀਨ ਦੀ ਮਦਦ ਨਾਲ ਭਾਰਤ ਨਾਲ ਲੋਹਾ ਲੈਣ ਬਾਰੇ ਸੋਚ ਰਹੀ ਹੈ। ਜਦੋਂ ਹੁਣ ਚੀਨ, ਭਾਰਤ ਦੇ ਸਾਹਮਣੇ ਖੜ੍ਹਾ ਨਾ ਹੋ ਸਕਿਆ ਤੇ ਸਮਝੌਤਾ ਕਰਨ ਲਈ ਮਜਬੂਰ ਹੋਇਆ ਹੈ ਤਾਂ ਪਾਕਿ ਫ਼ੌਜ ਸਾਜ਼ਿਸ਼ਾਂ ਘੜਨ ਲੱਗ ਪਈ ਹੈ ਤਾਂ ਜੋ ਭਾਰਤ ਦੇ ਅੰਦਰੂਨੀ ਹਾਲਾਤ ਨੂੰ ਖ਼ਰਾਬ ਕੀਤਾ ਜਾ ਸਕੇ। ਇਸੇ ਲਈ ਵਿਦੇਸ਼ਾਂ 'ਚ ਰਹਿੰਦੇ ਕੁਝ ਲੋਕਾਂ ਨੇ ਮੋਦੀ ਦਾ ਅਕਸ ਵਿਗਾੜਨ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਪਾਕਿ ਫ਼ੌਜ ਜੋ ਕਿ ਭਾਰਤੀ ਫ਼ੌਜ ਦੇ ਨਾਂ ਤੋਂ ਹੀ ਡਰੀ ਹੋਈ ਹੈ, ਉਸ ਨੂੰ ਯੁੱਧ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਅਜੇ ਇਹ ਸਿਲਸਿਲਾ ਜਾਰੀ ਹੈ...।


# ਪ੍ਰੋਫੈਸਰ ਨਿਰੰਜਣ ਸਿੰਘ ਢੇਸੀ ਨਹੀਂ ਰਹੇ

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਉਘੇ ਤੇ ਪੰਜਾਬੀ ਵਿਭਾਗ ਦੇ ਮੁਖੀ ਸ. ਨਿਰੰਜਣ ਸਿੰਘ ਢੇਸੀ ਸਵਰਗਵਾਸ ਹੋ ਗਏ। ਉਹ ਬਹੁਤ ਹੀ ਉਚ ਦਰਜੇ ਦੇ ਉਘੇ ਵਿਦਵਾਨ ਸਨ ਤੇ ਦੋਸਤਾਂ ਦੇ ਦੋਸਤ ਸਨ। ਅੱਜ ਉਹਨਾਂ ਦੇ ਜਾਣ ਤੇ ਮੈਂ ਆਪਣੇ ਵੱਲੋਂ ਬਹੁਖ ਹੀ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ।

1976-78 ਤੱਕ ਮੈਂ ਪੰਜਾਬੀ ਵਿਭਾਗ ਵਿਚ ਪੜ੍ਹਨ ਦੇ ਤੌਰ ਤੇ ਉਹਨਾਂ ਕੋਲੋਂ ਬਹੁਤ ਹੀ ਸਿੱਖਿਆ ਤੇ ਉਹਨਾਂ ਦੀਆਂ ਸਿੱਖਿਆਵਾਂ ਕਰਕੇ ਮੈਂ ਵੀ ਉਥੇ ਕਾਲਜ ਤੋਂ ਮਾਸਟਰ ਡਿਗਰੀ ਕਰ ਸਕਿਆ।

ਪਰਦੇਸ ਟਾਇਮਜ਼ ਵੱਲੋਂ ਤੇ ਮੈਂ ਆਪਣੇ ਵੱਲੋਂ ਨਿੱਜੀ ਤੌਰ 'ਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ। ਵਾਹਿਗੁਰੂ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ।

**-ਬਲਬੀਰ ਸਿੰਘ**
**ਐਮ. ਏ.**



# ਪ੍ਰੋ: ਨਰਿੰਜਣ ਸਿੰਘ ਢੇਸੀ ਦੇ ਦੇਹਾਂਤ ਤੇ ਵਲੋਂ ਸ਼ੋਕ ਮਤਾ


ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਇਸ ਸ਼ੋਕ ਮਤੇ ਰਾਹੀ ਪ੍ਰੋਫੈਸਰ ਨਰਿੰਜਣ ਸਿੰਘ ਢੇਸੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਾ ਹੈ। ਪ੍ਰੋਫੈਸਰ ਨਰਿੰਜਣ ਸਿੰਘ ਢੇਸੀ ਪਿਛਲੇ ਇਕ ਸਾਲ ਤੋਂ ਬਿਮਾਰ ਚਲ ਰਹੇ ਸਨ ਅਤੇ ਇਕ ਮਾਰਚ, 2021 ਨੂੰ ਉਨਾਂ ਦਾ ਦੇਹਾਂਤ ਹੋ ਗਿਆ ਹੈ।



ਪ੍ਰੋਫੈਸਰ ਨਰਿੰਜਣ ਸਿੰਘ ਢੇਸੀ ਪਿਛਲੇ 10 ਸਾਲਾਂ ਤੋਂ ਇੰਡੀਆਨਾ ਵਿਚ ਆਪਣੀ ਬੇਟੀ ਕੋਲ ਰਹਿੰਦੇ ਸਨ। ਭਾਰਤ ਤੋਂ ਬਾਅਦ ਅਮਰੀਕਾ ਵਿਚ ਵੀ ਉਹ ਬੇਹੱਦ ਹਰਮਨ ਪਿਆਰੇ ਸਨ ਅਤੇ ਉਨਾਂ ਨੂੰ ਚਾਹਣ ਵਾਲਿਆ ਦਾ ਦਾਇਰਾ ਬੜਾ ਵਿਸ਼ਾਲ ਹੈ। ਉਹ ਆਪਣੇ ਮਿਲਾਪੜੇ ਸੁਭਾਅ ਨਾਲ ਕਿਸੇ ਨੂੰ ਵੀ ਇਕ ਵਾਰ ਮਿਲਣ ਤੋਂ ਬਾਅਦ ਆਪਣਾ ਬਣਾ ਲੈਂਦੇ ਸਨ। ਉਨਾਂ ਦੀ ਘਾਟ ਲੰਬੇ ਸਮੇਂ ਤੱਕ ਰੜਕਦੀ ਰਹੇਗੀ। ਅਮਰੀਕਾ ਆਉਣ ਤੋਂ ਪਹਿਲਾਂ ਉਹ ਲੰਬੇ ਸਮੇਂ ਤੱਕ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਅਤੇ ਪੋਸਟ ਗਰੈਜੂਏਟ ਵਿਭਾਗ ਦੇ ਮੁਖੀ ਰਹੇ। ਉਹ ਫਿਰ ਗੁਰੂ ਗਰੰਥ ਸਾਹਿਬ ਖੋਜ ਕੇਂਦਰ ਦੇ ਡਾਇਰੈਕਟਰ ਵੀ ਰਹੇ। ਭਾਰਤ ਤੋਂ ਅਮਰੀਕਾ ਆਉਣ ਤੇ ਵੀ ਉਹ ਇਥੇ ਦੀ ਕਮਿਉਨਟੀ ਵਿਚ ਸਰਗਰਮ ਰਹੇ। ਇੰਡੀਆਨਾ ਵਿਚ ਉਹ ਹੋਰ ਸਾਥੀਆ ਨਾਲ ਰਲ ਕੇ ਪੰਜਾਬੀ ਕਮਿਉਨਟੀ ਸੈਂਟਰ ਬਣਾਉਣ ਲਈ ਸਰਗਰਮ ਸਨ। ਉਹ ਇਕ ਬਹੁਤ ਵਧੀਆਂ ਲੇਖਕ ਅਤੇ ਬੁਲਾਰੇ ਸਨ ਅਤੇ ਅਖਬਾਰਾ ਵਿਚ ਉਨਾਂ ਦੇ ਲੇਖ ਲਗਾਤਾਰ ਛਪਦੇ ਰਹਿੰਦੇ ਸਨ। ਵੱਖ ਵੱਖ ਗੁਰੁਘਰਾਂ ਅਤੇ ਸਮਾਜਕ ਪ੍ਰੋਗਰਾਮਾਂ ਵਿਚ ਬੋਲਣ ਲਈ ਉਨਾਂ ਨੂੰ ਅਮਰੀਕਾ ਭਰ ਚੋਂ' ਸਦੇ ਆਉਦੇ ਸਨ। ਫੋਰਮ ਵਲੋਂ ਹਰ ਸਾਲ ਕਰਵੇ ਜਾਂਦੇ ਗਦਰੀ ਬਾਬਿਆ ਦੇ ਮੇਲੇ ਵਿਚ ਵੀ ਉਹ ਦੋ ਵਾਰ ਮੁਖ ਬੁਲਾਰੇ ਵਜੋਂ ਸ਼ਾਮਲ ਹੋਏ ਜਿਥੇ ਉਨਾਂ ਨੂੰ ਹਜ਼ਾਰਾ ਲੋਕਾਂ ਨੇ ਸੁਣਿਆ।

ਉਹ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਮੁਖ ਸਲਾਹਕਾਰਾਂ ਵਿਚੋ ਸਨ ਅਤੇ ਸਾਨੂੰ ਉਨਾਂ ਦੀ ਉਸਾਰੂ ਅਤੇ ਸਿਆਣੀ ਸਲਾਹ ਦੀ ਹਮੇਸਾ ਘਾਟ ਰਹੇਗੀ। ਅਸੀਂ ਉਨਾਂ ਦੇ ਅਕਾਲ ਚਲਾਣੇ ਤੇ ਉਨਾਂ ਦੀ ਬੇਟੀ ਪਰਮਜੋਤ ਕੌਰ, ਬੇਟੇ ਜਗਰੂਪ ਸਿੰਘ, ਸਾਰੇ ਰਿਸ਼ਤੇਦਾਰ, ਉਨਾਂ ਦੇ ਵਿਦਿਆਰਥੀਆ ਅਤੇ ਚਾਹਣ ਵਾਲਿਆ ਨਾਲ ਹਮਦਰਦੀ ਪਰਗਟ ਕਰਦੇ ਹਾਂ ਅਤੇ ਉਨਾਂ ਦੇ ਦੁਖ ਵਿਚ ਸ਼ਰੀਕ ਹੁੰਦੇ ਹਾਂ।

# ਮਾਂ-ਬੋਲੀ ਅਪਣਾਅ ਕੇ ਹੀ ਬਚੇਗੀ ਪੰਜਾਬੀਅਤ



ਡਾ. ਰਣਜੀਤ ਸਿੰਘ

ਪੰਜਾਬੀ ਇਕ ਬਹੁਤ ਹੀ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਹ ਖ਼ੁਸ਼ਕਿਸਮਤੀ ਹੈ ਕਿ ਪੰਜਾਬੀ ਨੂੰ ਪੀਰਾਂ, ਫਕੀਰਾਂ, ਪੈਗੰਬਰਾਂ ਤੇ ਗੁਰੂਆਂ ਦੀ ਸਰਪ੍ਰਸਤੀ ਪ੍ਰਾਪਤ ਹੋਈ ਹੈ। ਸ਼ਾਇਦ ਇਸੇ ਲਈ ਆਪਣਿਆਂ ਦੇ ਨਕਾਰਨ ਪਿੱਛੋਂ ਵੀ ਇਹ ਵੱਧਦੀ-ਫੁੱਲਦੀ ਰਹੀ ਹੈ।

ਇਹ ਵੀ ਸੱਚ ਹੈ ਕਿ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਪੰਜਾਬ ਦੇ ਪਿੰਡਾਂ ਨੇ ਹੀ ਸੰਭਾਲਿਆ ਸੀ। ਆਰਥਿਕ ਵਿਕਾਸ ਨਾਲ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚਲੀ ਦੂਰੀ ਲਗਪਗ ਖ਼ਤਮ ਹੀ ਹੋ ਗਈ ਹੈ। ਇਸੇ ਸ਼ਹਿਰੀ ਪ੍ਰਭਾਵ ਹੇਠ ਤੇ ਵਿਦੇਸ਼ਾਂ ਦੀ ਖਿੱਚ ਕਾਰਨ ਹੁਣ ਪਿੰਡ ਵਾਸੀਆਂ ਨੇ ਵੀ ਪੰਜਾਬੀ ਤੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਪਿੰਡਾਂ ਵਿਚ ਵੀ ਥਾਂ-ਥਾਂ ਅਖੌਤੀ ਅੰਗਰੇਜ਼ੀ ਸਕੂਲ ਖੁੱਲ੍ਹ ਗਏ ਹਨ। ਪਿੰਡ ਵਾਸੀਆਂ ਨੇ ਵੀ ਸਰਕਾਰੀ ਸਕੂਲਾਂ ਦੀ ਥਾਂ ਇਨ੍ਹਾਂ ਵਿਚ ਆਪਣੇ ਬੱਚੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਮੈਰਿਜ ਪੈਲੇਸ ਕਲਚਰ ਹੁਣ ਪਿੰਡਾਂ ਵਿਚ ਵੀ ਪਹੁੰਚ ਗਿਆ ਹੈ। ਵਿਆਹਾਂ 'ਚੋਂ ਆਪਸੀ ਪ੍ਰੇਮ, ਖ਼ੁਸ਼ੀ ਅਤੇ ਉਤਸ਼ਾਹ ਖ਼ਤਮ ਹੋ ਰਿਹਾ ਹੈ ਪਰ ਵਿਖਾਵਾ ਵੱਧ ਰਿਹਾ ਹੈ। ਆਪਣੀ ਪੁਸਤਕ 'ਪੰਜਾਬੀ ਸਦੀ' ਵਿਚ ਟੰਡਨ ਲਿਖਦਾ ਹੈ ਕਿ ਪੰਜਾਬ ਦੇ ਵਾਸੀ ਅਜੀਬ ਲੋਕ ਹਨ ਜਿਹੜੇ ਗੱਲਬਾਤ ਪੰਜਾਬੀ ਵਿਚ ਕਰਦੇ ਹਨ, ਸਰਕਾਰੀ ਕੰਮਕਾਜ ਉਰਦੂ ਵਿਚ ਤੇ ਨਿੰਜੀ ਲਿਖਤ-ਪੜ੍ਹਤ ਹਿੰਦੀ ਵਿਚ ਕਰਦੇ ਹਨ।

ਪੰਜਾਬੀਆਂ ਦਾ ਇਕ ਹਿੱਸਾ ਹੁਣ ਵੀ ਲਿਖਤ-ਪੜ੍ਹਤ, ਧਾਰਮਿਕ ਰਸਮੋ-ਰਿਵਾਜ਼ ਅਤੇ ਆਪਣੇ ਧਾਰਮਿਕ ਅਸਥਾਨਾਂ 'ਤੇ ਹਿੰਦੀ ਦੀ ਹੀ ਵਰਤੋਂ ਕਰਦਾ ਹੈ। ਅਸਲ 'ਚ ਅਸੀਂ ਪੰਜਾਬੀ ਬੋਲਣ ਦੀ ਥਾਂ ਟੁੱਟੀ-ਫੁੱਟੀ ਹਿੰਦੁਸਤਾਨੀ ਬੋਲਣ ਵਿਚ ਮਾਣ ਮਹਿਸੂਸ ਕਰਦੇ ਹਾਂ। ਸਾਡੇ ਗੁਆਂਢ ਵਿਚ ਯੂਪੀ ਤੋਂ ਆ ਕੇ ਇਕ ਵਿਅਕਤੀ ਨੇ ਕੋਈ ਪਿਛਲੇ ਚਾਰ ਦਹਾਕਿਆਂ ਤੋਂ ਸਬਜ਼ੀ ਦੀ ਦੁਕਾਨ ਪਾਈ ਹੋਈ ਹੈ। ਇਕ ਦਿਨ ਮੈਂ ਸਬਜ਼ੀ ਲੈਣ ਗਿਆ ਤਾਂ ਉਸ ਦਾ ਪੋਤਾ ਪੰਜਾਬੀ ਦਾ ਹੋਮ ਵਰਕ ਕਰ ਰਿਹਾ ਸੀ।

ਮੈਂ ਆਖਿਆ ਕਿ ਹੁਣ ਤਾਂ ਤੁਸੀ ਚੰਗੀ ਤਰ੍ਹਾਂ ਪੰਜਾਬੀ ਬੋਲ ਲੈਂਦੇ ਹੋਣੇ ਹੋ। ਉਸ ਦਾ ਉੱਤਰ ਸੀ, "ਅਸੀਂ ਤਾਂ ਪੰਜਾਬੀ ਬੋਲਦੇ ਹਾਂ ਪਰ ਸਾਡੇ ਨਾਲ ਕੋਈ ਪੰਜਾਬੀ ਨਹੀਂ ਬੋਲਦਾ।" ਸਾਰੇ ਦੇਸ਼ ਵਿਚ ਸੂਬਿਆਂ ਦੀ ਹੱਦਬੰਦੀ ਬੋਲੀ 'ਤੇ ਆਧਾਰਿਤ ਹੋਈ ਸੀ ਪਰ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੰਬਾ ਸਮਾਂ ਸੰਘਰਸ਼ ਕਰਨਾ ਪਿਆ ਅਤੇ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ।

ਇਸ ਦੇ ਨਾਲ ਹੀ ਆਪਣੀ ਚੋਖੀ ਧਰਤੀ ਵੀ ਦੇਣੀ ਪਈ। ਪਰ ਹੁਣ ਵੀ ਪੰਜਾਬ ਵਿਚ ਪੰਜਾਬੀ ਨੂੰ ਬਣਦਾ ਮਾਣ-ਸਨਮਾਨ ਦਿਵਾਉਣ ਲਈ ਵਿਦਵਾਨ ਤੇ ਪੰਜਾਬੀ ਹਿਤੈਸ਼ੀਆਂ ਨੂੰ ਧਰਨੇ ਮਾਰਨੇ ਪੈ ਰਹੇ ਹਨ ਤੇ ਸੈਮੀਨਾਰਾਂ ਦੀ ਭਰਮਾਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲੀ ਅਤੇ ਸੱਭਿਆਚਾਰ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਦੀ ਲੋੜ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਲੋਕੀਂ ਆਪਣੀ ਭਾਸ਼ਾ ਨੂੰ ਅਪਨਾਉਣ ਲਈ ਆਪ ਪਹਿਲ ਕਰਨ।

ਇਹ ਪੰਜਾਬ ਹੀ ਹੈ ਜਿੱਥੇ ਘਰਾਂ, ਦੁਕਾਨਾਂ ਤੇ ਦਫ਼ਤਰਾਂ ਦੇ ਬਾਹਰ ਬੋਰਡ ਅੰਗਰੇਜ਼ੀ ਵਿਚ ਲੱਗੇ ਹੋਏ ਹਨ। ਸਰਕਾਰ ਨਾਲ ਚਿੱਠੀ-ਪੱਤਰ ਲਈ ਅਸੀਂ ਅੰਗਰੇਜ਼ੀ ਦੀ ਵਰਤੋਂ ਕਰਦੇ ਹਾਂ। ਬੈਂਕਾਂ, ਡਾਕਘਰਾਂ ਤੇ ਦਫ਼ਤਰਾਂ ਵਿਚ ਫਾਰਮ ਅੰਗਰੇਜ਼ੀ ਵਿਚ ਭਰਦੇ ਹਾਂ। ਫਿਰ ਭਲਾ ਅਸੀਂ ਸਰਕਾਰ ਨੂੰ ਕਿਵੇਂ ਦੋਸ਼ੀ ਆਖ ਸਕਦੇ ਹਾਂ। ਰੱਜਵੀਂ ਰੋਟੀ ਖਾਣ ਵਾਲੇ ਘਰਾਂ ਦੇ ਬੱਚੇ ਪੰਜਾਬੀ ਪੜ੍ਹਦੇ ਹੀ ਨਹੀਂ।

ਉਨ੍ਹਾਂ ਨਾਲ ਅਸੀਂ ਘਰੇ ਤੇ ਸਕੂਲ ਅੰਦਰ ਅੰਗਰੇਜ਼ੀ ਜਾਂ ਹਿੰਦੀ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸਲ ਵਿਚ ਅੰਗਰੇਜ਼ੀ ਦੇ ਪ੍ਰਭਾਵ ਵਿਚ ਆਏ ਮਾਪੇ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋਣ ਹੀ ਨਹੀਂ ਦਿੰਦੇ। ਦੋ ਸਾਲ ਦੇ ਬੱਚੇ ਨੂੰ ਹੀ ਅਖੌਤੀ ਨਰਸਰੀ ਸਕੂਲਾਂ




ਵਿਚ ਭੇਜ ਦਿੰਦੇ ਹਾਂ। ਖੇਲਣ ਤੇ ਮਾਪਿਆਂ ਨਾਲ ਖੁੱਲ੍ਹਣ-ਮਿਲਣ ਦੀ ਉਮਰ ਵਿਚ ਉਹ ਸਕੂਲੀ ਅਨੁਸ਼ਾਸਨ ਵਿਚ ਬੰਨ੍ਹੇ ਜਾਂਦੇ ਹਨ ਅਤੇ ਧੱਕੇ ਨਾਲ ਉਨ੍ਹਾਂ ਨੂੰ ਅੰਗਰੇਜ਼ੀ ਰਟਾਈ ਜਾਂਦੀ ਹੈ।

ਇੰਜ ਉਨ੍ਹਾਂ ਦੀ ਆਪਣੀ ਸੋਚ ਅਤੇ ਬੌਧਿਕਤਾ ਨੂੰ ਬੰਨ੍ਹ ਦਿੱਤਾ ਜਾਂਦਾ ਹੈ। ਸੋਚ ਦੀਆਂ ਉਡਾਰੀਆਂ ਤੇ ਮੁੱਢਲਾ ਗਿਆਨ ਕੇਵਲ ਆਪਣੀ ਮਾਂ-ਬੋਲੀ ਰਾਹੀਂ ਹੀ ਪ੍ਰਾਪਤ ਹੋ ਸਕਦੇ ਹਨ। ਪੰਜਵੀਂ ਜਮਾਤ ਵਿਚ ਪਹੁੰਚ ਕੇ ਬੱਚੇ ਨੂੰ ਸੋਝੀ ਆ ਜਾਂਦੀ ਹੈ ਅਤੇ ਵਿਦੇਸ਼ੀ ਭਾਸ਼ਾ ਉਹ ਸਹਿਜ ਨਾਲ ਸਿੱਖ ਸਕਦਾ ਹੈ। ਡਾ. ਕਲਾਮ, ਡਾ. ਮਨਮੋਹਨ ਸਿੰਘ, ਮੋਦੀ ਆਦਿ ਤੱਪੜਾਂ ਵਾਲੇ ਪੇਂਡੂ ਸਕੂਲਾਂ ਵਿਚ ਪੜ੍ਹੇ ਹਨ। ਉਨ੍ਹਾਂ ਨੇ ਅੰਗਰੇਜ਼ੀ ਪੰਜਵੀਂ ਜਮਾਤ ਵਿਚ ਆ ਕੇ ਹੀ ਸਿੱਖਣੀ ਸ਼ੁਰੂ ਕੀਤੀ ਸੀ ਪਰ ਉਹ ਇਸ ਵਿਚ ਕਿਸੇ ਪਾਸਿਉਂ ਘੱਟ ਨਹੀਂ ਹਨ। ਅੱਜ ਦੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹੇ ਬੱਚੇ ਅੰਗਰੇਜ਼ੀ ਬੋਲ ਤਾਂ ਭਾਵੇਂ ਸਕਦੇ ਹੋਣ ਪਰ ਸ਼ੁੱਧ ਅੰਗਰੇਜ਼ੀ ਲਿਖਣ ਤੋਂ ਅਸਮਰੱਥ ਹਨ। ਅਸਲ ਵਿਚ ਉਹ ਆਪਣੀਆਂ ਸੋਚਾਂ ਤੇ ਭਾਵਨਾਵਾਂ ਨੂੰ ਉਜਾਗਰ ਕਰ ਹੀ ਨਹੀਂ ਸਕਦੇ ਕਿਉਂਕਿ ਅੰਗਰੇਜ਼ੀ ਵਿਚ ਇਹ ਹੋਣਾ ਔਖਾ ਹੈ।

ਆਪਣੀ ਬੋਲੀ ਉਨ੍ਹਾਂ ਨੂੰ ਆਉਂਦੀ ਨਹੀਂ ਹੈ। ਇਸੇ ਲਈ ਅਸੀਂ ਜੁਗਾੜੀ ਤਾਂ ਬਣ ਗਏ ਹਾਂ ਪਰ ਵਧੀਆ ਵਿਗਿਆਨੀ ਨਹੀਂ ਬਣ ਸਕੇ। ਸੂਬੇ ਦੀਆਂ ਬਹੁਤੀਆਂ ਮੁਸ਼ਕਲਾਂ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਢੁੱਕਵੇਂ ਵਿਗਿਆਨਕ ਢੰਗ ਵਿਕਸਤ ਹੀ ਨਹੀਂ ਕਰ ਸਕੇ। ਪੰਜਾਬ ਨੂੰ ਵਿਕਾਸ ਦੇ ਅਗਲੇ ਪੜਾਅ 'ਤੇ ਲੈ ਕੇ ਜਾਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਬੋਲੀ ਵਿਚ ਸੋਚੀਏ ਤੇ ਆਪਣੇ ਸੱਭਿਆਚਾਰ ਆਧਾਰਿਤ ਵਿਕਾਸ ਦੀਆਂ ਯੋਜਨਾਵਾਂ ਉਲੀਕੀਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲੀ 'ਤੇ ਆਧਾਰਤ ਬਣੇ ਸੂਬੇ ਦੀ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਵਿਕਸਤ ਕਰੇ।

ਸਾਰੇ ਸਰਕਾਰੀ ਕੰਮਕਾਜ ਪੰਜਾਬੀ ਵਿਚ ਕੀਤੇ ਜਾਣ ਅਤੇ ਪੰਜਾਬੀ ਗੀਤ-ਸੰਗੀਤ ਵਿਚ ਵੱਧ ਰਹੇ ਲੱਚਰਪੁਣੇ ਨੂੰ ਠੱਲ੍ਹ ਪਾਈ ਜਾਵੇ ਪਰ ਬੋਲੀ ਅਤੇ ਸੱਭਿਆਚਾਰ ਉਦੋਂ ਹੀ ਵਿਕਸਤ ਹੋ ਸਕਣਗੇ ਜਦੋਂ ਪੰਜਾਬੀ ਆਪ ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਅਪਨਾਉਣਗੇ ਅਤੇ ਇਸ 'ਤੇ ਮਾਣ ਕਰਨਗੇ। ਆਪਣੇ ਰੋਜ਼ਾਨਾ ਦੇ ਕੰਮਕਾਜ ਵਿਚ ਪੰਜਾਬੀ ਦੀ ਵਰਤੋਂ ਕਰੀਏ। ਘਰਾਂ, ਦਫ਼ਤਰਾਂ ਅਤੇ ਦੁਕਾਨਾਂ ਦੇ ਬਾਹਰ ਬੋਰਡ ਪੰਜਾਬੀ ਵਿਚ ਲਗਾਏ ਜਾਣ। ਸਰਕਾਰੀ ਫਾਰਮ ਅਤੇ ਹੋਰ ਚਿੱਠੀ-ਪੱਤਰ ਪੰਜਾਬੀ ਵਿਚ ਕੀਤਾ ਜਾਵੇ। ਬੈਂਕਾਂ ਅਤੇ ਡਾਕਘਰਾਂ ਵਿਚ ਫਾਰਮ ਤੇ ਚੈੱਕ ਪੰਜਾਬੀ ਵਿਚ ਲਿਖੇ ਜਾਣ। ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜੀਏ। ਬੇਸ਼ੱਕ ਇਨ੍ਹਾਂ ਸਕੂਲਾਂ ਵਿਚ ਸਹੂਲਤਾਂ ਦੀ ਘਾਟ ਹੈ ਪਰ ਅਧਿਆਪਕ ਵੱਧ ਪੜ੍ਹੇ-ਲਿਖੇ ਅਤੇ ਵੱਧ ਤਨਖ਼ਾਹ ਲੈਂਦੇ ਹਨ। ਜੇਕਰ ਵੱਡੇ ਘਰਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿਚ ਜਾਣਗੇ ਤਾਂ ਅਧਿਆਪਕ ਵੀ ਪੂਰੀ ਸੰਜੀਦਗੀ ਨਾਲ ਆਪਣੀ ਡਿਊਟੀ ਨਿਭਾਉਣਗੇ। ਲੋੜ ਤੋਂ ਵੱਧ ਬੱਚਿਆਂ ਨੂੰ ਦਿੱਤੀਆਂ ਸਹੂਲਤਾਂ ਵੀ ਠੀਕ ਨਹੀਂ, ਉਹ ਸੋਹਲ ਬਣ ਰਹੇ ਹਨ ਤੇ ਮਿਹਨਤ ਕਰਨ ਤੋਂ ਕੰਨੀ ਕਤਰਾਉਣ ਲੱਗ ਪਏ ਹਨ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਅਖੌਤੀ ਅੰਗਰੇਜ਼ੀ ਸਕੂਲਾਂ ਵੱਲੋਂ ਮਾਪਿਆਂ ਦਾ ਮੁੱਖ ਮੋੜਿਆ ਜਾ ਸਕੇ। ਹੁਣ ਸਥਿਤੀ ਇਹ ਬਣ ਗਈ ਹੈ ਕਿ ਸਰਕਾਰੀ ਸਕੂਲਾਂ ਵਿਚ ਠੀਕ ਢੰਗ ਨਾਲ ਪੜ੍ਹਾਈ ਹੁੰਦੀ ਨਹੀਂ। ਕੋਈ ਤਿੰਨ ਤਿਹਾਈ ਬੱਚੇ ਦਸਵੀਂ ਪਾਸ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ। ਜਦੋਂਕਿ ਅਖੌਤੀ ਸਕੂਲ ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣ ਦੀ ਥਾਂ ਘਟੀਆ ਵਪਾਰੀ ਬਣਾ ਰਹੇ ਹਨ। ਬੱਚੇ ਹਉਮੈ 'ਚ ਗ੍ਰਸੇ ਜਾ ਰਹੇ ਹਨ।

ਉਹ ਸਵੇਰੇ 7 ਵਜੇ ਤੋਂ ਸ਼ਾਮ ਦੇ ਸੱਤ ਵਜੇ ਤਕ ਸਕੂਲ ਅਤੇ ਟਿਊਸ਼ਨਾਂ ਦੇ ਚੱਕਰ ਵਿਚ ਹੀ ਘੁੰਮਦੇ ਹਨ। ਜਦੋਂ ਕੁਝ ਵਿਹਲ ਮਿਲਦੀ ਹੈ ਤਾਂ ਆਪਣੇ ਮੋਬਾਈਲ ਨਾਲ ਖੇਡਦੇ ਹਨ। ਖੇਡਣਾ, ਸਾਥੀਆਂ ਨਾਲ ਠੱਠਾ ਮਖੌਲ, ਮਾਪਿਆਂ ਨਾਲ ਗੱਲਬਾਤ ਦਾ ਮੌਕਾ ਹੀ ਨਹੀਂ ਮਿਲਦਾ। ਉਹ ਕੇਵਲ ਆਪਣੀ ਬੋਲੀ ਤੇ ਸੱਭਿਆਚਾਰ ਤੋਂ ਹੀ ਦੂਰ ਨਹੀਂ ਹੋ ਰਹੇ ਸਗੋਂ ਸਮਾਜਿਕ ਰਿਸ਼ਤਿਆਂ ਦੇ ਨਿੱਘ ਤੋਂ ਵੀ ਅਨਜਾਣ ਬਣ ਰਹੇ ਹਨ। ਕਿਸੇ ਵੀ ਭਾਸ਼ਾ ਨੂੰ ਕਿਸੇ ਧਰਮ ਨਾਲ ਜੋੜਨਾ ਉਚਿਤ ਨਹੀਂ ਹੈ। ਪੰਜਾਬੀ ਤਾਂ ਸਾਰੇ ਪੰਜਾਬੀਆਂ ਦੀ ਭਾਸ਼ਾ ਹੈ। ਸਾਨੂੰ ਆਪਣੀ ਬੋਲੀ ਅਤੇ ਸੱਭਿਆਚਾਰ 'ਤੇ ਮਾਣ ਕਰਨਾ ਚਾਹੀਦਾ ਹੈ।

ਜਦੋਂ ਤਕ ਕੋਈ ਆਪਣੀ ਬੋਲੀ ਅਤੇ ਸੱਭਿਆਚਾਰ 'ਤੇ ਮਾਣ ਨਹੀਂ ਕਰਦਾ, ਉਸ ਵਿਚ ਆਤਮ ਵਿਸ਼ਵਾਸ ਨਹੀਂ ਆਉਂਦਾ। ਉਹ ਨਕਲ ਤਾਂ ਚੰਗੀ ਮਾਰ ਸਕਦਾ ਹੈ ਪਰ ਆਪਣੀ ਲੋੜ ਅਨੁਸਾਰ ਨਵੀਆਂ ਕਾਢਾਂ ਨਹੀਂ ਵਿਕਸਤ ਕਰ ਸਕਦਾ। ਮੌਜੂਦਾ ਕਿਸਾਨ ਸੰਘਰਸ਼ ਜਿੱਥੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਕੀਤਾ ਜਾ ਰਿਹਾ ਹੈ ਉੱਥੇ ਹੀ ਇਹ ਪੰਜਾਬੀ ਬੋਲੀ ਤੇ ਸੱਭਿਆਚਾਰ ਦੀ ਪੁਨਰਸੁਰਜੀਤੀ 'ਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਦੇ ਲਗਪਗ ਸਾਰੇ ਗਾਇਕਾਂ ਨੇ ਇਸ ਅੰਦੋਲਨ 'ਚ ਹਾਜ਼ਰੀ ਲੁਆਈ ਹੈ।

ਉਨ੍ਹਾਂ ਨੇ ਲੱਚਰ ਗਾਇਕੀ ਤੋਂ ਤੌਬਾ ਕਰ ਕੇ ਅੰਨਦਾਤੇ ਦੀ ਸਿਫਤ-ਸਲਾਹ ਵਾਲੇ ਤੇ ਪੰਜਾਬੀ ਸੱਭਿਆਚਾਰ ਦੇ ਗੁਣਗਾਨ ਵਾਲੇ ਗੀਤਾਂ ਦੀ ਪੇਸ਼ਕਾਰੀ ਕੀਤੀ ਹੈ। ਨੌਜਵਾਨ ਜੋ ਰਾਜਸੀ ਆਗੂਆਂ ਜਾਂ ਧਾਰਮਿਕ ਡੇਰਿਆ ਜਾਂ ਨਸ਼ਿਆਂ ਦਾ ਸਹਾਰਾ ਭਾਲਦੇ ਸਨ, ਉਨ੍ਹਾਂ ਨੂੰ ਆਪਣੀ ਸ਼ਕਤੀ ਦੀ ਵਰਤੋਂ ਦਾ ਪਤਾ ਵੀ ਲੱਗ ਗਿਆ ਹੈ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਵਰਤੋਂ ਕਰਨ ਦੀ ਜਾਚ ਵੀ ਆ ਗਈ ਹੈ। ਨਿੱਜਵਾਦ ਤੇ ਵਿਖਾਵੇ ਨੂੰ ਠੱਲ੍ਹ ਪਈ ਹੈ। ਮੋਰਚੇ 'ਤੇ ਸਾਰੇ ਸਾਂਝੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਦਾਰੂ ਪੀਣ ਲਈ ਬਦਨਾਮ ਹੋਏ ਪੰਜਾਬੀਆਂ ਨੇ ਮੋਰਚੇ 'ਚ ਕਈ ਮਹੀਨਿਆਂ ਤੋਂ ਬੈਠਿਆਂ ਹੋਇਆਂ ਦਾਰੂ ਨੂੰ ਹੱਥ ਨਹੀਂ ਲਗਾਇਆ ਹੈ। ਮੋਰਚਾ ਜਿੱਤਣ ਪਿੱਛੋਂ ਵੀ ਇਸ ਮਾਹੌਲ ਨੂੰ ਬਣਾਈ ਰੱਖਣ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਸ਼ਾਨ ਨੂੰ ਮੁੜ ਬੁਲੰਦੀਆਂ 'ਤੇ ਪਹੁੰਚਾਇਆ ਜਾ ਸਕੇ।

# ਮੇਰਾ ਸਵਾਲ ਅਜੇ ਵੀ ਖੜ੍ਹਾ ਹੈ

ਕਵਿਤਾ ਸ਼ਰਮਾ

ਕੁਝ ਦਿਨ ਪਹਿਲਾਂ ਮੇਰੀ ਬਹੁਤ ਨਜ਼ਦੀਕੀ ਬੁੱਢੀ ਔਰਤ ਦੀ ਮੌਤ ਹੋ ਗਈ ਅਤੇ ਮੈਨੂੰ ਇਸ ਬਾਰੇ ਸੁਨੇਹਾ ਮਿਲਿਆ ਤਾਂ ਮੈਂ ਆਪਣੇ-ਆਪ ਨੂੰ ਮਾਤਾ ਜੀ ਦੇ ਅੰਤਿਮ ਦਰਸ਼ਨ ਕਰਨ ਤੋਂ ਰੋਕ ਨਹੀਂ ਸਕੀ। ਮਾਤਾ ਜੀ ਦੀਆਂ ਛੇ ਕੁੜੀਆਂ ਅਤੇ ਇਕ ਬੇਟਾ ਹਨ। ਬੇਟਾ ਸਭ ਤੋਂ ਛੋਟਾ ਹੈ ਅਤੇ ਛੇ ਧੀਆਂ ਬਾਅਦ ਸੁੱਖਾਂ ਸੁੱਖਦੇ ਰੱਬ ਨੇ ਪੁੱਤਰ ਦਿੱਤਾ ਸੀ। ਜਦੋਂ ਮੈਂ ਅੰਤਿਮ ਦਰਸ਼ਨ ਕਰਨ ਪਹੁੰਚੀ ਤਾਂ ਮਾਤਾ ਜੀ ਦੀਆਂ ਛੇ ਦੀਆਂ ਛੇ ਧੀਆਂ ਪੁੱਜ ਚੁੱਕੀਆਂ ਸਨ। ਮਾਤਾ ਜੀ ਨੂੰ ਜ਼ਮੀਨ 'ਤੇ ਪਾ ਰੱਖਿਆ ਸੀ। ਉਨ੍ਹਾਂ ਨੂੰ ਮਰਿਆ ਦੇਖ ਕੇ ਮੇਰਾ ਵੀ ਮਨ ਭਾਵਕ ਹੋ ਰਿਹਾ ਸੀ ਅਤੇ ਮੈਂ ਵੱਡੀ ਭੈਣ ਨੂੰ ਹੌਸਲਾ ਦਿੰਦੇ ਹੋਏ ਮੌਤ ਦਾ ਕਾਰਨ ਪੁੱਛਿਆ ਤਾਂ ਉਸ ਨੇ ਹਾਰਟ ਅਟੈਕ ਦੱਸਿਆ। ਖ਼ੈਰ! ਮੈਂ ਸਾਰਿਆਂ ਨੂੰ ਹੌਸਲਾ ਦਿੰਦੇ ਹੋਏ ਸਸਕਾਰ ਬਾਬਤ ਪੁੱਛਿਆ ਤਾਂ ਭੈਣ ਹੁਰਾਂ ਦੱਸਿਆ ਕਿ ਸਸਕਾਰ ਤਾਂ ਸੰਦੀਪ ਵੀਰੇ ਦੇ ਅਮਰੀਕਾ ਤੋਂ ਆਉਣ 'ਤੇ ਹੀ ਕੀਤਾ ਜਾ ਸਕਦਾ ਹੈ। ਸੋ ਪਰਿਵਾਰਕ ਮੈਂਬਰਾਂ ਨੇ ਇਸ ਲਈ ਮਾਤਾ ਜੀ ਦੇ ਲਾਸ਼ ਨੂੰ ਮੁਰਦਾਘਰ ਵਿਚ ਫਰੀਜ਼ਰ 'ਚ ਰੱਖਿਆ ਜਾਣਾ ਠੀਕ ਸਮਝਿਆ। ਮਾਤਾ ਜੀ ਦਾ ਬੇਟਾ ਸੰਦੀਪ ਪਿਛਲੇ ਦਸ ਕੁ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ।

ਮੈਨੂੰ ਯਾਦ ਹੈ ਕਿ ਸੰਦੀਪ ਨੂੰ ਅਮਰੀਕਾ ਭੇਜਣਾ ਸੀ ਤਾਂ ਉਸ ਦੀਆਂ ਸਾਰੀਆਂ ਭੈਣਾ ਨੇ ਬੜੇ ਚਾਅ ਨਾਲ ਬਣਦੀ ਮਦਦ ਵੀ ਕੀਤੀ ਸੀ ਤਾਂ ਕਿ ਉਨ੍ਹਾਂ ਦੇ 'ਕੱਲੇ-'ਕੱਲੇ ਭਰਾ ਦੇ ਮਨ ਦੀ ਇੱਛਾ ਪੂਰੀ ਹੋ ਸਕੇ। ਮਾਤਾ ਜੀ ਕੋਲ ਡੇਢ ਕਿੱਲਾ ਜ਼ਮੀਨ ਦਾ ਸੀ ਜੋ ਕਿ ਉਸ ਨੇ ਅਪਣੇ ਪੁੱਤਰ ਨੂੰ ਵਿਦੇਸ਼ ਭੇਜਣ ਦੇ ਲੇਖੇ ਲਾ ਦਿੱਤਾ ਸੀ। ਸੋ ਸਸਕਾਰ ਸਬੰਧੀ ਸਾਰੀ ਜਾਣਕਾਰੀ ਲੈ ਕੇ ਸ਼ਾਮ ਨੂੰ ਮੈਂ ਅਪਣੇ ਘਰ ਆ ਗਈ। ਘਰ ਆ ਕੇ ਵੀ ਮੈਂ ਦੇਰ ਰਾਤ ਤਕ ਮਾਤਾ ਜੀ ਬਾਰੇ ਸੋਚਦੀ ਰਹੀ। ਉਨ੍ਹਾਂ ਗੱਲਾਂ ਨੂੰ ਯਾਦ ਕਰ ਕੇ ਕਦੇ-ਕਦੇ ਰੋ ਵੀ ਪੈਂਦੀ। ਇਸ ਤਰ੍ਹਾਂ ਤਿੰਨ ਦਿਨ ਲੰਘ ਗਏ ਸਨ। ਮੈਂ ਹਰ ਰੋਜ਼ ਭੈਣ ਹੁਰਾਂ ਨੂੰ ਫੋਨ 'ਤੇ ਜਾਂ ਫਿਰ ਜਾ ਕੇ ਸਸਕਾਰ ਬਾਬਤ ਪਤਾ ਕਰ ਲੈਂਦੀ ਪਰ ਹੁਣ ਪੰਜ ਦਿਨ ਬੀਤ ਚੁੱਕੇ ਸਨ ਪਰ ਸੰਦੀਪ ਦੇ ਆਉਣ ਦਾ ਅਜੇ ਕੁਝ ਵੀ ਪੱਕਾ ਪਤਾ ਨਹੀ ਲੱਗ ਰਿਹਾ ਸੀ। ਇਸੇ ਤਰ੍ਹਾਂ ਲਟਕਦੇ ਹੋਏ ਦਸ ਦਿਨ ਬੀਤ ਚੁੱਕੇ ਸਨ ਪਰ ਸੰਦੀਪ ਦੇ ਆਉਣ ਦਾ ਅਜੇ ਤਕ ਕੋਈ ਵੀ ਪੱਕਾ ਪਤਾ ਨਹੀਂ ਸੀ। ਸਥਿਤੀ ਬਹੁਤ ਹੀ ਗਮਗੀਨ ਅਤੇ ਹੈਰਾਨੀਜਨਕ ਬਣੀ ਹੋਈ ਸੀ। ਦਸ ਦਿਨ ਬੀਤਣ ਦੇ ਬਾਅਦ ਵੀ ਸੰਦੀਪ ਆਪਣੀ ਮਾਂ ਦੇ ਸਸਕਾਰ/ਅੰਤਿਮ ਦਰਸ਼ਨ 'ਤੇ ਨਹੀਂ ਸੀ ਆਇਆ। ਇਕ ਸ਼ਾਮ ਮੈਂ ਵੱਡੀ ਭੈਣ ਕੋਲ ਸੰਦੀਪ ਦੇ ਅਮਰੀਕਾ ਤੋਂ ਅਜੇ ਤਕ ਨਾ ਪਹੁੰਚਣ ਬਾਰੇ ਪੁੱਛਿਆ ਤਾਂ ਭੈਣ ਨੇ ਦੱਸਿਆ ਕਿ ਉਹ ਪਤਾ ਨਹੀਂ ਕਿਉਂ ਨਹੀ ਆ ਰਿਹਾ। ਤਰ੍ਹਾਂ-ਤਰ੍ਹਾਂ ਦੇ ਬਹਾਨੇ ਮਾਰ ਰਿਹਾ ਹੈ। ਭੈਣ ਹੁਰਾਂ ਦੱਸਿਆ ਕਿ ਹੁਣ ਉਨ੍ਹਾਂ ਸਾਰੀਆਂ ਭੈਣਾਂ ਨੇ ਪਰਿਵਾਰ ਸਮੇਤ ਫ਼ੈਸਲਾ ਕੀਤਾ ਹੈ ਕਿ ਸੰਦੀਪ ਆਵੇ ਚਾਹੇ ਨਾ ਆਵੇ, ਕੱਲ੍ਹ ਨੂੰ ਸਸਕਾਰ ਕਰ ਦੇਣਾ ਹੈ। ਸੋ ਗਿਆਰਾਂ ਦਿਨ ਬੀਤਣ ਤੋਂ ਬਾਅਦ ਵੀ ਜਦੋਂ ਸੰਦੀਪ ਨਾ ਆਇਆ ਤਾਂ ਸਾਰਿਆਂ ਦੇ ਸਲਾਹ-ਮਸ਼ਵਰੇ ਨਾਲ ਭੈਣ ਹੁਰਾਂ ਨੇ ਮਾਤਾ ਜੀ ਦਾ ਸਸਕਾਰ ਕਰ ਦਿੱਤਾ। ਸਭ ਦਾ ਮਨ ਉਦੋਂ ਬਹੁਤ ਭਾਵਕ ਹੋਇਆ ਜਦੋਂ ਭੈਣ ਹੁਰਾਂ ਨੇ ਮਾਤਾ ਜੀ ਦੀ ਚਿਖਾ ਨੂੰ ਅੱਗ ਦਿੱਤੀ। ਸਸਕਾਰ 'ਤੇ ਹਾਜ਼ਰ ਕੋਈ ਵੀ ਅੱਖ ਸੁੱਕੀ ਨਾ ਰਹੀ। ਸਸਕਾਰ ਸਮੇਂ ਸ਼ਮਸ਼ਾਨਘਾਟ ਵਿਚ ਖੜ੍ਹੇ-ਖੜ੍ਹੇ ਮੇਰੇ ਮਨ ਵਿਚ ਚੱਲ ਰਿਹਾ ਸੀ ਕਿ ਐਹੋ ਜਿਹੀ ਕਿਹੜੀ ਮਜਬੂਰੀ ਸੀ ਜਿਸ ਨੇ ਸੰਦੀਪ ਦੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ ਸਨ।



ਇਕ ਮਾਂ ਜਿਸ ਨੇ ਸੌ ਸੁੱਖਾਂ ਸੁੱਖੀਆਂ, ਦਰ-ਦਰ ਮੱਥੇ ਟੇਕੇ, ਫਿਰ ਨੌਂ ਮਹੀਨੇ ਪੇਟ 'ਚ ਰੱਖਿਆ ਅਤੇ ਉਸ ਦੀ ਅਮਰੀਕਾ ਜਾਣ ਦੀ ਅੜੀ ਪੂਰੀ ਕੀਤੀ। ਫਿਰ ਵੀ ਉਹ ਕਲਯੁਗੀ ਪੁੱਤਰ ਮਾਂ ਦੇ ਅੰਤਿਮ ਦਰਸ਼ਨ ਕਰਨ ਲਈ ਵੀ ਨਾ ਬਹੁੜਿਆ। ਇਹ ਸੋਚ-ਸੋਚ ਕੇ ਜਿੱਥੇ ਮੇਰਾ ਮਨ ਦੁਖੀ ਹੋ ਰਿਹਾ ਸੀ ਉੱਥੇ ਹੀ ਮੈਨੂੰ ਉਸ ਸਮਾਜ 'ਤੇ ਵੀ ਗੁੱਸਾ ਆ ਰਿਹਾ ਸੀ ਜਿਸ ਵਿਚ ਲੋਕ ਗੀਤ ਗਾਉਂਦੇ ਹਨ ਕਿ "ਪੁੱਤਰ ਮਿੱਠੜੇ ਮੇਵੇ ਰੱਬ ਸਭ ਨੂੰ ਦੇਵੇ"।

ਪਰ ਸੰਦੀਪ ਨੇ ਇਸ ਖੋਖਲੇ ਸਮਾਜ ਦੀਆਂ ਖੋਖਲੀਆਂ ਰੀਤਾਂ ਨੂੰ ਵੀ ਝੂਠਾ ਸਾਬਿਤ ਕਰ ਦਿੱਤਾ। ਇਕ ਮਾਂ ਜਿਸ ਨੇ ਬੜੀਆਂ ਔਖਾਂ, ਥੁੜ੍ਹਾਂ ਵਿਚ ਆਪਣੇ ਪੁੱਤਰ ਨੂੰ ਪਾਲ-ਪੋਸ ਕੇ ਵੱਡਾ ਕੀਤਾ, ਵਲਾਇਤ ਭੇਜਿਆ ਪਰ ਉਹੀ ਆਪਣੀ ਮਾਂ ਦੇ ਸਸਕਾਰ 'ਤੇ ਵੀ ਨਹੀਂ ਪੁੱਜਾ। ਮੈਂ ਆਪਣੇ ਆਪਤੋਂ ਵਾਰ-ਵਾਰ ਇਹ ਪੁੱਛ ਰਹੀ ਸੀ ਕਿ ਕੀ ਸੰਦੀਪ ਦੀ ਕੋਈ ਡਿਊਟੀ ਨਹੀਂ ਸੀ ਬਣਦੀ? ਕੀ ਸਿਰਫ਼ ਇਸ ਸੱਚਮੁੱਚ ਵਿਚਾਰੀ ਮਾਂ ਦੀ ਹੀ ਸਾਰੀ ਡਿਊਟੀ ਬਣਦੀ ਸੀ ਕਿ ਸੰਦੀਪ ਦੀਆਂ ਸਾਰੀਆਂ ਰੀਝਾਂ ਪੂਰੀਆਂ ਕਰਦੀ? ਮੈਂ ਸਮਾਜ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਉਹ ਕਿਹੜੀ ਕਮੀ ਹੁੰਦੀ ਹੈ ਸਾਡੇ ਕੁੜੀਆਂ/ਧੀਆਂ 'ਚ ਜੋ ਕਿ ਇਕ ਪੁੱਤਰ ਆ ਕੇ ਪੂਰੀ ਕਰ ਦਿੰਦਾ ਹੈ? ਸਮਾਜ ਵਿਚ ਕੁਝ ਅਜਿਹੇ ਸ਼ਖ਼ਸ ਵੀ ਹੁੰਦੇ ਹਨ ਜੋ ਕਿ ਕਿਸੇ ਘਰ ਇਕ ਤੋਂ ਵੱਧ ਜੰਮੀ ਧੀ ਦੇ ਜਨਮ 'ਤੇ ਸੋਗ ਕਰਨ ਵੀ ਚਲੇ ਜਾਂਦੇ ਹਨ। ਨਾ ਸਿਰਫ਼ ਗਰੀਬ ਜਾਂ ਘੱਟ ਪੜ੍ਹੇ-ਲਿਖੇ ਲੋਕ ਇਸ ਕੁਰੀਤੀ ਦਾ ਸ਼ਿਕਾਰ ਹਨ ਬਲਕਿ ਸੂਝਵਾਨ, ਪੜ੍ਹੇ-ਲਿਖੇ ਅਤੇ ਚੰਗੇ ਅਹੁਦਿਆਂ 'ਤੇ ਬਿਰਾਜੇ ਲੋਕ ਵੀ ਸਮਾਜ ਦੀ ਇਸ ਮਾਨਸਿਕਤਾ ਤੋਂ ਆਪਣੇ-ਆਪ ਨੂੰ ਬਚਾ ਨਹੀਂ ਸਕੇ। ਕਰਜ਼ਾਈ ਹੋ ਕੇ, ਉਮਰ ਦਾ ਲਿਹਾਜ਼ ਵੀ ਨਾ ਕਰਦੇ ਹੋਏ ਇਹ ਲੋਕ ਪਤਾ ਨਹੀਂ ਕਿਸ ਚੰਗੀ ਚੀਜ਼ ਦੀ ਭਾਲ ਕਰਦੇ ਹਨ। ਕੀ ਮੈਰੀਕਾਮ, ਪੀਟੀ ਊਸ਼ਾ, ਕਲਪਨਾ ਚਾਵਲਾ ਅਤੇ ਹਿਮਾ ਦਾਸ ਵਰਗੀਆਂ ਕੁੜੀਆਂ ਨੇ ਪੁੱਤਰਾਂ ਤੋਂ ਕੋਈ ਘੱਟ ਕਰਮ ਕੀਤਾ ਹੈ? ਧੰਨ ਹਨ ਉਹ ਮਾਵਾਂ ਜਿਨ੍ਹਾਂ ਨੇ ਇਨ੍ਹਾਂ ਮਹਾਨ ਕੁੜੀਆਂ ਨੂੰ ਜਨਮ ਦਿੱਤਾ।

ਮੈਂ ਇਹ ਸੋਚ ਕੇ ਬਹੁਤ ਦੁਖੀ ਹੁੰਦੀ ਹਾਂ ਕਿ ਕੀ ਸਾਰੀਆਂ ਅਸੀਸਾਂ, ਦੁਆਵਾਂ ਸਿਰਫ਼ ਮੁੰਡਿਆਂ ਲਈ ਹੀ ਹਨ।

(ਬਾਕੀ ਸਫਾ 22 'ਤੇ)

# ਮਿਆਂਮਾਰ ਫੌਜੀ ਪਲਟਾ, ਰੋਹਿੰਗੀਆ ਅਤੇ ਭਾਰਤ

ਮਾਨਵ

ਪਹਿਲੀ ਫਰਵਰੀ ਦੀ ਸਵੇਰ ਭਾਰਤ ਦੇ ਗੁਆਂਢੀ ਮੁਲਕ ਮਿਆਂਮਾਰ (ਪੁਰਾਣਾ ਨਾਂ ਬਰਮਾ) ਵਿਚ ਫੌਜ ਨੇ ਆਂਗ ਸਾਂ ਸੂ ਕੀ ਦੀ ਅਗਵਾਈ ਵਾਲ਼ੀ ਸਰਕਾਰ ਦਾ ਤਖਤਾ ਪਲਟਾ ਕੇ ਕਬਜ਼ਾ ਕਰ ਲਿਆ। ਫੌਜ ਨੇ 8 ਨਵੰਬਰ ਨੂੰ ਹੋਈਆਂ ਚੋਣਾਂ ਦੌਰਾਨ ਹੇਰਾਫੇਰੀ ਦੇ ਦੋਸ਼ ਲਾ ਕੇ ਹੁਣ ਇੱਕ ਸਾਲ ਤੱਕ ਐਮਰਜੈਂਸੀ ਲਾਉਣ ਅਤੇ ਉਸ ਮਗਰੋਂ ਨਵੇਂ ਸਿਰਿਓਂ ਚੋਣਾਂ ਕਰਾਉਣ ਦਾ ਐਲਾਨ ਕੀਤਾ ਹੈ। ਚੋਣਾਂ ਵਿਚ ਸੱਤਾਧਾਰੀ ਆਂਗ ਸਾਂ ਸੂ ਕੀ ਦੀ ਪਾਰਟੀ ਨੂੰ ਕੁੱਲ ਪਈਆਂ ਵੋਟਾਂ ਦਾ 83% ਮਿਲਿਆ ਤੇ ਉਸ ਨੇ ਹੇਠਲੇ ਤੇ ਉੱਪਰਲੇ, ਦੋਹਾਂ ਸਦਨਾਂ ਦੀਆਂ ਕੁੱਲ 476 ਸੀਟਾਂ ਵਿਚੋਂ 396 ਜਿੱਤੀਆਂ ਜਦਕਿ ਫੌਜ ਦੇ ਨੇੜੇ ਸਮਝੀ ਜਾਂਦੀ 'ਯੂਨੀਅਨ ਇੱਕਜੁੱਟਤਾ ਤੇ ਵਿਕਾਸ ਪਾਰਟੀ' ਨੂੰ 33 ਸੀਟਾਂ ਮਿਲੀਆਂ। ਤਖਤਾ ਪਲਟ ਮਗਰੋਂ ਅਮਰੀਕਾ ਨੇ ਕਰੜੀ ਨਿਖੇਧੀ ਕੀਤੀ ਹੈ, ਨਵੀਆਂ ਬੰਦਿਸ਼ਾਂ ਲਾਈਆਂ ਹਨ ਤੇ ਨਿਊਜ਼ੀਲੈਂਡ ਨੇ ਮਿਆਂਮਾਰ ਨਾਲ਼ੋਂ ਕੂਟਨੀਤਕ ਸਬੰਧ ਤੋੜ ਲਏ ਹਨ। ਚੀਨ ਤੇ ਭਾਰਤ ਨੇ ਆਪੋ-ਆਪਣੇ ਹਿੱਤ ਮੁਤਾਬਕ ਸੋਚ ਸਮਝ ਕੇ ਬਿਆਨ ਜਾਰੀ ਕੀਤੇ ਹਨ।

ਅਸਲ ਵਿਚ ਆਂਗ ਸਾਂ ਦੀ ਪਾਰਟੀ ਅਤੇ ਫੌਜ ਦਰਮਿਆਨ ਇਹ ਨਿਰਬਲ ਜਿਹਾ ਗੱਠਜੋੜ ਸੀ ਜਿਹੜਾ ਹੁਣ ਤਿੜਕ ਗਿਆ ਹੈ। ਇਹ ਫੌਜ ਹੀ ਸੀ ਜਿਸ ਨੇ 2008 ਦੇ ਪਿਛਲੇ ਪਲਟੇ ਵੇ਼ਲੇ ਨਵਾਂ ਸੰਵਿਧਾਨ ਬਣਾਇਆ ਜਿਸ ਵਿਚ ਫੌਜ ਨੂੰ ਮੁਲਕ ਦੇ ਅਹਿਮ ਖੇਤਰ ਸੰਭਾਲੇ ਸਨ। ਸੰਸਦ ਵਿਚ ਇੱਕ-ਚੁਥਾਈ ਸੀਟਾਂ ਫੌਜ ਲਈ ਰਾਖਵੀਆਂ ਰੱਖੀਆਂ ਅਤੇ ਅਹਿਮ ਵਜ਼ਾਰਤਾਂ, ਰੱਖਿਆ ਤੇ ਅੰਦਰੂਨੀ ਮਾਮਲਾ, ਫੌਜ ਕੋ਼ਲ ਹੀ ਰਾਖਵੇਂ ਰੱਖੇ ਗਏ। 2010 ਵਿਚ ਜਦ ਆਂਗ ਸਾਂ ਨੂੰ ਨਜ਼ਰਬੰਦੀ ਤੋਂ ਰਿਹਾਅ ਕੀਤਾ ਗਿਆ ਤਾਂ ਉਸ ਦੀ ਅਗਵਾਈ ਵਿਚ ਪਾਰਟੀ ਨੇ ਇਸ ਅਸਥਿਰ ਗੱਠਜੋੜ ਨੂੰ ਫੁੱਲ ਪਾਏ ਅਤੇ ਕਦੇ ਵੀ ਇਸ ਪੂਰੇ ਨਿਜ਼ਾਮ ਖਿਲਾਫ ਖੁੱਲ੍ਹ ਕੇ ਸਾਹਮਣੇ ਨਹੀਂ ਆਈ ਸਗੋਂ ਇਸ ਦੀਆਂ ਵਧੀਕੀਆਂ ਨੂੰ ਵਿਦੇਸ਼ ਮੰਤਰੀ ਬਣਨ ਮਗਰੋਂ ਜਾਇਜ਼ ਹੀ ਠਹਿਰਾਇਆ। ਆਂਗ ਸਾਂ ਅਮਰੀਕਾ ਪੱਖੀ ਹੋਣ ਕਰ ਕੇ ਵਕਤੀ ਤੌਰ ਤੇ ਮਿਆਂਮਾਰ ਦੀ ਫੌਜ ਅਤੇ ਸਰਕਾਰ ਦਾ ਝੁਕਾਅ ਅਮਰੀਕਾ ਪੱਖੀ ਵੀ ਹੋਇਆ। ਚੀਨ ਨਾ਼ਲ ਭਾਈਵਾਲੀ ਵਾ਼ਲੇ ਕੁਝ ਵੱਡੇ ਪ੍ਰਾਜੈਕਟ ਜਿਸ ਤਰ੍ਹਾਂ ਮਿਤਸੋਨ ਬੰਨ੍ਹ ਤੇ ਸਮੁੰਦਰੀ ਬੰਦਰਗਾਹ ਦੀ ਵੱਡੀ ਯੋਜਨਾ ਵਿਚਾਲੇ ਤਿਆਗ ਦਿੱਤੀ ਗਈ। ਅਮਰੀਕਾ ਤੇ ਉਸ ਦੇ ਸਾਮਰਾਜੀ ਹਮਾਇਤੀਆਂ ਨੇ ਆਂਗ ਸਾਂ ਨੂੰ ਜਮਹੂਰੀਅਤ ਦੀ ਅਲਮ-ਬਰਦਾਰ ਪ੍ਰਚਾਰਿਆ ਗਿਆ, ਮਿਆਂਮਾਰ ਖਿਲਾਫ ਲਾਈਆਂ ਬੰਦਿਸ਼ਾਂ ਹਟਾਈਆਂ ਅਤੇ ਜਦ ਆਂਗ ਸਾਂ ਦੀ ਪਾਰਟੀ ਨੇ 2015 ਦੀਆਂ ਚੋਣਾਂ ਜਿੱਤ ਕੇ ਸਰਕਾਰ ਬਣਾਈ, ਪੱਛਮੀ ਮੀਡੀਏ ਵਿਚ ਇਸ ਨੂੰ 'ਆਜ਼ਾਦੀ' ਦੀ ਜਿੱਤ ਵਜੋਂ ਲਿਆ ਗਿਆ ਪਰ ਅਸਲ ਵਿਚ ਆਂਗ ਸਾਂ ਦੀ ਸਰਕਾਰ ਤੇ ਫੌਜ ਦਾ ਦਬਦਬਾ ਕਾਇਮ ਰਿਹਾ, ਅਹਿਮ ਵਜ਼ਾਰਤਾਂ ਉਨ੍ਹਾਂ ਕੋ਼ਲ ਰਹੀਆਂ। ਇਸ ਦੇ ਬਾਵਜੂਦ ਇਸ ਨੋਬੇਲ ਅਮਨ ਇਨਾਮ ਜੇਤੂ ਨੇ ਫੌਜ ਦੀਆਂ ਵਧੀਕੀਆਂ, ਰੋਹਿੰਗੀਆ ਮੁਸਲਮਾਨਾਂ ਦੇ ਨਸਲੀ ਸਫ਼ਾਏ ਦੀ ਮਿਆਂਮਾਰ ਸਰਕਾਰ ਦੀ ਨੀਤੀ ਦਾ ਕਦੇ ਵਿਰੋਧ ਨਹੀਂ ਕੀਤਾ ਸਗੋਂ ਦੋ ਕਦਮ ਅੱਗੇ ਵਧ ਕੇ ਕੌਮਾਂਤਰੀ ਮੰਚਾਂ ਤੇ ਬਚਾਓ ਕੀਤਾ।

ਫੌਜ ਦੇ ਮੁੜ ਸੱਤਾ ਸਾਂਭਣ ਦੇ ਫ਼ੈਸਲੇ ਪਿੱਛੇ ਚਾਲਕ ਸ਼ਕਤੀ ਮਿਆਂਮਾਰ ਦਾ ਵਧ ਰਿਹਾ ਘਰੇਲੂ ਆਰਥਿਕ ਅਤੇ ਸਿਆਸੀ ਸੰਕਟ ਹੈ। ਪਿਛਲੇ ਦੋ ਸਾਲਾਂ ਵਿਚ ਮੁਲਕ ਦੀ ਆਰਥਿਕ ਵਾਧਾ ਦਰ 6% ਤੋਂ ਘਟ ਕੇ 0.5% ਤੇ ਆ



ਡਿੱਗੀ ਹੈ, ਕਰੋਨਾ-ਬੰਦੀਆਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਕੀਤਾ ਹੈ। ਇੱਕ ਸਰਵੇਖਣ ਮੁਤਾਬਕ ਮਿਆਂਮਾਰ ਦੀ 60% ਤੋਂ ਵਧੇਰੇ ਵਸੋਂ 150 ਰੁਪਏ ਰੋਜ਼ਾਨਾ ਤੋਂ ਘੱਟ ਤੇ ਗੁਜ਼ਾਰਾ ਕਰ ਰਹੀ ਹੈ। ਮਿਆਂਮਾਰ ਦੇ ਕਿਰਤੀਆਂ ਦੀਆਂ ਮਾੜੀਆਂ ਕੰਮ ਹਾਲਤਾਂ ਤੇ ਉਦੋਂ ਪੂਰੀ ਦੁਨੀਆ ਦੀ ਨਜ਼ਰ ਗਈ ਜਦ 2020 ਵਿਚ ਉੱਤਰ ਮਿਆਂਮਾਰ ਦੇ ਕਾਚੀਨ ਸੂਬੇ ਵਿਚ ਜੇਡ ਪੱਥਰਾਂ ਦੀ ਖਾਣ ਵਿਚ ਹਾਦਸੇ ਦੌਰਾਨ 200 ਦੇ ਕਰੀਬ ਮਜ਼ਦੂਰ ਮਾਰੇ ਗਏ। ਇਸ ਹਾਦਸੇ ਨੇ ਮਿਆਂਮਾਰ ਦੀ ਇਸ 31 ਅਰਬ ਡਾਲਰ ਦੀ ਸਭ ਤੋਂ ਵੱਡੀ ਪਰ ਪੂਰੀ ਤਰ੍ਹਾਂ ਗੈਰ-ਨਿਯਮਿਤ ਸਨਅਤ ਵਿਚ ਚੱਲ ਰਹੀ ਲੁੱਟ ਨਸ਼ਰ ਕਰ ਦਿੱਤੀ। ਇਸ ਅੰਨ੍ਹੀ ਲੁੱਟ ਵਿਚ ਹਾਕਮਧਾਰੀ ਆਂਗ ਸਾਂ ਦੀ ਪਾਰਟੀ ਤੋਂ ਲੈ ਫੌਜੀ ਅਫਸਰ ਸਭ ਸ਼ਾਮਲ ਸਨ। ਦੂਜੇ ਬੰਨ੍ਹੇ ਫੌਜ ਅੰਦਰ ਇਹ ਅਹਿਸਾਸ ਵਧ ਰਿਹਾ ਸੀ ਕਿ ਆਂਗ ਸਾਂ ਆਪ-ਮੁਹਾਰੀ ਹੋ ਰਹੀ ਹੈ। ਜਦ ਮਾਰਚ 2020 ਵਿਚ ਆਂਗ ਸਾਂ ਨੇ ਸੰਵਿਧਾਨ ਵਿਚ ਅਜਿਹੀ ਸੋਧ ਕਰਨੀ ਚਾਹੀ ਜਿਸ ਰਾਹੀਂ ਉਹ ਸਦਰ ਬਣ ਸਕੇ ਤਾਂ ਫੌਜ ਨੇ ਆਪਣੀ ਤਾਕਤ ਵਰਤਦਿਆਂ ਅਜਿਹੀ ਕਿਸੇ ਵੀ ਸੋਧ ਨੂੰ ਰੱਦ ਕਰ ਦਿੱਤਾ। ਉਸ ਮਗਰੋਂ ਦੋਹਾਂ ਧਿਰਾਂ ਵਿਚਕਾਰ ਤਣਾਅ ਤਿੱਖਾ ਹੁੰਦਾ ਗਿਆ।

ਤਖਤਾ ਪਲਟਣ ਦੀ ਕਾਰਵਾਈ ਮਗਰੋਂ ਅਮਰੀਕਾ ਸਰਕਾਰ ਨੇ ਮਿਆਂਮਾਰ ਸਰਕਾਰ 'ਤੇ ਨਵੀਆਂ ਪਾਬੰਦੀਆਂ ਲਾਈਆਂ ਹਨ। ਉਸ ਨੇ ਫੌਜੀ ਅਫਸਰਾਂ ਦੇ ਅਮਰੀਕੀ ਖਾਤਿਆਂ ਵਿਚ ਪਏ ਕਰੋੜਾਂ ਡਾਲਰ ਸੀਲ ਕਰ ਦਿੱਤੇ ਹਨ। ਬਾਇਡਨ ਪ੍ਰਸ਼ਾਸਨ ਦੀ ਇਹ ਕਾਰਵਾਈ ਕੋਈ ਮਨੁੱਖੀ ਹੱਕਾਂ ਪ੍ਰਤੀ ਸੰਜੀਦਗੀ ਤੋਂ ਪ੍ਰੇਰਿਤ ਨਹੀਂ ਸਗੋਂ ਆਪਣੇ ਹਿੱਤ ਬਚਾਉਣ ਲਈ ਚੁੱਕਿਆ ਕਦਮ ਹੈ। ਪਿਛਲੇ ਦਸ ਸਾਲ ਅਮਰੀਕਾ ਨਾ਼ਲ ਇੱਕ ਹੱਦ ਤੱਕ ਦੇ ਸੁਖਾਵੇਂ ਸਬੰਧਾਂ ਦੇ ਬਾਵਜੂਦ ਸੰਸਾਰ ਆਰਥਿਕ ਸੰਕਟ ਦੇ ਚਲਦਿਆਂ ਮਿਆਂਮਾਰ ਨੂੰ ਇਸ ਦਾ ਕੋਈ ਗਿਣਨਯੋਗ ਆਰਥਿਕ ਲਾਭ ਨਹੀਂ ਹੋਇਆ। ਉੱਤੋਂ ਰੋਹਿੰਗੀਆ ਮੁਸਲਮਾਨਾਂ ਵ਼ੱਲ ਆਪਣੀ ਨੀਤੀ ਕਰ ਕੇ ਮਿਆਂਮਾਰ ਸਰਕਾਰ ਦੀ ਕੌਮਾਂਤਰੀ ਪੱਧਰ 'ਤੇ ਆਲੋਚਨਾ ਹੋਈ ਜਿਸ ਨੇ ਸਰਕਾਰ ਦਾ ਝੁਕਾਅ ਚੀਨ ਵ਼ੱਲ ਕੀਤਾ ਹੈ। ਰੋਹਿੰਗੀਆ ਮੁਸਲਮਾਨਾਂ ਬਾਰੇ ਚੁੱਪ ਰਹਿ ਕੇ ਜਾਂ ਕੂਟਨੀਤਕ ਸ਼ਬਦਾਵਲੀ ਵਿਚ ਮਸਲੇ ਨੂੰ ਟਾ਼ਲ ਕੇ ਚੀਨ ਨੇ ਮਿਆਂਮਾਰ ਨੂੰ ਆਪਣੇ ਵ਼ੱਲ ਰੱਖਿਆ ਹੈ। ਬਦਲੇ ਵਿਚ ਮਿਆਂਮਾਰ ਨੇ ਜ਼ਿਨਜਿਆਂਗ ਬਾਰੇ ਚੀਨ ਦੇ ਨਜ਼ਰੀਏ ਦੀ ਹਮਾਇਤ ਕੀਤੀ।

ਇਸ ਦੇ ਨਾ਼ਲ ਹੀ ਚੀਨ-ਮਿਆਂਮਾਰ ਵਪਾਰਕ ਭਾਈਵਾਲੀ ਵੀ ਵਧ ਰਹੀ ਹੈ। ਪਿਛਲੇ ਸਾਲ ਹੀ ਚੀਨ ਤੇ ਮਿਆਂਮਾਰ ਦਰਮਿਆਨ ਬੁਨਿਆਦੀ ਢਾਂਚਾ, ਵਪਾਰ ਤੇ ਸਨਅਤ ਨੂੰ ਲੈ ਕੇ 33 ਨਵੇਂ ਨਿਵੇਸ਼ ਸਮਝੌਤੇ ਹੋਏ ਸਨ ਤੇ ਮਿਆਂਮਾਰ ਚੀਨ ਦੀ 'ਇੱਕ ਪੱਟੀ ਇੱਕ ਸੜਕ ਯੋਜਨਾ' ਦਾ ਵੀ ਹਿੱਸਾ ਹੈ ਜਿਸ ਤਹਿਤ ਚੀਨ ਰਾਖੀਨ ਸੂਬੇ ਵਿਚ 'ਖ਼ਾਸ ਆਰਥਿਕ ਜ਼ੋਨ' ਬਣਾ ਰਿਹਾ ਹੈ ਜਿਹੜਾ ਚੀਨ ਨੂੰ ਵਪਾਰ ਵਾਸਤੇ ਨਵਾਂ ਰਾਹ ਖੋਲ੍ਹੇਗਾ। ਹੁਣ ਤੱਕ ਚੀਨ ਨੂੰ ਮਲੇਸ਼ੀਆ ਦੁਆਲਿਓਂ ਹੋ ਕੇ ਮੁਲਾਕਾਹ ਪਣ-ਜੋੜ ਵਾ਼ਲਾ ਰਾਹ ਵਰਤਣਾ ਪੈਂਦਾ ਸੀ ਜਿਸ ਤੇ ਅਮਰੀਕਾ ਦਾ ਦਬਦਬਾ ਸੀ। ਮਿਆਂਮਾਰ ਵਿਚ ਚੀਨ ਵ਼ੱਲੋਂ ਵਿਕਸਿਤ ਕੀਤੀ ਜਾ ਰਹੀ ਇਹ ਨਵੀਂ ਬੰਦਰਗਾਹ ਇਸ ਖਿੱਤੇ ਵਿਚ ਅਮਰੀਕੀ ਦਾਬੇ ਨੂੰ ਚੁਣੌਤੀ ਦੇਵੇਗੀ।

ਮਿਆਂਮਾਰ 'ਚ ਭਾਰਤ ਦੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ 'ਚਿੰਤਾ ਜ਼ਾਹਰ' ਤਾਂ ਕੀਤੀ ਪਰ 'ਫੌਜ' ਜਾਂ 'ਤਖਤਾ ਪਲਟ' ਨੂੰ ਸੰਬੋਧਨ ਹੋਣ ਜਾਂ ਕਰੜੀ ਨਿੰਦਾ ਕਰਨ ਤੋਂ ਗੁਰੇਜ਼ ਕੀਤਾ। ਇਸ ਦੇ ਕਈ ਕਾਰਨ ਹਨ। ਇਸ ਵੇ਼ਲੇ 100 ਤੋਂ ਵੱਧ ਭਾਰਤੀ ਕੰਪਨੀਆਂ ਦਾ ਮਿਆਂਮਾਰ ਵਿਚ 1.2 ਅਰਬ ਡਾਲਰ ਨਿਵੇਸ਼ ਹੈ। ਭਾਰਤ ਮਿਆਂਮਾਰ ਨੂੰ 10 ਕਰੋੜ ਡਾਲਰ ਦੇ ਹਥਿਆਰ ਵੀ ਵੇਚਦਾ ਹੈ। ਜਿਥੋਂ ਤੱਕ ਰੋਹਿੰਗੀਆ ਮੁਸਲਮਾਨਾਂ ਦਾ ਸਬੰਧ ਹੈ ਤਾਂ ਮੋਦੀ ਸਰਕਾਰ ਨੇ ਉਨ੍ਹਾਂ ਲਈ ਆਵਾਜ਼ ਉਠਾਉਣਾ ਤਾਂ ਦੂਰ, ਮਿਆਂਮਾਰ ਸਰਕਾਰ ਵ਼ੱਲੋਂ ਅਪਣਾਈ ਜਾ ਰਹੀ ਨਸਲਕੁਸ਼ੀ ਵਾ਼ਲੀ ਨੀਤੀ ਦਾ ਵਿਰੋਧ ਕਰਨ ਤੋਂ ਵੀ ਗੁਰੇਜ਼ ਕੀਤਾ ਹੈ।

ਮਿਆਂਮਾਰ ਦੇ ਸਿਆਸੀ ਘਟਨਾਕ੍ਰਮ ਨੂੰ ਹਰ ਕੋਈ ਆਪਣੇ ਹਿੱਤ ਤੋਂ ਦੇਖ ਰਿਹਾ ਹੈ। ਭਾਰਤ ਨੂੰ ਮਿਆਂਮਾਰ ਦੇ ਚੀਨ ਵੱਲ ਜਾਣ ਦੀ ਚਿੰਤਾ ਤੇ ਆਪਣੇ ਹਿੱਤ ਗੁਆ ਲੈਣ ਦਾ ਤੌਖਲਾ ਹੋਣ ਕਰ ਕੇ ਉਹ ਕੂਟਨੀਤਕ ਖੇਡ ਖੇਡ ਰਿਹਾ ਹੈ; ਚੀਨ ਤੇ ਅਮਰੀਕਾ ਦੇ ਆਪਣੇ ਹਿੱਤ ਹਨ। ਮਿਆਂਮਾਰ ਦੀ ਫੌਜ ਤੇ ਸਰਕਾਰ ਵੀ ਇਨ੍ਹਾਂ ਹਾਲਾਤ ਨੂੰ ਸਮਝਦਿਆਂ ਤਿੰਨਾਂ ਤਾਕਤਾਂ ਤੋਂ ਆਪਣੇ ਫਾਇਦੇ ਦੇ ਹਿਸਾਬ ਨਾ਼ਲ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕਰੇਗੀ। ਇਸ ਸਾਰੇ ਘਟਨਾਕ੍ਰਮ ਵਿਚ ਜੇ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ ਤਾਂ ਉਹ ਹੈ ਮਿਆਂਮਾਰ ਦੇ ਕਿਰਤੀ ਲੋਕਾਂ ਦਾ।

ਪਹਿਲੋਂ ਹੀ ਸਭ ਤੋਂ ਗਰੀਬ ਮੁਲਕਾਂ ਵਿਚ ਸ਼ਾਮਲ ਮਿਆਂਮਾਰ ਵਿਚ ਫੌਜ ਦੀ ਤਾਨਾਸ਼ਾਹੀ ਤੇ ਲੁੱਟ ਹੋਰ ਤਿੱਖੀ ਹੋਵੇਗੀ। ਇਸੇ ਗੱਲ ਨੂੰ ਸਮਝਦਿਆਂ ਉਥੋਂ ਦੇ ਲੋਕ, ਵਿਦਿਆਰਥੀ ਯੂਨੀਅਨਾਂ, ਸਿਹਤ ਕਾਮੇ ਤੇ ਹੋਰ ਤਬਕੇ ਮੌਜੂਦਾ ਪਲਟੇ ਦੇ ਖਿਲਾਫ ਸੜਕਾਂ ਤੇ ਭਾਰੀ ਵਿਰੋਧ ਕਰ ਰਹੇ ਹਨ। ਇਨ੍ਹਾਂ ਮੁਜ਼ਾਹਰਿਆਂ ਨੂੰ ਆਂਗ ਸਾਂ ਦੀ ਪਾਰਟੀ ਵੀ ਹਮਾਇਤ ਦੇ ਰਹੀ ਹੈ ਪਰ ਨਾ਼ਲ ਹੀ ਉਸ ਨੂੰ ਤੌਖਲਾ ਵੀ ਹੈ ਕਿ ਮੌਜੂਦਾ ਵਿਰੋਧ ਆਉਂਦੇ ਸਮੇਂ ਵਿਚ ਪੂਰੇ ਸਿਆਸੀ ਨਿਜ਼ਾਮ, ਸਣੇ ਫੌਜ ਤੇ ਸਣੇ ਉਸ ਦੀ ਪਾਰਟੀ ਦੇ, ਖਿਲਾਫ ਨਾ ਸੇਧਿਤ ਹੋ ਜਾਵੇ।

ਦੂਜੀ ਸਭ ਤੋਂ ਵਧ ਮਾਰ ਪਵੇਗੀ ਮਿਆਂਮਾਰ ਵਿਚ ਰਹਿ ਰਹੀਆਂ ਘੱਟਗਿਣਤੀਆਂ ਤੇ ਜਿਨ੍ਹਾਂ ਵਿਚ ਸਭ ਤੋਂ ਮੋਹਰੀ ਨਾਮ ਹੈ ਰੋਹਿੰਗੀਆ ਮੁਸਲਮਾਨਾਂ ਦਾ। ਪੱਛਮੀ ਤਾਕਤਾਂ ਹੁਣ ਆਂਗ ਸਾਂ ਸੂ ਕੀ ਨੂੰ ਉਭਾਰਨਗੀਆਂ ਜਿਸ ਕਰ ਕੇ ਆਂਗ ਸਾਂ ਦੀ ਸਰਕਾਰ ਵੇ਼ਲੇ ਇਨ੍ਹਾਂ ਰੋਹਿੰਗੀਆਂ 'ਤੇ ਹੋਏ ਜ਼ੁਲਮਾਂ ਦੇ ਮੁੱਦੇ ਨੂੰ ਪਿੱਛੇ ਧੱਕ ਦਿੱਤਾ ਜਾਵੇਗਾ। ਚੀਨ ਤੇ ਭਾਰਤ ਵਿਚਾਲੇ ਘਿਰੇ ਇਸ ਮੁਲਕ ਦਾ ਭਵਿੱਖ ਕੀ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਹ ਤੈਅ ਹੈ ਕਿ ਮੌਜੂਦਾ ਪਲਟੇ ਖਿਲਾਫ ਉੱਠਿਆ ਲੋਕ ਰੋਹ ਛੇਤੀ ਵਿਸਾਰਿਆ ਨਹੀਂ ਜਾਵੇਗਾ।

# ਪਾਕਿਸਤਾਨ ਨਾਲ ਤਾਲਮੇਲ ਵਧਾਉਣਾ ਸਮੇਂ ਦੀ ਲੋੜ



ਜੀ ਪਾਰਥਾਸਾਰਥੀ

ਭਾਰਤ ਅਤੇ ਪਾਕਿਸਤਾਨ ਦੇ ਡਾਇਰੈਕਟਰਜ਼ ਜਨਰਲ ਆਫ਼ ਮਿਲਿਟਰੀ ਅਪਰੇਸ਼ਨਜ਼ (ਡੀਜੀਐੱਮਓ) ਨੇ 25 ਫਰਵਰੀ ਸਵੇਰੇ ਬੜਾ ਅਹਿਮ ਸਾਂਝਾ ਬਿਆਨ ਜਾਰੀ ਕੀਤਾ। ਦੋਵਾਂ ਫ਼ੌਜੀ ਅਧਿਕਾਰੀਆਂ ਦਰਮਿਆਨ ਟੈਲੀਫੋਨ ਉਤੇ ਹੋਏ ਵਿਚਾਰ-ਵਟਾਂਦਰੇ ਤੋਂ ਬਾਅਦ ਜਾਰੀ ਇਸ ਬਿਆਨ ਵਿਚ ਕਿਹਾ ਗਿਆ: "ਦੋਵੇਂ ਧਿਰਾਂ ਨੇ ਕੰਟਰੋਲ ਲਕੀਰ (ਐੱਲਓਸੀ) ਦੇ ਹਾਲਾਤ ਨੂੰ ਖੁੱਲ੍ਹੇ, ਬੇਬਾਕ ਅਤੇ ਦੋਸਤਾਨਾ ਮਾਹੌਲ ਵਿਚ ਵਿਚਾਰਿਆ। ਸਰਹੱਦ ਉਤੇ ਆਪਸੀ ਲਾਹੇਵੰਦ ਅਤੇ ਹੰਢਣਸਾਰ ਅਮਨ ਲਈ ਦੋਵੇਂ ਡੀਜੀਐੱਮਓ ਇਕ-ਦੂਜੇ ਦੇ ਅਹਿਮ ਮੁੱਦਿਆਂ ਤੇ ਸਰੋਕਾਰਾਂ, ਜਿਹੜੇ ਅਮਨ ਵਿਚ ਵਿਘਨ ਪਾਉਣ ਤੇ ਹਿੰਸਾ ਦਾ ਕਾਰਨ ਬਣ ਸਕਦੇ ਹਨ, ਦਾ ਨਿਬੇੜਾ ਕਰਨ ਲਈ ਰਾਜ਼ੀ ਹਨ। ਦੋਵੇਂ ਧਿਰਾਂ ਨੇ 24/25 ਫਰਵਰੀ, 2021 ਦੀ ਅੱਧੀ ਰਾਤ ਤੋਂ ਕੰਟਰੋਲ ਲਕੀਰ ਤੇ ਹੋਰ ਸਾਰੇ ਖੇਤਰਾਂ ਵਿਚ ਕੀਤੇ ਗਏ ਇਕਰਾਰਨਾਮਿਆਂ, ਰਜ਼ਾਮੰਦੀਆਂ ਅਤੇ ਗੋਲੀਬੰਦੀਆਂ ਦਾ ਸਖ਼ਤੀ ਨਾਲ ਪਾਲਣ ਕਰਨ ਲਈ ਹਾਮੀ ਭਰੀ ਹੈ।"

ਅਮਨ ਅਤੇ ਸਲਾਮਤੀ ਦੇ ਮੁੱਦੇ ਹਮੇਸ਼ਾ ਹੀ ਦੋਵਾਂ ਭਾਰਤ ਤੇ ਪਾਕਿਸਤਾਨ ਲਈ ਸਭ ਤੋਂ ਵੱਧ ਅਹਿਮੀਅਤ ਵਾਲੇ ਰਹੇ ਹਨ। ਇਸ ਸਬੰਧ ਵਿਚ ਅਸੀਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਾਰਕ ਸਿਖਰ ਸੰਮੇਲਨ ਵਾਸਤੇ ਫੇਰੀ ਦੌਰਾਨ 6 ਜੁਲਾਈ, 2004 ਨੂੰ ਜਾਰੀ ਕੀਤੇ ਗਏ ਸਾਂਝੇ ਐਲਾਨਨਾਮੇ ਨੂੰ ਚੇਤੇ ਕਰ ਸਕਦੇ ਹਾਂ। ਸ੍ਰੀ ਵਾਜਪਾਈ ਅਤੇ ਪਾਕਿਸਤਾਨ ਦੇ ਮੌਕੇ ਦੇ ਸਦਰ ਜਨਰਲ ਪਰਵੇਜ਼ ਮੁਸ਼ੱਰਫ਼ ਦੀ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਇਸ ਸਾਂਝੇ ਬਿਆਨ ਵਿਚ ਕਿਹਾ ਗਿਆ ਸੀ: "ਰਾਸ਼ਟਰਪਤੀ ਮੁਸ਼ੱਰਫ਼ ਨੇ ਪ੍ਰਧਾਨ ਮੰਤਰੀ ਵਾਜਪਾਈ ਨੂੰ ਯਕੀਨ ਦਿਵਾਇਆ ਹੈ ਕਿ ਉਹ ਪਾਕਿਸਤਾਨ ਦੇ ਕੰਟਰੋਲ ਹੇਠਲੇ ਕਿਸੇ ਖਿੱਤੇ ਨੂੰ ਕਿਸੇ ਵੀ ਤਰ੍ਹਾਂ ਦਹਿਸ਼ਤਗਰਦੀ ਦੇ ਸਹਿਯੋਗ ਲਈ ਇਸਤੇਮਾਲ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਦੋਵੇਂ ਆਗੂਆਂ ਨੇ 'ਵਿਆਪਕ ਗੱਲਬਾਤ' ਵੀ ਮੁੜ ਸ਼ੁਰੂ ਕਰਨ ਲਈ ਹਾਮੀ ਭਰੀ ਤੇ ਉਮੀਦ ਜ਼ਾਹਰ ਕੀਤੀ ਕਿ ਇਸ ਨਾਲ ਜੰਮੂ ਕਸ਼ਮੀਰ ਸਮੇਤ ਸਾਰੇ ਦੁਵੱਲੇ ਮੁੱਦਿਆਂ ਦਾ ਦੋਵੇਂ ਧਿਰਾਂ ਦੀ ਤਸੱਲੀ ਵਾਲਾ ਪੁਰਅਮਨ ਹੱਲ ਨਿਕਲ ਸਕੇਗਾ।"

ਇਸ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ 24 ਮਾਰਚ, 2006 ਨੂੰ ਅੰਮ੍ਰਿਤਸਰ ਵਿਚ ਆਪਣੀ ਤਕਰੀਰ ਦੌਰਾਨ ਜੰਮੂ ਕਸ਼ਮੀਰ ਅਤੇ



ਪਾਕਿਸਤਾਨ ਨਾਲ ਮਤਭੇਦਾਂ ਦੇ ਨਿਬੇੜੇ ਸਬੰਧੀ ਭਾਰਤ ਦੇ ਵਿਚਾਰਾਂ ਵੱਲ ਸੰਕੇਤ ਕਰਦਿਆਂ ਜ਼ੋਰ ਦੇ ਕੇ ਕਿਹਾ ਸੀ ਕਿ ਭਾਵੇਂ 'ਸਰਹੱਦਾਂ ਮੁੜ ਨਹੀਂ ਵਾਹੀਆਂ' ਜਾ ਸਕਦੀਆਂ, ਪਰ ਇਨ੍ਹਾਂ ਨੂੰ 'ਬੇਮਾਇਨਾ' ਜ਼ਰੂਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਸੀ ਕਿ ਅਜਿਹੇ ਹਾਲਾਤ ਦੀ ਕਲਪਨਾ ਕੀਤੀ ਜਾ ਸਕਦੀ ਹੈ, ਜਿਥੇ ਐੱਲਓਸੀ ਦੇ ਦੋਵੇਂ ਪਾਸਿਆਂ ਦੇ ਲੋਕ 'ਆਜ਼ਾਦਾਨਾ ਢੰਗ ਨਾਲ ਇਕ-ਦੂਜੇ ਪਾਸੇ ਆ-ਜਾ ਤੇ ਵਪਾਰ ਕਰ' ਸਕਣ। ਇਸ ਦੇ ਜਵਾਬ ਵਿਚ ਰਾਸ਼ਟਰਪਤੀ ਮੁਸ਼ੱਰਫ਼ ਨੇ ਜੰਮੂ ਕਸ਼ਮੀਰ ਨੂੰ 'ਫ਼ੌਜ ਰਹਿਤ ਖਿੱਤਾ ਬਣਾਉਣ' ਤੇ ਉਥੋਂ ਦੇ ਲੋਕਾਂ ਨੂੰ 'ਖ਼ੁਦਮੁਖ਼ਤਾਰੀ' ਦੇਣ ਦੀ ਗੱਲ ਕਹੀ ਸੀ। ਦੱਸਿਆ ਜਾਂਦਾ ਹੈ ਕਿ ਉਦੋਂ ਦਹਿਸ਼ਤਗਰਦੀ ਤੋਂ ਮੁਕਤ ਮਾਹੌਲ ਵਿਚ ਲੰਮਾ ਚਿਰ 'ਪਰਦੇ ਪਿਛਲੀ' ਗੱਲਬਾਤ ਤੋਂ ਬਾਅਦ ਦੋਵੇਂ ਧਿਰਾਂ ਦਰਮਿਆਨ ਜੰਮੂ ਕਸ਼ਮੀਰ ਦੇ ਮੁੱਦੇ ਨਾਲ ਸਿੱਝਣ ਅਤੇ ਇਸ ਦੇ ਹੱਲ ਲਈ ਢਾਂਚਾ ਬਣਾਉਣ ਤੇ ਸਹਿਮਤੀ ਬਣੀ ਸੀ। ਇਹ ਖ਼ੁਫ਼ੀਆ ਗੱਲਬਾਤ ਕਰਨ ਵਾਲੇ ਵਿਸ਼ੇਸ਼ ਏਲਚੀ ਸਨ: ਭਾਰਤ ਵੱਲੋਂ ਪਾਕਿਸਤਾਨ ਵਿਚ ਸਾਬਕਾ ਦੂਤ ਸਤਿੰਦਰ ਲਾਂਬਾ ਅਤੇ ਪਾਕਿਸਤਾਨ ਵੱਲੋਂ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਕਰੀਬੀ ਸਹਾਇਕ ਤਾਰਿਕ ਅਜ਼ੀਜ਼।

ਬਾਅਦ ਵਿਚ ਪਾਕਿਸਤਾਨ ਨੇ ਉਦੋਂ ਗੱਲਬਾਤ ਤੋਂ ਪੈਰ ਪਿਛਾਂਹ ਖਿੱਚ ਲਏ ਜਦੋਂ ਰਾਸ਼ਟਰਪਤੀ ਮੁਸ਼ੱਰਫ਼ ਉਤੇ ਭਾਰਤ ਨਾਲ ਬਣੀਆਂ ਸਹਿਮਤੀਆਂ ਤੋਂ ਮੁੱਕਰਨ ਲਈ ਉਨ੍ਹਾਂ ਦੇ ਸਾਥੀਆਂ ਦਾ ਹੀ ਦਬਾਅ ਵਧ ਗਿਆ। ਦਬਾਅ ਪਾਉਣ ਵਾਲਿਆਂ ਵਿਚ ਮੁਸ਼ੱਰਫ਼ ਦੇ ਜਾਨਸ਼ੀਨ ਫ਼ੌਜੀ ਮੁਖੀ ਜਨਰਲ ਅਸ਼ਫ਼ਾਕ ਪਰਵੇਜ਼ ਕਿਆਨੀ ਵੀ ਸ਼ਾਮਲ ਸਨ, ਜੋ ਭਾਰਤ ਨਾਲ ਅਜਿਹੇ ਕਿਸੇ ਵੀ ਸਮਝੌਤੇ ਦੇ ਖ਼ਿਲਾਫ਼ ਸਨ। ਇਸੇ ਤਰ੍ਹਾਂ ਡਾ. ਮਨਮੋਹਨ ਸਿੰਘ ਵੀ ਸੰਸਦ ਵਿਚੋਂ ਭਾਰਤ-ਅਮਰੀਕਾ ਪਰਮਾਣੂ ਸਮਝੌਤਾ ਪਾਸ ਕਰਾਉਣ ਸਬੰਧੀ ਕੋਸ਼ਿਸ਼ਾਂ ਵਿਚ ਉਲਝੇ ਹੋਏ ਸਨ। ਇਸ ਕਾਰਨ 'ਪਰਦੇ ਪਿਛਲੀ' ਗੱਲਬਾਤ ਰਾਹੀਂ ਪੇਸ਼ਕਦਮੀ ਦੀਆਂ ਕੋਸ਼ਿਸ਼ਾਂ ਰੋਕ ਦਿੱਤੀਆਂ ਗਈਆਂ। ਇਸ 'ਪਰਦੇ ਪਿਛਲੀ' ਗੱਲਬਾਤ ਨਾਲ ਸਬੰਧਤ ਘਟਨਾਵਾਂ ਬਾਰੇ 2 ਮਾਰਚ, 2009 ਨੂੰ 'ਨਿਊ ਯਾਰਕਰ' ਰਸਾਲੇ ਵਿਚ ਛਪੇ ਲੇਖ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਘਟਨਾਵਾਂ ਬਾਰੇ ਅਮਰੀਕਾ ਨੂੰ ਲਗਾਤਾਰ 'ਜਾਣਕਾਰੀ ਦਿੱਤੀ' ਜਾ ਰਹੀ ਸੀ। ਹੁਣ ਜਦੋਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਬਹੁਤੇ ਚਰਚਾ ਵਿਚ ਨਾ ਰਹਿਣ ਵਾਲੇ ਪਰ ਸੂਝਵਾਨ ਵਿਦੇਸ਼ ਸਕੱਤਰ ਹਰਸ਼ ਵਰਧਨ ਸ਼ਿੰਗਲਾ ਭਵਿੱਖੀ ਨੀਤੀਆਂ ਬਣਾਉਣਗੇ ਤਾਂ ਬਿਨਾਂ ਸ਼ੱਕ ਉਹ ਬੀਤੇ ਦੀਆਂ ਘਟਨਾਵਾਂ ਨੂੰ ਵੀ ਧਿਆਨ ਵਿਚ ਰੱਖਣਗੇ ਪਰ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਪਾਕਿਸਤਾਨ ਆਪਣੇ ਬੀਤੇ ਵਾਲੇ ਰੁਖ਼ ਤੇ ਕਾਇਮ ਰਹੇਗਾ। ਦੂਜੇ ਪਾਸੇ ਮੋਦੀ ਸਰਕਾਰ ਵੀ ਇਨ੍ਹਾਂ ਮਾਮਲਿਆਂ ਸਬੰਧੀ ਭਾਰੀ ਉਲਝਣਾਂ ਨੂੰ ਧਿਆਨ ਵਿਚ ਰੱਖਦਿਆਂ ਬਹੁਤ ਸੋਚ-ਵਿਚਾਰ ਕੇ ਕਦਮ ਪੁੱਟੇਗੀ ਪਰ 'ਪਰਦੇ ਪਿਛਲੀ' ਗੱਲਬਾਤ ਭਵਿੱਖੀ ਵਿਚਾਰ-ਵਟਾਂਦਰਿਆਂ ਲਈ ਲਾਹੇਵੰਦ ਢਾਂਚਾ ਖੜ੍ਹਾ ਕਰ ਸਕਦੀ ਹੈ।

ਇਹ ਵੀ ਜ਼ਾਹਰ ਹੈ ਕਿ ਬਾਇਡਨ ਪ੍ਰਸ਼ਾਸਨ ਇਸ ਸਾਰੇ ਘਟਨਾ-ਚੱਕਰ ਬਾਰੇ ਜਾਣੂ ਹੈ। ਅਮਰੀਕਾ ਨੂੰ

(ਬਾਕੀ ਸਫਾ 21 'ਤੇ)

# ਕਿਸਾਨ ਅੰਦੋਲਨ ਸਿਆਸੀ ਪਾਰਟੀਆਂ ਲਈ ਵੱਡੀ ਵੰਗਾਰ



ਡਾ. ਕੁਲਦੀਪ ਸਿੰਘ

ਭਾਰਤ ਦੀ ਜਮਹੂਰੀਅਤ ਅਜੋਕੀ ਲੀਡਰਸ਼ਿਪ ਅਧੀਨ ਡੂੰਘੇ ਸੰਕਟ ਵਿਚ ਧਸ ਰਹੀ ਹੈ। ਸੰਸਦ ਦੇ ਮੈਂਬਰ ਅਤੇ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਬੈਠੇ ਲੋਕ ਕਿਸਾਨੀ ਸੰਘਰਸ਼ ਨਾਲ ਸਬੰਧਿਤ ਮਸਲਿਆਂ ਬਾਰੇ ਚੱਲ ਰਹੀ ਬਹਿਸ, ਟਕਰਾਅ ਅਤੇ ਟਿੱਪਣੀਆਂ ਨੂੰ ਬੜੇ ਗਹੁ ਨਾਲ ਵਾਚਿਆ। ਇਹ ਸੈਸ਼ਨ ਜਿਸ ਦਾ ਦੂਜਾ ਹਿੱਸਾ ਅੱਠ ਮਾਰਚ ਨੂੰ ਸ਼ੁਰੂ ਹੋਣਾ ਹੈ, ਮੁਲਕ ਦੇ ਹੁਕਮਰਾਨਾਂ ਦੇ ਕਰੋਨਾ ਕਾਲ ਦੌਰਾਨ ਬਣਾਏ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਇੱਕ ਤਰ੍ਹਾਂ ਨਾਲ ਸਰਕਾਰ ਲਈ ਗਲੇ ਦੀ ਹੱਡੀ ਬਣ ਚੁੱਕਾ ਹੈ। ਕਿਸਾਨਾਂ ਨੇ ਕਿਸਾਨੀ ਮਸਲਿਆਂ ਬਾਰੇ ਸਿਰੜ ਨਾਲ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਸੰਘਰਸ਼ ਨੇ ਇਨ੍ਹਾਂ ਮਸਲਿਆਂ ਨੂੰ ਜਨਸਮੂਹ ਤੱਕ ਇਸ ਹੱਦ ਤੱਕ ਪਹੁੰਚਾ ਦਿੱਤਾ ਹੈ ਜਿਸ ਨਾਲ ਵੱਖ ਵੱਖ ਮਸਲੇ ਜਿਹੜੇ ਪਹਿਲਾਂ ਮੁਲਕ ਦੀ ਸਿਆਸਤ ਵਿਚ ਛਾਏ ਹੋਏ ਸਨ, ਜਾਂ ਤਾਂ ਦਰਕਿਨਾਰ ਹੋ ਗਏ ਹਨ ਜਾਂ ਕਿਸਾਨੀ ਅੰਦੋਲਨ ਨੇ ਉਨ੍ਹਾਂ ਨੂੰ ਕੌਮੀ ਚਿਤਰਪਟ ਤੋਂ ਪਰ੍ਹੇ ਹਟਾ ਦਿੱਤਾ ਹੈ। ਉਂਜ, ਸਰਕਾਰ ਨੇ ਕਿਸਾਨੀ ਸਵਾਲਾਂ ਬਾਰੇ ਹਠੀ ਵਤੀਰਾ ਅਖਤਿਆਰ ਕੀਤਾ ਹੋਇਆ ਹੈ ਅਤੇ ਇਹ ਆਏ ਦਿਨ ਸੰਘਰਸ਼ਸ਼ੀਲ ਕਿਸਾਨਾਂ ਨੂੰ ਖਦੇੜਨ ਲਈ ਸਾਜ਼ਿਸ਼ਾਂ ਘੜ ਰਹੀ ਹੈ। ਇਨ੍ਹਾਂ ਖਿਲਾਫ ਰੱਜ ਕੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ।

ਸੰਸਦ ਵਿਚ ਬੈਠੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਕੇਂਦਰ ਸਰਕਾਰ ਸਾਹਮਣੇ ਆਪਣੀਆਂ ਸਿਆਸੀ ਹੱਦਬੰਦੀਆਂ ਤੋਂ ਪਾਰ ਜਾ ਕੇ ਕਿਸਾਨਾਂ ਦੇ ਮਸਲੇ ਰੱਖੇ ਹਨ। ਬਹੁ-ਗਿਣਤੀ ਸੰਸਦ ਮੈਂਬਰਾਂ ਨੇ ਤਾਂ ਇੱਥੋਂ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਜਿਸ ਤਰ੍ਹਾਂ ਸੰਸਦ ਦੀ ਸਾਖ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਰਹੀ ਹੈ, ਜੇ ਕਿਸਾਨੀ ਮਸਲਿਆਂ ਦਾ ਸਹੀ ਦਿਸ਼ਾ ਵੱਲ ਕੋਈ ਹੱਲ ਨਾ ਕੱਢਿਆ ਗਿਆ ਤਾਂ ਅਜੋਕੀ ਜਮਹੂਰੀਅਤ ਲਈ ਇਹ ਸਭ ਤੋਂ ਵੱਡੀ ਤਰਾਸਦੀ ਹੋਵੇਗੀ। ਕਿਸਾਨ ਆਪਣਾ ਅੰਦੋਲਨ ਅਹਿੰਸਕ ਢੰਗ-ਤਰੀਕਿਆਂ ਨਾਲ ਚਲਾ ਰਹੇ ਹਨ। ਦੇਸ਼ਾਂ ਵਿਦੇਸ਼ਾਂ ਤੋਂ ਇਸ ਅੰਦੋਲਨ ਨੂੰ ਵੱਡੀ ਹਮਾਇਤ ਮਿਲ ਰਹੀ ਹੈ। ਸੰਸਦੀ ਸੈਸ਼ਨ ਵਿਚ ਕਿਸਾਨੀ ਅੰਦੋਲਨ ਨੇ ਵੱਡੀਆਂ ਸਿਆਸੀ ਪਾਰਟੀਆਂ ਨੂੰ ਵੀ ਸਮਾਜਿਕ ਅਤੇ ਆਰਥਿਕ ਮਸਲਿਆਂ ਬਾਰੇ ਖੁੱਲ੍ਹ ਕੇ ਬੋਲਣ ਲਈ ਮਜਬੂਰ ਕਰ ਦਿੱਤਾ ਹੈ ਜਿਹੜੀਆਂ ਦਹਾਕਿਆਂ ਤੋਂ ਸੱਤਾ ਦਾ ਆਨੰਦ ਮਾਣ ਰਹੀਆਂ ਸਨ ਤੇ ਲੋਕਾਂ ਦੇ ਸਰੋਕਾਰਾਂ ਤੋਂ ਮੂੰਹ ਮੋੜੀ ਬੈਠੀਆ ਸਨ।

1990 ਤੋਂ ਬਾਅਦ ਮੁਲਕ ਦੀ ਆਰਥਿਕਤਾ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਪੁਰਦ ਕਰਨ ਵੱਲ ਕਦਮ ਪੁੱਟ ਲਿਆ ਗਿਆ ਸੀ ਅਤੇ ਅਗਲੇ ਸਾਲਾਂ ਦੌਰਾਨ ਆਰਥਿਕ ਤੌਰ ਤੇ ਇਸ ਏਜੰਡੇ ਨੂੰ ਤੇਜ਼ੀ ਨਾਲ ਅਗਾਂਹ ਵਧਾਇਆ ਗਿਆ ਪਰ ਮੌਜੂਦਾ ਸਰਕਾਰ ਨੇ ਇਸ ਮਾਮਲੇ ਵਿਚ ਦੋ ਕਦਮ ਅੱਗੇ ਪੁੱਟਦਿਆਂ ਮੁਲਕ ਨੂੰ ਇੱਕ ਧਰਮ ਦੇ ਰਾਸ਼ਟਰ ਵਿਚ ਤਬਦੀਲ ਕਰਨ ਵਾਲਾ ਏਜੰਡਾ ਵਿੱਢ ਲਿਆ। ਇਸ ਕਾਰਜ ਲਈ ਹਰ ਕਿਸਮ ਦੀ ਸੰਸਥਾ ਜੋ ਨਿਆਂਪਾਲਿਕਾ ਤੋਂ ਲੈ ਕੇ ਸੰਸਦ ਜ਼ਰੀਏ ਦਹਾਕਿਆਂ ਤੋਂ ਸਥਾਪਿਤ ਹੋਈ ਸੀ, ਨੂੰ ਆਪਣੀ ਸਿਆਸੀ ਸੱਤਾ ਅਤੇ ਲੋਕ ਸਭਾ ਵਿਚ 303 ਸੀਟਾਂ ਦੀ ਆਪਣੀ ਤਕੜੀ ਬਹੁ-ਗਿਣਤੀ ਰਾਹੀਂ ਪੂਰੀ ਤਰ੍ਹਾਂ ਕਬਜ਼ੇ ਹੇਠ ਕਰ ਲਿਆ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (2019) ਦੀ ਰਿਪੋਰਟ ਅਨੁਸਾਰ, ਸੰਸਦ ਦੀ ਹਕੀਕਤ ਇਹ ਹੈ ਕਿ 545 ਮੈਂਬਰਾਂ ਜਿਨ੍ਹਾਂ ਵਿਚੋਂ 92% ਕਰੋੜਪਤੀ ਹਨ, ਇਨ੍ਹਾਂ ਵਿਚੋਂ 243 ਮੈਂਬਰਾਂ ਉਪਰ ਕਈ ਤਰ੍ਹਾਂ ਦੇ ਗੰਭੀਰ ਕੇਸ ਅਤੇ ਦੋਸ਼ ਵੱਖ ਵੱਖ ਪੱਧਰ ਤੇ ਅਦਾਲਤਾਂ ਅਤੇ ਥਾਣਿਆਂ ਵਿਚ ਹਨ। ਇਹ ਅੰਕੜਾ ਕੁੱਲ ਸੰਸਦ ਮੈਂਬਰਾਂ ਦਾ 47% ਬਣਦਾ ਹੈ। ਮੁਲਕ ਦੇ ਵੱਖ ਵੱਖ ਰਾਜਾਂ ਦੇ ਕੁੱਲ 4298 ਐੱਮਐੱਲਏਜ਼ ਵਿਚੋਂ 1265 ਉਪਰ ਵੀ ਗੰਭੀਰ ਦੋਸ਼ ਅਤੇ ਕੇਸ ਹਨ।

ਦੇਸ਼ ਦੇ ਮੌਜੂਦਾ ਹੁਕਮਰਾਨ ਵੱਖ ਵੱਖ ਵਰਗਾਂ ਦੇ ਆਰਥਿਕ ਮਸਲਿਆਂ ਨੂੰ ਸੁਲਝਾਉਣ ਅਤੇ ਹੱਲ ਕਰਨ ਦੀ ਥਾਂ ਨੰਗੇ ਚਿੱਟੇ ਰੂਪ ਕਾਰਪੋਰੇਟ ਘਰਾਣਿਆਂ (ਅਡਾਨੀ ਤੇ ਅੰਬਾਨੀ) ਦੀ ਚਾਕਰੀ ਕਰਨ ਤੱਕ ਉਤਰੇ ਹੋਏ ਹਨ।



ਅਜੋਕੇ ਸੰਘਰਸ਼ ਦਾ ਕੇਂਦਰ ਭਾਵੇਂ ਕਿਸਾਨੀ ਅੰਦੋਲਨ ਹੀ ਬਣਿਆ ਹੋਇਆ ਹੈ ਪਰ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਅਜਿਹੇ ਹਾਲਾਤ ਬਣ ਰਹੇ ਹਨ ਜੋ ਚੰਦ ਸੁਧਾਰਾਂ ਦੀ ਥਾਂ ਵੱਡੀ ਤਬਦੀਲੀ ਦੀ ਮੰਗ ਕਰਦੇ ਹਨ। ਕੀ ਇਹ ਲੋਕ ਆਪਣੇ ਸੰਘਰਸ਼ਾਂ ਨੂੰ ਮਿਲੇ ਹੱਕ ਸੁਰੱਖਿਅਤ ਕਰਨ ਤੱਕ ਹੀ ਸੀਮਤ ਹਨ? ਹੁਕਮਰਾਨ ਉਨ੍ਹਾਂ ਦੀਆਂ ਵਾਜਿਬ ਮੰਗਾਂ ਦੀ ਪੂਰਤੀ ਵੀ ਨਹੀਂ ਕਰ ਰਹੇ। ਇਸ ਲਈ ਦੇਰ ਸਵੇਰ ਇਹ ਸੰਘਰਸ਼ ਕਿਸੇ ਨਵੇਂ ਸਿਆਸੀ ਬਦਲ ਵੱਲ ਵੀ ਵਧ ਸਕਦੇ ਹਨ। ਲੋਕਾਂ ਦੇ ਸੰਘਰਸ਼ ਸਮੁੱਚੇ ਜਨਸਮੂਹ ਦੀ ਚੇਤਨਾ ਲਗਾਤਾਰ ਵਧਾ ਰਹੇ ਹਨ ਅਤੇ ਮੌਜੂਦਾ ਸਿਆਸੀ ਪਾਰਟੀਆਂ ਨੂੰ ਇਸ ਬਾਰੇ ਸੋਚਣਾ ਪੈ ਰਿਹਾ ਹੈ। ਵੱਖ ਵੱਖ ਰਾਜਾਂ ਦੇ ਹਾਲਾਤ ਹੁਣ ਕਿਸੇ ਤੋਂ ਲੁਕੇ ਹੋਏ ਨਹੀਂ। ਸੰਘਰਸ਼ ਵੱਖ ਵੱਖ ਰਾਜਾਂ ਵਿਚਲੀਆਂ ਖੇਤਰੀ ਪਾਰਟੀਆਂ ਨੂੰ ਵੀ ਨਿਸ਼ਾਨੇ ਤੇ ਲੈ ਰਹੇ ਹਨ।

ਹਕੀਕਤ ਇਹ ਹੈ ਕਿ ਸੰਸਦ ਤੋਂ ਬਾਹਰ ਬੈਠੇ ਕਿਸਾਨਾਂ ਨੇ ਸਮੁੱਚੀ ਸੰਸਦ ਦੀ ਬਹਿਸ ਦਾ ਰੁਖ਼ ਤਬਦੀਲ ਕਰ ਕੇ ਰੱਖ ਦਿੱਤਾ ਹੈ। ਹੁਣ ਆਉਣ ਵਾਲੇ ਸਮੇਂ ਵਿਚ ਅਚੇਤ ਜਾਂ ਸੁਚੇਤ ਰੂਪ ਵਿਚ ਇਹ ਸਵਾਲ ਉੱਭਰ ਕੇ ਸਾਹਮਣੇ ਆਵੇਗਾ ਕਿ ਲੜਨ ਵਾਲੇ ਲੋਕਾਂ ਨੂੰ ਯੁੱਧਨੀਤਕ ਤੌਰ ਤੇ ਆਪਣੀ ਸਮਰੱਥਾ ਅਨੁਸਾਰ ਸੰਸਦ ਨੂੰ ਆਪਣੇ ਹਿੱਤਾਂ ਵਿਚ ਵਰਤਣ ਲਈ ਸੰਭਾਵਨਾਵਾਂ ਫਰੋਲਣੀਆਂ ਪੈਣਗੀਆਂ ਤਾਂ ਕਿ ਸੰਸਦ ਤੋਂ ਬਾਹਰ ਚੱਲਣ ਵਾਲੇ ਸੰਘਰਸ਼ਾਂ ਨੂੰ ਹੋਰ ਬਲ ਮਿਲ ਸਕੇ ਤਾਂ ਕਿ ਹੁਕਮਰਾਨਾਂ ਦੇ ਬਣਾਏ ਜਾਂਦੇ ਕਾਇਦੇ-ਕਾਨੂੰਨਾਂ ਦਾ ਰੁਖ਼ ਤਬਦੀਲ ਹੋ ਸਕੇ ਜਾਂ ਕੀਤਾ ਜਾ ਸਕੇ। ਕਾਰਲ ਮਾਰਕਸ ਨੇ ਵੀ ਇਸ ਬਾਬਤ ਕਿਹਾ ਸੀ ਕਿ ਸ਼ਾਂਤਮਈ ਢੰਗ ਨਾਲ ਵੱਡੀਆਂ ਤਬਦੀਲੀਆਂ ਦੀਆਂ ਸੰਭਾਵਨਾਵਾਂ ਫਰੋਲਣੀਆਂ ਚਾਹੀਦੀਆਂ ਹਨ ਅਤੇ ਆਪਣੀ ਤਾਕਤ ਨਾਲ ਸੱਤਾ ਵੀ ਹਾਸਿਲ ਕਰਨੀ ਚਾਹੀਦੀ ਹੈ। ਜੇ ਜਮਹੂਰੀ ਅਤੇ ਅਹਿੰਸਕ ਢੰਗ-ਤਰੀਕਾ ਅਪਣਾਇਆ ਜਾਵੇ ਤਾਂ ਇਸ ਨਾਲ ਲੋਕ ਮੁਕਤੀ ਨੂੰ ਬਲ ਮਿਲੇਗਾ। ਅਜਿਹਾ ਹੀ ਕੁਝ ਲਾਤੀਨੀ ਅਮਰੀਕਾ ਦੇ ਮੁਲਕਾਂ ਵੈਨੇਜ਼ੁਏਲਾ ਅਤੇ ਬੋਲੀਵੀਆ ਵਿਚ ਵਾਪਰਿਆ ਸੀ ਜਦੋਂ ਲੋਕ ਮਸਲਿਆਂ ਨੂੰ ਲੈ ਕੇ ਵੱਡੀਆਂ ਲਹਿਰਾਂ ਸੰਸਦ ਤੋਂ ਬਾਹਰ ਲੜੀਆਂ ਜਾ ਰਹੀਆਂ ਸਨ ਅਤੇ ਸਹਾਇਕ ਦੇ ਤੌਰ ਤੇ ਸਥਾਪਿਤ ਬਰਜੂਆ ਸਿਆਸਤ ਦੀਆਂ ਸੰਸਥਾਵਾਂ ਨੇ ਸੰਸਦ ਵਿਚ ਭਾਗ ਲੈ ਕੇ ਵੱਡੀ ਜਿੱਤ ਪ੍ਰਾਪਤ ਕੀਤੀ ਸੀ। ਇਸ ਤੋਂ ਪਹਿਲਾਂ, ਲਾਤੀਨੀ ਅਮਰੀਕਾ ਦੀਆਂ ਹੁਕਮਰਾਨ ਪਾਰਟੀਆਂ ਨੇ ਵੱਖ ਵੱਖ ਕਾਇਦੇ-ਕਾਨੂੰਨਾਂ ਅਤੇ ਭ੍ਰਿਸ਼ਟ ਸੰਸਦੀ ਮੈਂਬਰਾਂ ਰਾਹੀਂ ਸਮੁੱਚੇ ਮੁਲਕ ਦੀ ਸਿਆਸਤ ਨੂੰ ਭ੍ਰਿਸ਼ਟ ਕਰ ਦਿੱਤਾ ਸੀ ਅਤੇ ਲੋਕਾਂ ਅੰਦਰ ਸਥਾਪਿਤ/ਰਵਾਇਤੀ ਪਾਰਟੀਆਂ ਦੀ ਬੇਕਦਰੀ ਇਸ ਹੱਦ ਤੱਕ ਵਧ ਗਈ ਸੀ ਕਿ ਲੋਕ ਜਿਨ੍ਹਾਂ ਨੇ ਲੜ ਕੇ ਬਸਤੀਵਾਦ ਤੋਂ ਖਹਿੜਾ ਛੁਡਾਇਆ ਸੀ, ਉਹ ਮੁੜ ਸੋਚਣ ਲਈ ਮਜਬੂਰ ਹੋ ਗਏ ਕਿ ਇਨ੍ਹਾਂ ਨੂੰ ਸੱਤਾ ਤੋਂ ਬਾਹਰ ਕੱਢ ਕੇ ਖੁਦ ਸੱਤਾ ਸੰਭਾਲੀ ਜਾਵੇ।

ਹੁਣ ਭਾਰਤ ਵਿਚ ਵੀ ਇੰਜ ਵਾਪਰ ਰਿਹਾ ਹੈ। ਜਮਹੂਰੀਅਤ ਦੇ ਨਾਂ ਤੇ ਕਾਇਮ ਹੋਏ ਸੰਸਦ ਵਰਗੇ ਅਦਾਰਿਆਂ ਨੂੰ ਅੰਦਰੋਂ ਖੋਖਲਾ ਕਰ ਕੇ ਲੋਕਾਂ ਖ਼ਿਲਾਫ਼ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਇਸ ਕਰ ਕੇ ਅਜੋਕੇ ਹਾਲਾਤ ਵਿਚ ਇਹ ਸਵਾਲ ਸਿਆਸੀ ਤੌਰ ਤੇ ਉਭਰਵੇਂ ਰੂਪ ਵਿਚ ਸਾਹਮਣੇ ਆਉਣਾ ਸ਼ੁਰੂ ਹੋ ਰਿਹਾ ਹੈ ਕਿ ਕਿਉਂ ਨਾ ਅਜੋਕੀ ਸੰਸਦੀ ਸਿਆਸਤ ਨੂੰ ਇਨ੍ਹਾਂ ਹੁਕਮਰਾਨਾਂ ਤੋਂ ਖੋਹ ਕੇ ਲੋਕਾਂ ਦੀ ਜ਼ਰੂਰਤ ਲਈ ਹਥਿਆਰ ਦੇ ਤੌਰ ਤੇ ਵਰਤੋਂ ਵਿਚ ਲਿਆਂਦਾ ਜਾਵੇ ਅਤੇ ਸਮਾਜਿਕ ਤਬਦੀਲੀ ਲਈ ਰਾਹ ਬਣਾਏ ਜਾਣ। ਲੈਨਿਨ ਤਾਂ ਇਥੋਂ ਤੱਕ ਕਹਿੰਦਾ ਸੀ ਕਿ ਲੋੜ ਇਸ ਗੱਲ ਦੀ ਹੁੰਦੀ ਹੈ ਕਿ ਜਮਹੂਰੀਅਤ ਲਈ ਖੜ੍ਹੀਆਂ ਸੰਸਥਾਵਾਂ ਨੂੰ ਵੀ ਸੰਘਰਸ਼ ਦੇ ਕੇਂਦਰ ਬਣਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਤੋਂ ਬਾਹਰ ਲੋਕ ਤਾਕਤ ਨਾਲ ਲੋਕ ਹਿੱਤਾਂ ਲਈ ਸੰਘਰਸ਼ ਪੂਰੀ ਤਨਦੇਹੀ ਨਾਲ ਲੜਨੇ ਚਾਹੀਦੇ ਹਨ। ਅਜਿਹੀ ਦੋਹਰੀ ਸ਼ਕਤੀ ਹੀ ਸ਼ਾਂਤਮਈ ਢੰਗ ਨਾਲ ਸਮਾਜਿਕ ਤਬਦੀਲੀ ਨੂੰ ਅਗਾਂਹ ਵਧਾ ਸਕਦੀ ਹੈ।

ਅੱਜ ਦੀ ਹਕੀਕਤ ਇਹ ਹੈ ਕਿ ਜਿਨ੍ਹਾਂ ਸਿਆਸੀ ਪਾਰਟੀਆਂ ਨੇ ਸੰਸਦ ਦੇ ਕਾਇਦੇ-ਕਾਨੂੰਨ ਤਬਾਹ ਕਰਨ ਵਿਚ ਆਪਣਾ ਯੋਗਦਾਨ ਪਾਇਆ ਹੈ, ਉਹ ਬੜੇ ਜ਼ੋਰ-ਸ਼ੋਰ ਨਾਲ ਇਸ ਨੂੰ ਬਚਾਉਣ ਅਤੇ ਮੌਜੂਦਾ ਹਾਕਮਾਂ ਤੋਂ ਖੋਹਣ ਦੀ ਵਕਾਲਤ ਕਰ ਰਹੇ ਹਨ।

ਫ੍ਰੈਂਡਰਿਕ ਏਂਗਲਜ਼ ਅਨੁਸਾਰ ਸਿਆਸੀ ਆਜ਼ਾਦੀ, ਸੰਘਰਸ਼ ਕਰਨ ਦਾ ਹੱਕ, ਬੋਲਣ ਦੀ ਆਜ਼ਾਦੀ ਅਤੇ ਆਪਣੇ ਹਿੱਤਾਂ ਰੱਖਿਆ ਲਈ ਜਥੇਬੰਦੀਆਂ ਬਣਾਉਣਾ ਕਿਸੇ ਵੀ ਮੁਲਕ ਦੀ ਪਾਰਲੀਮੈਂਟ ਦੀ ਜਮਹੂਰੀਅਤ ਦੇ ਮੁਢਲੇ ਮਾਪਦੰਡ ਹੁੰਦੇ ਹਨ। ਪ੍ਰਸਿੱਧ ਸਿਆਸੀ ਵਿਗਿਆਨੀ ਰੈਲਫ ਮਿਲੀਬੈਂਡ ਨੇ ਕਿਹਾ ਸੀ ਕਿ ਤਾਕਤਾਂ ਦਾ ਕੇਂਦਰੀਕਰਨ ਅਤੇ ਪੂੰਜੀਪਤੀਆਂ ਦੇ ਹੱਕ ਵਿਚ ਇਕੱਤਰ ਹੋਈ ਤਾਕਤ ਕਿਸੇ ਵੀ ਮੁਲਕ ਨੂੰ ਡਿਕੇਟਰਸ਼ਿਪ ਦੇ ਰਸਤੇ ਤੋਂ ਜਾਣ ਲਈ ਰੋਕ ਨਹੀਂ ਸਕਦੀ। ਅਜਿਹੇ ਹਾਲਾਤ ਦੀਆਂ ਬਾਰੀਕ ਕੜੀਆਂ ਨੂੰ ਧਿਆਨ ਵਿਚ ਰੱਖਦਿਆਂ ਕੰਨਿਆ ਕੁਮਾਰੀ ਤੋਂ ਲੈ ਕੇ ਜੰਮੂ ਕਸ਼ਮੀਰ ਤੱਕ ਦੇ ਸਾਰੇ ਗੁੰਝਲਦਾਰ ਮਸਲਿਆਂ ਨੂੰ ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ।

ਜੇ ਮੌਜੂਦਾ ਸਰਕਾਰ ਆਪਣੀ ਹਠਧਰਮੀ ਲੰਮਾ ਸਮਾਂ ਬਰਕਰਾਰ ਰੱਖਦੀ ਹੈ ਤਾਂ ਇਹ ਮੁਲਕ ਨੂੰ ਆਰਥਿਕ ਮੰਦਵਾੜਿਆਂ ਤੋਂ ਲੈ ਕੇ ਸਮਾਜਿਕ ਸੱਭਿਆਚਾਰਾਂ ਦੀਆਂ ਵੱਖ ਵੱਖ ਵੰਨਗੀਆਂ ਅਤੇ ਪਰਤਾਂ ਨੂੰ ਇਸ ਕਦਰ ਉਲਝਾ ਦੇਵੇਗੀ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਧ ਸੰਕਟ ਵਾਲਾ ਮੁਲਕ ਬਣ ਜਾਵੇਗਾ। ਕਿਸਾਨੀ ਅੰਦੋਲਨ ਨੂੰ ਇਸ ਇਤਿਹਾਸਕ ਦੌਰ ਦਾ ਅਜਿਹਾ ਅੰਦੋਲਨ ਸਮਝਣਾ ਚਾਹੀਦਾ ਹੈ ਜਿਸ ਨੇ ਮੁਲਕ ਦੀ ਹਕੀਕਤ ਅਤੇ ਹੁਕਮਰਾਨਾਂ ਦੀ ਹਠਧਰਮੀ ਨੂੰ ਰਵਾਇਤੀ ਅਤੇ ਅਪ੍ਰਸੰਗਕ ਹੋ ਗਈਆਂ ਪਾਰਟੀਆਂ ਦੇ ਸਨਮੁੱਖ ਵੀ ਰੱਖ ਦਿੱਤਾ ਹੈ।

# ਕੋਰੋਨਾ ਕਾਲ ਬਨਾਮ ਔਰਤਾਂ





ਨਿਧੀ ਸ਼ਰਮਾ

ਕੋਰੋਨਾ ਮਹਾਮਾਰੀ ਤੋਂ ਵਿਸ਼ਵ ਦਾ ਕੋਈ ਵੀ ਮੁਲਕ, ਕੋਈ ਵੀ ਸਮਾਜ ਅਤੇ ਉਸ ਵਿਚ ਰਹਿਣ ਵਾਲਾ ਕੋਈ ਵੀ ਵਰਗ ਅਣਛੋਹਿਆ ਨਹੀਂ ਰਿਹਾ। ਇਸ ਮਹਾਮਾਰੀ ਨੇ ਜਿੱਥੇ ਇਕ ਪਾਸੇ ਕਈ ਸਮੱਸਿਆਵਾਂ ਨੂੰ ਜਨਮ ਦਿੱਤਾ, ਓਥੇ ਹੀ ਦੂਜੇ ਪਾਸੇ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਜਜ਼ਬਾ ਖ਼ਾਸ ਤੌਰ ’ਤੇ ਔਰਤਾਂ ’ਚ ਸਰਬੋਤਮ ਤਰੀਕੇ ਨਾਲ ਸਾਹਮਣੇ ਆਇਆ ਹੈ। ਵਿਸ਼ਵ ਦੀ ਅੱਧੀ ਆਬਾਦੀ ਦੇ ਇਸੇ ਜੋਸ਼ ਨੂੰ ਸਲਾਮ ਕਰਨ ਲਈ ਯੂਐੱਨ ਦੁਆਰਾ ਇਸ ਸਾਲ ਕੌਮਾਂਤਰੀ ਮਹਿਲਾ ਦਿਵਸ ਵੂਮੈੱਨ ਲੀਡਰਸ਼ਿਪ-ਅਚੀਵਿੰਗ ਐਨ ਇਕੁਅਲ ਫਿਊਚਰ ਇਨ ਕੋਵਿਡ-19 ਵਰਲਡ ਥੀਮ ਦੇ ਨਾਲ ਮਨਾਇਆ ਜਾ ਰਿਹਾ ਹੈ। ਯੂਐੱਨ ਦੇ ਇਕ ਅਧਿਐਨ ਮੁਤਾਬਕ ਦੁਨੀਆ ਭਰ ’ਚ ਔਰਤਾਂ ਦੁਆਰਾ ਅਗਵਾਈ ਕੀਤੇ ਜਾ ਰਹੇ ਮੁਲਕਾਂ ’ਚ ਕੋਰੋਨਾ ਕਾਲ ਦੇ ਸਮੇਂ ਸਮਾਜਿਕ ਤੇ ਆਰਥਿਕ ਤੌਰ ’ਤੇ ਬਿਹਤਰੀਨ ਕੰਮ ਕੀਤਾ ਗਿਆ ਜਦਕਿ ਕੋਰੋਨਾ ਨਾਲ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਦੀ ਅਗਵਾਈ ਪੁਰਸ਼ਾਂ ਦੁਆਰਾ ਕੀਤੀ ਗਈ। ਇਸ ਦੀ ਸਭ ਤੋਂ ਬਿਹਤਰੀਨ ਮਿਸਾਲ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਅਤੇ ਨਾਰਵੇ ਦੀ ਪ੍ਰਧਾਨ ਮੰਤਰੀ ਏਰਨਾ ਸੋਲਬਰਗ ਹਨ ਜਿਨ੍ਹਾਂ ਨੇ ਸਮੇਂ ਸਿਰ ਲਾਕਡਾਊਨ ਦਾ ਐਲਾਨ ਕਰਨ ਦੇ ਨਾਲ-ਨਾਲ ਆਪਣੇ ਦੇਸ਼ ਦੇ ਨਾਗਰਿਕਾਂ ਦੀਆਂ ਸਮਾਜਿਕ ਜ਼ਰੂਰਤਾਂ ਦਾ ਪੂਰਾ ਧਿਆਨ ਰੱਖਣ ਅਤੇ ਆਰਥਿਕ ਮੁਹਾਜ਼ ’ਤੇ ਵੀ ਕਈ ਸਖ਼ਤ ਕਦਮ ਚੁੱਕੇ।

ਜੇਕਰ ਇਕ ਆਮ ਮਹਿਲਾ ਦੀ ਕੋਰੋਨਾ ਕਾਲ ਵਿਚ ਸਮਾਜਿਕ ਭੂਮਿਕਾ ਦੀ ਗੱਲ ਕਰੀਏ ਤਾਂ ਭਾਰਤ ਵਿਚ ਹੀ ਨਹੀਂ ਸਗੋਂ ਹੋਰ ਦੇਸ਼ਾਂ ਦੀਆਂ ਮਹਿਲਾਵਾਂ ਵੀ ਯੂਐੱਨ ਦੀ ਰਿਪੋਰਟ ਮੁਤਾਬਕ 16 ਘੰਟਿਆਂ ਦੇ ਵੇਤਨ ਰਹਿਤ ਕੰਮਾਂ ਵਿਚੋਂ ਤਿੰਨ ਚੌਥਾਈ ਕੰਮ ਕਰ ਰਹੀਆਂ ਸਨ।

ਇਸੇ ਦੌਰਾਨ ਉਨ੍ਹਾਂ ਨੇ ਘਰੇਲੂ ਹਿੰਸਾ, ਬੇਰੁਜ਼ਗਾਰੀ, ਮਾਨਸਿਕ ਦਬਾਅ ਤੇ ਗਰੀਬੀ ਵਰਗੇ ਮਸਲਿਆਂ ’ਚ ਵੀ ਪੂਰੀ ਤਾਕਤ ਨਾਲ ਉਨ੍ਹਾਂ ’ਤੇ ਵਾਰ ਕੀਤਾ। ਤਾਲਾਬੰਦੀ ਵੇਲੇ ਘਰ ’ਚ ਪੱਕਣ ਵਾਲੇ ਵੱਖ-ਵੱਖ ਪਕਵਾਨਾਂ ਦੀ ਪਾਰਟੀ ’ਚ ਤੁਸੀਂ ਸਭ ਜ਼ਰੂਰ ਸ਼ਾਮਲ ਹੋਏ ਹੋਵੋਗੇ। ਪਰ ਉਸ ਸਮੇਂ ਔਰਤਾਂ ਦੀ ਨਾ ਬੋਲਣ ਵਾਲੀ ਝਿਜਕ ਕਿਤੇ ਨਾ ਕਿਤੇ ਉਨ੍ਹਾਂ ਨੂੰ ਮਾਨਸਿਕ ਦਬਾਅ ਸਹਾਰਨ ਲਈ ਮਜਬੂਰ ਕਰ ਰਹੀ ਸੀ। ਪਰ ਉਹ ਦੌਰ ਹੌਲੀ-ਹੌਲੀ ਖ਼ਤਮ ਹੋ ਰਿਹਾ ਹੈ। ਔਰਤਾਂ ਨੇ ਵੀ ਉਸ ਦੌਰ ’ਚ ਸਮਾਜਿਕ ਅਗਵਾਈ ਕੀਤੀ ਚਾਹੇ ਘਰ ਵਿਚ ਧਨ ਦਾ ਵਹਾਅ ਘੱਟ ਹੋਣ ’ਤੇ ਖ਼ਰਚ ਨੂੰ ਸੰਤੁਲਿਤ ਕਰਨ ਦੀ ਗੱਲ ਹੋਵੇ ਜਾਂ ਘਰ ਦੇ ਕਿਸੇ ਮੈਂਬਰ ਦੀ ਨੌਕਰੀ ਚਲੇ ਜਾਣ ’ਤੇ ਮਾਹੌਲ ਨੂੰ ਹਲਕਾ-ਫੁਲਕਾ ਕਰਨ ਦੀ। ਇਸ ਅੱਧੀ ਆਬਾਦੀ ਦੀ ਅਗਵਾਈ ਸਮਰੱਥਾ ’ਤੇ ਕੋਈ ਸ਼ੰਕਾ ਨਹੀਂ ਕਰ ਸਕਦਾ। ਯੂਐੱਨ ਦੀ ਰਿਪੋਰਟ ਮੁਤਾਬਕ ਕੋਰੋਨਾ ਕਾਲ ’ਚ ਸੰਸਾਰ, ਲਿੰਗਕ ਸਮਾਨਤਾ ਦੇ ਮਾਮਲੇ ’ਚ 25 ਸਾਲ ਪਿੱਛੇ ਚਲਾ ਗਿਆ ਹੈ। ਔਰਤ ਨੂੰ ਸਮਾਜ ਦੀ ਹਰ ਗਤੀਵਿਧੀ ਤੇ ਫ਼ੈਸਲਾ ਲੈਣ ’ਚ ਹਿੱਸੇਦਾਰ ਬਣਾਇਆ ਜਾਵੇ ਕਿਉਂਕਿ ਕੋਰੋਨਾ ਨਾਲ ਜੰਗ ਅਜੇ ਖ਼ਤਮ ਨਹੀਂ ਹੋਈ ਹੈ।



## Cosmetic & Family Dentistry

# UPPAL DENTAL CARE

50 % Discount for Cash Patients

INVISALIGN

Call for Details
Straighten Teeth Without Wires

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES



Charanjit S Uppal
D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com






## Quick Lube & Smog

We rent U-HAUL

OIL CHANGE & SMOG CHECK STATION

# SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330



# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

## Onkar Singh Banwait

5156 Mowry AVE. Fremont. CA 94538
Tel- 510-797-7111

# Moon Indian Cuisine
510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net



# Raja

New Introducing Chaat Corner

King of Sweets Now Presents

Come and Enjoy Mouth Watering Chaat All Day





ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

**RAJA SWEETS & INDIAN CUISINE**

31583 Alvarado Blvd. Union City, CA 94587

Phone : (510) 489-9100



TEC Equipment
Your Best Business Partner
DIXON

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ

THE WEST'S LEADING FULL-SERVICE TRUCK
AND TRAILER DEALERSHIP

SALES & LEASING • PARTS & SERVICE • FINANCE & INSURANCE



HARJINDER SINGH BAL
NEW TRUCK SALES
Direct 707-640-7114 | Cell 510-613-3573
hsingh@tecequipment.com

TECEQUIPMENT.COM

8555 Pedrick Rd Dixon, CA 95620

# ਹਿਮਾਲਿਆ ਉਹ ਤਬਾਹੀ ਲਿਆ ਸਕਦਾ ਹੈ ਜਿਸ ਵੱਲ ਕਿਸੇ ਦਾ ਧਿਆਨ ਨਹੀਂ ਹੈ





ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਹਿਮਾਲਿਆ 'ਚ ਗਲੇਸ਼ੀਆਰਾਂ ਦਾ ਪਿਘਲਨਾ ਨਾ ਸਿਰਫ਼ ਖ਼ਤਰਨਾਕ ਤੌਰ 'ਤੇ ਗਲੇਸ਼ੀਅਰ ਝੀਲਾਂ ਦੇ ਪੱਧਰ ਨੂੰ ਵਧਾ ਰਿਹਾ ਹੈ, ਬਲਕਿ ਇਸ ਦੇ ਨਾਲ ਹੀ ਹੋਰ ਕਈ ਜ਼ੋਖਮ ਵੀ ਪੈਦਾ ਹੋ ਰਹੇ ਹਨ, ਜਿਨ੍ਹਾਂ ਦੀ ਨਿਗਰਾਨੀ ਨਹੀਂ ਕੀਤੀ ਜਾ ਰਹੀ। ਗਲੋਬਲ ਵਾਰਮਿੰਗ ਦੇ ਕਾਰਨ ਲੱਖਾਂ ਹੀ ਟਨ ਬਰਫ਼ ਪਿਘਲ ਚੁੱਕੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਉੱਤਰਾਖੰਡ ਦੇ ਚਮੋਲੀ 'ਚ ਹਾਲ ਹੀ 'ਚ ਹੋਈ ਤਬਾਹੀ ਇਸ ਦੀ ਸਭ ਤੋਂ ਤਾਜ਼ਾ ਮਿਸਾਲ ਹੈ। ਇਸ ਤੋਂ ਹੀ ਸਾਬਤ ਹੁੰਦਾ ਕਿ ਅਸੀਂ ਇਸ ਤਰ੍ਹਾਂ ਦੇ ਅਚਾਨਕ ਆਉਣ ਵਾਲੇ ਖ਼ਤਰਿਆਂ ਤੋਂ ਕਿੰਨੇ ਅਣਜਾਣ ਹਾਂ। ਅਮਰੀਕਾ ਦੇ ਇੱਕ ਸੀਨੀਅਰ ਭੂ- ਵਿਗਿਆਨੀ ਅਤੇ ਹਿਮਾਲਿਆ 'ਚ ਕਈ ਆਫ਼ਤਾਂ 'ਤੇ ਖੋਜ ਕਰਨ ਵਾਲੇ ਜੈਫ਼ਰੀ ਕਾਰਜੇਲ ਦਾ ਕਹਿਣਾ ਹੈ, "ਅਜਿਹੇ ਖ਼ਤਰਿਆਂ ਦੇ ਸੰਦਰਭ 'ਚ ਅਸਲ 'ਚ ਕੀ ਹੋ ਰਿਹਾ ਹੈ, ਇਸ ਬਾਰੇ ਵਿਆਪਕ ਪੱਧਰ 'ਤੇ ਕੋਈ ਸਮਝ ਨਹੀਂ ਹੈ। ਜਦੋਂ ਵੀ ਕਿਤੇ ਉੱਤਰਾਖੰਡ ਵਰ-ਗੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਅਸੀਂ ਸਾਰੇ ਚੌਕਸ ਹੋ ਜਾਂਦੇ ਹਾਂ। ਪਰ ਅਸੀਂ ਗਲੇਸ਼ੀਅਰਾਂ ਤੋਂ ਪੈਦਾ ਹੋਣ ਵਾਲੇ ਅਜਿਹੇ ਖ਼ਤਰਿਆਂ ਦੀ ਨਿਗਰਾਨੀ ਨਹੀਂ ਕਰਦੇ ਹਾਂ।"

### ਗਲੇਸ਼ੀਅਰਾਂ ਦਾ ਪਿਘਲਣਾ ਖ਼ਤਰਨਾਕ

ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਵੀ ਗਲੇਸ਼ੀਅਰ ਪਿਘਲਦੇ ਹਨ ਜਾਂ ਫਿਰ ਪਤਲੇ ਹੋ ਜਾਂਦੇ ਹਨ ਤਾਂ ਕਈ ਗਲੇਸ਼ੀਅਰ ਖ਼ਤਰਨਾਕ ਰੂਪ ਧਾਰਨ ਕਰ ਲੈਂਦੇ ਹਨ। ਇਹ ਪਹਾੜਾਂ ਦੀਆਂ ਖੜੀਆਂ, ਸਿੱਧੀਆਂ ਕੰਧਾਂ ਨਾਲ ਚਿਪਕ ਜਾਂਦੇ ਹਨ ਅਤੇ ਇੰਨ੍ਹਾਂ ਦੇ ਕਿਸੇ ਵੀ ਸਮੇਂ ਢਹਿਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਹ ਵੀ ਸੰਭਵ ਹੈ ਕਿ ਪਤਲੇ ਹੋ ਚੁੱਕੇ ਗਲੇਸ਼ੀਅਰ ਪਹਾੜ ਦੀ ਹੇਠਲੀ ਅਤੇ ਅਤੇ ਆਸ-ਪਾਸ ਦੀ ਜ਼ਮੀਨ ਨੂੰ ਅਸਥਿਰ ਕਰ ਦੇਣ। ਇਸ ਸਥਿਤੀ 'ਚ ਜ਼ਮੀਨ ਖਿਸਕਣ, ਚੱਟਾਨ ਡਿੱਗਣ ਵਰਗੀਆਂ ਘਟਨਾਵਾਂ ਵਾਪਰ ਸਲਦੀਆਂ ਹਨ। ਇਸ ਸਥਿਤੀ 'ਚ ਇਹ ਵੀ ਸੰਭਵ ਹੈ ਕਿ ਪਹਾੜ ਦੀ ਸਾਰੀ ਢਲਾਨ (ਮਾਊਂਟ ਸਲੋਪ) ਵੀ ਢਹਿ ਜਾਵੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਦਰਿਆਵਾਂ ਅਤੇ ਨਾਲਿਆਂ 'ਚ ਵੀ ਰੁਕਾਵਟ ਦਾ ਕਾਰਨ ਬਣ ਸਕਦੀਆਂ ਹਨ ਅਤੇ ਕੁਝ ਸਮੇਂ ਬਾਅਦ ਇਹ ਨਦੀਆਂ ਕਿਸੇ ਵੱਡੀ ਤਬਾਹੀ ਦਾ ਕਾਰਨ ਬਣ ਜਾਂਦੀਆਂ ਹਨ। ਉਤਰਾਖੰਡ ਹਾਦਸੇ ਦੀਆਂ ਸ਼ੁਰੂਆਤੀ ਰਿਪੋਰਟਾਂ 'ਚ ਵੀ ਕੁਝ ਅਜਿਹਾ ਹੀ ਸਾਹਮਣੇ ਆਇਆ ਹੈ।

### ਗਲੇਸ਼ੀਅਰਾਂ ਦੀ ਨਿਗਰਾਨੀ ਕਰਨਾ ਮੁਸ਼ਕਲ ਕਿਉਂ

ਹਿਮਾਲਿਆ ਦੀ ਮੁਸ਼ਕਲ ਭੂਗੋਲਿਕ ਸਥਿਤੀ ਨਿਗਰਾਨੀ ਦੇ ਕੰਮ ਨੂੰ ਬੇਹੱਦ ਚੁਣੌਤੀਪੂਰਨ ਬਣਾ ਦਿੰਦੀ ਹੈ। ਭਾਰਤੀ ਤਕਨਾਲੋਜੀ ਸੰਸਥਾ, ਇੰਦੌਰ ਦੇ ਗਲੇਸ਼ੀਓਲੋਜਿਸਟ ਮੁਹੰਮਦ ਫ਼ਾਰੂਕ ਆਜ਼ਮ ਦਾ ਕਹਿਣਾ ਹੈ, "ਹਿਮਾਲਿਆ ਅਤੇ ਹਿੰਦੂਕੁਸ਼ ਖੇਤਰ 'ਚ 50,000 ਤੋਂ ਵੱਧ ਗਲੇਸ਼ੀਅਰ ਮੌਜੂਦ ਹਨ ਅਤੇ ਉਨ੍ਹਾਂ 'ਚੋਂ ਸਿਰਫ 30 ਦਾ ਹੀ ਸੂਖਮ ਤੌਰ 'ਤੇ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ 'ਚ ਫੀਲਡ ਸਟੱਡੀ ਵੀ ਸ਼ਾਮਲ ਹੈ।" "ਇੰਨ੍ਹਾਂ ਅਧਿਐਨਾਂ 'ਚੋਂ ਸਿਰਫ 15 ਅਧਿਐਨ ਹੀ ਛਪੇ ਹੋਏ ਹਨ। ਸਾਨੂੰ ਆਪਣੇ ਗਲੇਸ਼ੀਅਰਾਂ ਦੀ ਵਧੇਰੇ ਨੇੜਿਓਂ ਜਾਂਚ ਕਰਨ ਦੀ ਲੋੜ ਹੈ ਕਿਉਂਕਿ ਕਈ ਕਾਰਕਾਂ ਦੀ ਭੂਮਿਕਾ ਬਹੁਤ ਹੀ ਅਹਿਮ ਹੁੰਦੀ ਹੈ।"

### ਭੁਚਾਲ ਅਤੇ ਮੌਸਮ

ਵਿਗਿਆਨੀ ਕਹਿੰਦੇ ਹਨ ਕਿ ਵਿਸ਼ਵ ਦੀ ਸਭ ਤੋਂ ਨਵੀਂ ਪਹਾੜੀ ਲੜੀ, ਹਿਮਾਲਿਆ ਦਾ ਨਿਰੰਤਰ ਵਿਸਥਾਰ ਹੋ ਰਿਹਾ ਹੈ ਅਤੇ ਭੂਚਾਲ ਅਕਸਰ ਹੀ ਪਹਾੜਾਂ ਦੀਆਂ ਢਲਾਨਾਂ ਨੂੰ ਪ੍ਰਭਾਵਿਤ ਕਰ ਦਿੰਦੇ ਹਨ। ਮੌਸਮੀ ਤਬਦੀਲੀ ਦੇ ਮੱਦੇਨਜ਼ਰ ਬਰਫ਼ਬਾਰੀ ਅਤੇ ਮੀਂਹ ਦੇ ਢੰਗ ਤਰੀਕੇ 'ਚ ਬਦਲਾਅ ਕਾਰਨ ਪਹਾੜ ਵਧੇਰੇ ਕਮਜ਼ੋਰ ਹੋ ਜਾਂਦੇ ਹਨ ਅਤੇ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰਾਂ 'ਚ ਆ ਰਹੀਆਂ ਤਬਦੀਲੀਆਂ ਨੇ ਹਾਲਾਤ ਹੋਰ ਖ਼ਰਾਬ ਕਰ ਦਿੱਤੇ ਹਨ।

ਸਾਲ 2016 'ਚ ਤਿੱਬਤ ਦੇ ਅਰੂ ਪਹਾੜ 'ਤੇ ਇੱਕ ਗਲੇਸ਼ੀਅਰ ਅਚਾਨਕ ਹੀ ਢਹਿ ਗਿਆ ਸੀ, ਜਿਸ ਨਾਲ ਬਹੁਤ ਸਾਰੀ ਬਰਫ਼ ਖਿਸਕ ਗਈ ਸੀ ਅਤੇ ਇਹ 9 ਲੋਕਾਂ ਅਤੇ ਸੈਂਕੜੇ ਹੀ ਜਾਨਵਰਾਂ ਦੀ ਮੌਤ ਦਾ ਕਾਰਨ ਬਣੀ ਸੀ। ਕੁਝ ਹੀ ਦਿਨਾਂ ਬਾਅਦ ਉਸੇ ਪਹਾੜ 'ਤੇ ਇਕ ਹੋਰ ਗਲੇਸ਼ੀਅਰ ਅਚਾਨਕ ਹੀ ਢਹਿ ਗਿਆ ਸੀ। ਸਾਲ 2012 'ਚ ਪਾਕਿਸਤਾਨ ਸ਼ਾਸਿਤ ਕਸ਼ਮੀਰ ਦੇ ਸਿਆਚਿਨ ਗਲੇਸ਼ੀਅਰ 'ਚ ਵਾਪਰੇ ਇਕ ਹਾਦਸੇ 'ਚ ਲਗਭਗ 140 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ 'ਚੋਂ ਜ਼ਿਆਦਾਤਰ ਪਾਕਿ-ਸਤਾਨੀ ਜਵਾਨ ਸਨ। ਮਾਹਰਾਂ ਦਾ ਕਹਿਣਾ ਹੈ ਕਿ ਇਹ ਇੱਕ ਬਰਫੀਲੀ ਚੱਟਾਨ ਦਾ ਤੂਫਾਨ ਸੀ ਪਰ ਫਿਰ ਵੀ ਇਸ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

### 'ਘੱਟ ਗਲੇਸ਼ੀਅਰ, ਵਧੇਰੇ ਜ਼ਮੀਨ ਦਾ ਖਿਸਕਣਾ'

ਪੱਛਮੀ ਹਿਮਾਲਿਆ ਸਮੇਤ ਪਾਮੀਰ, ਕਾਰਾਕੋਰਮ ਦੇ ਪੂਰਬੀ ਹਿੱਸੇ ਅਤੇ ਹਿੰਦੂਕੁਸ਼ ਪਹਾੜੀ ਲੜੀ ਦੇ ਦੱਖਣੀ ਹਿੱਸੇ ਸਮੇਤ ਏਸ਼ੀਆ ਦੇ ਕੁਝ ਉੱਚੇ ਪਹਾੜੀ ਖੇਤਰਾਂ 'ਤੇ ਹਾਲ 'ਚ ਹੀ ਕੀਤਾ ਗਿਆ ਅਧਿਐਨ ਦਰਸਾਉਂਦਾ ਹੈ ਕਿ 1999 ਤੋਂ 2018 ਦੇ ਅਰਸੇ ਦੌਰਾਨ ਵੱਧ ਰਹੇ ਜ਼ਮੀਨੀ ਖਿਸਕਾਵ ਦਾ ਪ੍ਰਮੁੱਖ ਕਾਰਨ ਗਲੇਸ਼ੀਅਰਾਂ ਦਾ ਪਿਘਲਣਾ ਹੀ ਹੈ।

ਚੀਨ ਦੀ ਵਿਗਿਆਨ ਅਕਾਦਮੀ ਦੇ ਵਿਗਿਆਨੀਆਂ ਨੇ ਅਮਰੀਕਾ ਦੇ ਭੂ- ਵਿਗਿਆਨੀ ਸਰਵੇਖਣ ਦੀਆਂ ਸੈਟੇਲਾਈਟ ਤਸਵੀਰਾਂ ਦੀ ਮਦਦ ਨਾਲ ਅਧਿਐਨ ਕੀਤਾ ਅਤੇ ਵੇਖਿਆ ਕਿ 2009 ਅਤੇ 2018 ਦੇ ਅਰਸੇ ਦੌਰਾਨ 127 ਵਾਰ ਜ਼ਮੀਨੀ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ।

ਬੀਤੇ ਜਨਵਰੀ ਮਹੀਨੇ 'ਚ ਛਪੀ ਇਸ ਦੀ ਪੀਅਰ ਸਮੀਖਿਆ 'ਚ ਕਿਹਾ ਗਿਆ ਹੈ, "ਸਾਡੇ ਨਤੀਜਿਆਂ 'ਚ ਨਵੇਂ ਬਦਲਾਅ ਸਾਹਮਣੇ ਆਏ ਹਨ। ਪਿਛਲੇ ਇੱਕ ਦਹਾਕੇ 'ਚ ਵੱਡੀ ਪੱਧਰ 'ਤੇ ਜ਼ਮੀਨੀ ਖਿਸਕਾਅ ਦੀਆਂ ਘਟ-ਨਾਵਾਂ ਵਾਪਰੀਆਂ ਹਨ। ਘੱਟ ਰਹੇ ਗਲੇਸ਼ੀਅਰ ਸਿੱਧੇ ਤੌਰ 'ਤੇ ਵੱਧ ਰਹੇ ਜ਼ਮੀਨੀ ਖਿਸਕਾਅ ਨਾਲ ਜੁੜੇ ਹੁੰਦੇ ਹਨ।" ਨਾਸਾ ਦੀ ਹਾਈਡ੍ਰੋਲੋਜਿਕਲ ਸਾਇੰਸ ਲੈਬ ਦੀ ਮੁਖੀ, ਡਾਲੀਆ ਕਿਰਸ਼ਬਾਓਮ ਦਾ ਕਹਿਣਾ ਹੈ, "ਗਲੇਸ਼ੀਅਰਾਂ ਦੇ ਪਿਘਲਣ ਨਾਲ ਜੁੜੇ ਸੰਭਾਵੀ ਖ਼ਤਰੇ ਸਪੱਸ਼ਟ ਤੌਰ 'ਤੇ ਨਜ਼ਰ ਆ ਰਹੇ ਹਨ।"

"ਪਹਿਲਾਂ ਚੱਟਾਨਾਂ ਦੀਆਂ ਢਲਾਣਾਂ ਗਲੇਸ਼ੀਅਰਾਂ ਕਾਰਨ ਚਿਪਕੀਆਂ ਰਹਿੰਦੀਆਂ ਸਨ, ਪਰ ਹੁਣ ਜਦੋਂ ਗਲੇਸ਼ੀਅਰ ਨਹੀਂ ਰਹੇ ਹਨ ਤਾਂ ਉਹ ਹੁਣ ਸਿਰਫ਼ ਟਿਕੇ ਹੋਏ ਹਨ ਅਤੇ ਕਿਸੇ ਵੀ ਸਮੇਂ ਉਨ੍ਹਾਂ ਦੇ ਡਿੱਗਣ ਦਾ ਖ਼ਤਰਾ ਬਣਿਆ ਹੋਇਆ ਹੈ।"

ਸਾਲ 2018 'ਚ ਵਾਤਾਵਰਨ ਤਬਦੀਲੀ 'ਤੇ ਇੱਕ ਅੰਤਰ-ਸਰਕਾਰੀ ਪੈਨਲ, ਆਈਪੀਸੀਸੀ ਵੱਲੋਂ ਕ੍ਰਿਓਸਫੀਅਰ 'ਤੇ ਇੱਕ ਵਿਸ਼ੇਸ਼ ਰਿਪੋਰਟ 'ਚ ਕਿਹਾ ਗਿਆ ਹੈ, "ਗਲੇਸ਼ੀਅਰਾਂ ਦੇ ਪਿਘਲਣ ਅਤੇ ਪਮਫ਼ਾਸਟ (ਠੰਡੇ ਖੇਤਰਾਂ 'ਚ ਜੰਮੇ ਹੋਏ ਜ਼ਮੀਨ ਦੇ ਟੁੱਕੜੇ, ਜਿਨ੍ਹਾ 'ਚ ਪਾਣੀ ਬਰਫ਼ ਦੇ ਰੂਪ 'ਚ ਜੰਮਿਆ ਹੁੰਦਾ ਹੈ) ਦੇ ਅੰਦਰ ਜੰਮੀ ਹੋਈ ਬਰਫ਼ ਦੇ ਪਿਘਲਣ ਨਾਲ ਪਹਾੜ ਦੀ ਢਲਾਣ ਦੀ ਸਥਿਰਤਾ ਅਤੇ ਬੁਨਿਆਦ ਕਮਜ਼ੋਰ ਹੋ ਗਏ ਹਨ।"

# ਸੀਰੀਆ- ਬਰਬਾਦੀ ਦੇਖੀ ਪਰ ਅਸੀਂ ਕੁਝ ਆਜ਼ਾਦੀ ਹਾਸਲ ਕੀਤੀ?





ਸੀਰੀਆ ਵਿੱਚ ਦਸ ਸਾਲਾਂ ਦੀ ਲੜਾਈ ਨੇ ਦੇਸ ਨੂੰ ਤਬਾਹ ਕਰ ਦਿੱਤਾ ਹੈ, ਲੱਖਾਂ ਲੋਕਾਂ ਦੀ ਮੌਤ ਦਾ ਦਾਅਵਾ ਕੀਤਾ ਗਿਆ ਹੈ ਅਤੇ ਲੱਖਾਂ ਹੋਰ ਉੱਜੜ ਗਏ ਹਨ। ਇਸ ਨਾਲ ਪ੍ਰਭਾਵਿਤ ਹੋਏ ਆਪਣੇ ਘਰਾਂ ਤੋਂ ਉੱਜੜੇ ਜਾਂ ਵਿਦੇਸ਼ ਵਿੱਚ ਚਲੇ ਗਏ ਲੋਕਾਂ ਨੇ ਆਪਣੇ 'ਤੇ ਇਸ ਦੇ ਪਏ ਪ੍ਰਭਾਵ ਬਾਰੇ ਦੱਸਿਆ।

ਗਾਇਥ ਅਬੂ ਅਹਿਮਦ, ਉਮਰ 30 ਸਾਲ, ਫ੍ਰੀਲਾਂਸ ਪੱਤਰਕਾਰ

ਉਦੋਂ ਮੈਂ ਇੱਕ ਵਿਦਿਆਰਥੀ ਸੀ ਜਦੋਂ ਮੇਰੇ ਕਸਬੇ ਦਰਾਇਆ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਇਆ ਸੀ। ਮੈਂ ਆਪਣੇ ਕੈਮਰੇ ਨਾਲ ਇਨ੍ਹਾਂ ਦ੍ਰਿਸ਼ਾਂ ਨੂੰ ਦੂਰੋਂ ਦੇਖਦਿਆਂ ਇਨ੍ਹਾਂ ਦੀਆਂ ਤਸਵੀਰਾਂ ਖਿੱਚੀਆਂ।

ਅਜਿਹੀਆਂ ਤਸਵੀਰਾਂ ਜਿਨ੍ਹਾਂ ਦੀ ਮੈਂ ਕਦੇ ਸੀਰੀਆ ਵਿੱਚ ਹੋਣ ਦੀ ਕਲਪਨਾ ਵੀ ਨਹੀਂ ਕੀਤੀ ਹੋਣੀ। ਅਸੀਂ ਟਿਉਨੀਸ਼ੀਆ ਅਤੇ ਮਿਸਰ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਤੋਂ ਪ੍ਰੇਰਿਤ ਹੋਏ ਪਰ ਕਦੇ ਇਹ ਨਹੀਂ ਸੋਚਿਆ ਸੀ ਕਿ ਇੱਕ ਦਿਨ ਅਸੀਂ ਵੀ ਆਪਣੀ ਆਵਾਜ਼ ਚੁੱਕਾਂਗੇ।

ਅਫ਼ਸੋਸ ਦੀ ਗੱਲ ਹੈ ਕਿ ਸਾਡਾ ਸੁਪਨਾ ਥੋੜ੍ਹੇ ਸਮੇਂ ਲਈ ਹੀ ਸੀ ਜਦੋਂ ਦਰਾਇਆ ਦੇ ਸੈਂਕੜੇ ਲੋਕ ਅਗਸਤ 2012 ਵਿੱਚ ਮਾਰੇ ਗਏ ਸਨ। ਮੈਂ ਸਿਰਫ਼ ਦੋ ਦਿਨਾਂ ਵਿੱਚ ਆਪਣੇ ਬਹੁਤ ਸਾਰੇ ਦੋਸਤ ਅਤੇ ਗੁਆਂਢੀਆਂ ਨੂੰ ਗੁਆ ਬੈਠਾ। ਪਿਛਲੇ 10 ਸਾਲਾਂ ਦੌਰਾਨ ਮੇਰੇ ਲਈ ਇਹ ਸਭ ਤੋਂ ਮੁਸ਼ਕਲ ਸਮਾਂ ਸੀ। ਇਹ ਉਹ ਪਲ ਸਨ ਜਦੋਂ ਦਰਾਇਆ ਦੇ ਸਾਰੇ ਨੌਜਵਾਨ ਬੁਰੀ ਤਰ੍ਹਾਂ ਡਰੇ ਹੋਏ ਸਨ। ਕੋਈ ਵੀ ਦੁਬਾਰਾ ਵਿਰੋਧ ਕਰਨ ਲਈ ਸ਼ਹਿਰ ਤੋਂ ਬਾਹਰ ਨਹੀਂ ਜਾ ਸਕਿਆ। ਚਾਰ ਸਾਲ ਅਸੀਂ ਘੇਰਾਬੰਦੀ ਕਰਕੇ ਇਕੱਲੇ ਰਹੇ। ਜਦੋਂ ਮੈਂ ਅਸਮਾਨ ਵੱਲ ਦੇਖਦਾ ਸੀ ਕਿ ਇੱਕ ਪਾਸੇ ਅਸੀਂ ਘੁੱਪ ਹਨੇਰੇ ਵਿੱਚ ਰਹਿੰਦੇ ਹਾਂ ਅਤੇ ਦਮਿਸ਼ਕ ਕਿਵੇਂ ਚਮਕ ਰਿਹਾ ਹੈ। ਇਸ ਕਾਰਨ ਮੈਨੂੰ ਹਰ ਵਾਰ ਬੁਰਾ ਮਹਿਸੂਸ ਹੁੰਦਾ ਸੀ। ਮੇਰਾ ਦਿਲ ਦੁਖੀ ਸੀ ਕਿ ਉਹ ਕਿਵੇਂ ਆਜ਼ਾਦ ਰੂਪ ਵਿੱਚ ਘੁੰਮਦੇ ਹਨ ਜਦੋਂ ਕਿ ਸਾਨੂੰ ਭੋਜਨ ਜਾਂ ਦਵਾਈ ਵੀ ਨਹੀਂ ਮਿਲਦੀ। ਮੈਂ ਪੂਰੀ ਤਰ੍ਹਾਂ ਟੁੱਟ ਗਿਆ ਸੀ ਜਦੋਂ ਮੈਨੂੰ ਸਾਲ 2016 ਵਿੱਚ ਦਰਾਇਆ ਤੋਂ ਇਦਲੀਬ ਵਿੱਚ ਜ਼ਬਰਦਸਤੀ ਕੱਢਿਆ ਗਿਆ ਸੀ; ਮੈਨੂੰ ਪਾਣੀ ਤੋਂ ਬਾਹਰ ਕੱਢੀ ਗਈ ਮੱਛੀ ਦੀ ਤਰ੍ਹਾਂ ਮਹਿਸੂਸ ਹੋਇਆ ਸੀ।

ਮੇਰੇ ਮਾਪਿਆਂ ਨੂੰ ਕੁਝ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਗਿਆ ਸੀ ਅਤੇ ਮੇਰੇ ਭਰਾ ਨੂੰ ਮਾਰ ਦਿੱਤਾ ਗਿਆ ਸੀ। ਇਹ ਉਹ ਕੀਮਤ ਹੈ ਜੋ ਸਾਨੂੰ ਆਜ਼ਾਦੀ ਲਈ ਚੁਕਾਉਣੀ ਪਈ। ਮੈਨੂੰ ਇਸ ਕ੍ਰਾਂਤੀ ਵਿੱਚ ਸ਼ਾਮਲ ਹੋਣ ਲਈ ਕਦੇ ਅਫ਼-ਸੋਸ ਨਹੀਂ ਹੋਇਆ। ਜੇ ਮੈਂ ਸਮੇਂ ਸਿਰ ਵਾਪਸ ਗਿਆ ਤਾਂ ਮੈਂ ਇਸ ਨੂੰ ਦੁਬਾਰਾ ਕਰਾਂਗਾ। ਮੈਂ ਆਪਣੇ ਨੁਕਸਾਨ ਲਈ ਕ੍ਰਾਂਤੀ ਨੂੰ ਕਦੇ ਵੀ ਕਸੂਰਵਾਰ ਨਹੀਂ ਠਹਿਰਾਇਆ, ਮੈਂ ਸਿਰਫ਼ ਸੀਰੀਆ ਦੀ ਹਕੂਮਤ ਨੂੰ ਦੋਸ਼ੀ ਠਹਿਰਾਇਆ ਹੈ ਜਿਸ ਨੇ ਨਾ ਭੁੱਲਾਉਣਯੋਗ ਅਪਰਾਧ ਕੀਤੇ ਹਨ। ਇਹ ਸੱਚ ਹੈ ਕਿ ਇਨਕਲਾਬ ਅਜੇ ਸਫ਼ਲ ਨਹੀਂ ਹੋਇਆ ਪਰ ਅਸੀਂ ਕੁਝ ਆਜ਼ਾਦੀ ਹਾਸਲ ਕੀਤੀ ਹੈ ਜੋ ਅਸੀਂ ਪਹਿਲਾਂ ਕਦੇ ਨਹੀਂ ਮਾਣੀ ਸੀ। ਇੱਥੇ ਹਮੇਸ਼ਾ ਇੱਕ ਆਵਾਜ਼ ਹੁੰਦੀ ਸੀ ਜਿਸ ਦਾ ਕਿਸੇ ਨੇ ਵੀ ਵਿਰੋਧ ਕਰਨ ਦੀ ਕਦੇ ਹਿੰਮਤ ਨਹੀਂ ਕੀਤੀ ਸੀ। ਹੁਣ ਮੈਂ ਇੱਕ ਸੁਤੰਤਰ ਪੱਤਰਕਾਰ ਹਾਂ, ਮੈਂ ਆਪਣੇ ਵਿਚਾਰ ਲਿਖਦਾ ਹਾਂ ਅਤੇ ਉਨ੍ਹਾਂ ਨੂੰ ਦੁਨੀਆਂ ਨਾਲ ਸਾਂਝਾ ਕਰਦਾ ਹਾਂ, ਮੈਂ ਅਜਿਹਾ ਕੁਝ ਕਦੇ ਨਹੀਂ ਕਰ ਸਕਦਾ ਸੀ ਜੇ ਇਹ ਕ੍ਰਾਂਤੀ ਨਾ ਹੋਈ ਹੁੰਦੀ।

'ਭਵਿੱਖ ਲਈ ਮੇਰੇ ਕੋਈ ਸੁਪਨੇ ਨਹੀਂ ਹਨ'

ਨੂਰ ਅਲ-ਸ਼ਾਮ, ਉਮਰ 28 ਸਾਲ, ਮਾਨਵਤਾਵਾਦੀ ਕਾਰਕੁਨ

ਮੈਂ ਆਪਣੇ ਪਰਿਵਾਰ ਨਾਲ ਇੱਕ ਘਰ ਵਿੱਚ ਰਹਿੰਦੀ ਸੀ ਪਰ ਹੁਣ ਮੈਂ ਉੱਤਰੀ ਇਦਲੀਬ ਦੇ ਇੱਕ ਟੈਂਟ ਵਿੱਚ ਰਹਿੰਦੀ ਹਾਂ। ਅਸੀਂ ਦੱਖਣੀ ਇਦਲੀਬ ਵਿੱਚ ਇੱਕ ਅਜਿਹੇ ਘਰ ਵਿੱਚ ਰਹਿੰਦੇ ਸੀ ਜਿੱਥੇ ਸਾਡੇ ਕੋਲ ਆਪਣੀ ਆਜ਼ਾਦੀ ਦੇ ਇਲਾਵਾ ਸਾਡੀ ਜ਼ਰੂਰਤ ਦੀ ਹਰ ਚੀਜ਼ ਮੌਜੂਦ ਸੀ।


ਹੁਣ ਮੈਂ ਹੋਰ ਸੈਂਕੜੇ ਟੈਂਟਾਂ ਨਾਲ ਬੰਜਰ ਜ਼ਮੀਨ 'ਤੇ ਇੱਕ ਪ੍ਰਮੁੱਖ ਤੰਬੂ ਵਿੱਚ ਦੁਖੀ ਹਾਂ ਜੋ ਸਰਦੀਆਂ ਵਿੱਚ ਇੱਕ ਵੱਡੇ ਚਿੱਕੜ ਵਿੱਚ ਬਦਲ ਜਾਂਦਾ ਹੈ ਅਤੇ ਗਰਮੀਆਂ ਵਿੱਚ ਕੀੜੇ-ਮਕੌੜਿਆਂ ਨਾਲ ਭਰ ਜਾਂਦਾ ਹੈ ਅਤੇ ਧੂੜ ਨਾਲ ਢਕਿਆ ਜਾਂਦਾ ਹੈ। ਮੇਰੇ ਆਪਣੇ ਭਵਿੱਖ ਲਈ ਜਾਂ ਆਪਣੇ ਪੁੱਤਰ ਦੇ ਭਵਿੱਖ ਲਈ ਕੋਈ ਸੁਪਨੇ ਨਹੀਂ ਹਨ। ਮੈਂ ਪੂਰੀ ਕੋਸ਼ਿਸ਼ ਕਰਦੀ ਹਾਂ ਕਿ ਮੈਂ ਉਸ ਦਾ ਕੈਂਪ ਦੀ ਜਿੰਦਗੀ ਤੋਂ ਧਿਆਨ ਹਟਾਵਾਂ।

ਮੈਂ ਉਸ ਨੂੰ ਜੰਗ ਬਾਰੇ ਕੁਝ ਨਹੀਂ ਦੱਸਦੀ ਤਾਂ ਕਿ ਉਹ ਇੰਨੀ ਛੋਟੀ ਉਮਰ ਵਿੱਚ ਉਸ 'ਤੇ ਬੋਝ ਨਾ ਬਣੇ।


**(ਬਾਕੀ ਸਫਾ 21 'ਤੇ)**

## 1946 ਦੀ ਫੌਜੀ ਬਗਾਵਤ

# ਅਸੀਂ ਹਥਿਆਰਾਂ ਨਾਲ ਲੜ ਸਕਦੇ ਹਾਂ, ਸਾਡੇ ਲਈ ਚਰਖੇ ਨਾਲ ਲੜਨਾ ਸੰਭਵ ਨਹੀਂ



ਭਾਰਤ ਦੀ ਅਜ਼ਾਦੀ ਦੇ ਕਈ ਸਾਲ ਬਾਅਦ ਜਦੋਂ ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਕਲੇਮੈਂਟ ਏਟਲੀ ਕਲਕੱਤਾ ਆਏ ਤਾਂ ਪੱਛਮੀ ਬੰਗਾਲ ਦੇ ਰਾਜਪਾਲ ਵੱਲੋਂ ਦਿੱਤੇ ਗਏ ਰਾਜ ਭੋਜ ਦੌਰਾਨ ਕਲਕੱਤਾ ਹਾਈ ਕਰੋਟ ਦੇ ਮੁੱਖ ਜੱਜ ਪੀਵੀ ਚੱਕਰਵਰਤੀ ਨੇ ਉਨ੍ਹਾਂ ਵੱਲ ਝੁਕ ਕੇ ਪੁੱਛਿਆ, "ਤੁਹਾਡੀ ਨਿਗ੍ਹਾ ਵਿੱਚ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ



ਵਿੱਚ ਮਹਾਤਮਾ ਗਾਂਧੀ ਦੇ ਭਾਰਤ ਛੱਡੋ ਅੰਦੋਲਨ ਦੀ ਕੀ ਭੂਮਿਕਾ ਸੀ?"

ਏਟਲੀ ਦੇ ਜਵਾਬ ਨੇ ਉੱਥੇ ਮੌਜੂਦ ਲੋਕਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਕਿਹਾ, "ਗਾਂਧੀ ਦੇ ਅੰਦੋਲਨ ਨਾਲ ਤਾਂ ਅਸੀਂ ਕਿਸੇ ਤਰ੍ਹਾਂ ਨਜਿੱਠ ਲਿਆ ਸੀ ਪਰ ਭਾਰਤੀ ਫੌਜੀਆਂ ਵਿੱਚ ਅਸੰਤੁਸ਼ਟੀ ਅਤੇ ਖ਼ਾਸ ਕਰ ਜਲ ਸੈਨਿਕਾਂ ਦੀ ਬਗ਼ਾਵਤ ਨੇ ਸਾਨੂੰ ਸਮੇਂ ਤੋਂ ਪਹਿਲਾਂ ਭਾਰਤ ਛੱਡਣ ਲਈ ਮਜ਼ਬੂਰ ਕਰ ਦਿੱਤਾ।"

ਆਮ ਭਾਰਤੀਆਂ ਦੀ ਨਿਗ੍ਹਾ ਵਿੱਚ ਇਹ ਮਹਿਜ਼ ਇੱਕ ਬਗ਼ਾਵਤ ਹੋਈ ਸੀ। ਸਾਲ 1857 ਵਿੱਚ ਜਦੋਂ ਭਾਰਤੀ ਜਵਾਨਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਵਿਦਰੋਹ ਕਰ ਦਿੱਤਾ ਸੀ।

ਏਟਲੀ ਜਿਸ ਬਗ਼ਾਵਤ ਦਾ ਜ਼ਿਕਰ ਕਰ ਰਹੇ ਸਨ, ਉਹ 18 ਫ਼ਰਵਰੀ, 1946 ਨੂੰ ਹੋਈ ਸੀ, ਜਿਸ ਵਿੱਚ ਕਰੀਬ 2000 ਭਾਰਤੀ ਜਲ ਸੈਨਿਕਾਂ ਨੇ ਹਿੱਸਾ ਲਿਆ ਸੀ ਅਤੇ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਕਰੀਬ 400 ਲੋਕਾਂ ਦੀ ਮੌਤ ਹੋ ਗਈ ਸੀ।

ਇਨ੍ਹਾਂ ਬਾਗ਼ੀ ਜਲ ਸੈਨਿਕਾਂ ਨੇ ਬੰਬਈ ਦੇ ਨੇੜੇ-ਤੇੜੇ ਸਮੁੰਦਰ ਵਿੱਚ ਖੜ੍ਹੇ ਕੀਤੇ ਸਮੁੰਦਰੀ ਜਹਾਜ਼ਾਂ 'ਤੇ ਕਬਜਾ ਕਰਕੇ ਉਨ੍ਹਾਂ ਦੀਆਂ ਚਾਰ ਇੰਚ ਦੀਆਂ ਤੋਪਾਂ ਦਾ ਮੂੰਹ ਗੇਟਵੇ ਆਫ਼ ਇੰਡੀਆ ਅਤੇ ਤਾਜ ਹੋਟਲ ਵੱਲ ਮੋੜ ਦਿੱਤਾ ਸੀ ਅਤੇ ਅੰਗਰੇਜ਼ਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਤਾਂ ਇਨ੍ਹਾਂ ਇਮਾਤਰਾਂ ਨੂੰ ਢਾਹ ਦਿੱਤਾ ਜਾਵੇਗਾ।

### ਖ਼ਰਾਬ ਭੋਜਨ ਦਿੱਤੇ ਜਾਣ 'ਤੇ ਬਗ਼ਾਵਤ

ਵਿਦਰੋਹ ਦੀ ਸ਼ੁਰੂਆਤ ਹੋਈ 18 ਫ਼ਰਵਰੀ, 1946 ਨੂੰ ਜਦੋਂ ਸੰਚਾਰ ਸਿਖਲਾਈ ਕੇਂਦਰ ਐੱਚ ਐੱਮ ਆਈ ਐੱਸ ਤਲਵਾਰ ਦੇ ਨੌਜਵਾਨ ਜਲ ਜਵਾਨਾਂ ਨੇ ਨਾਅਰਾ ਲਗਾਇਆ, 'ਖਾਣਾ ਨਹੀਂ ਤਾਂ ਕੰਮ ਨਹੀਂ'। ਉਨ੍ਹਾਂ ਨੇ ਖ਼ਰਾਬ ਖਾਣਾ ਦਿੱਤੇ ਜਾਣ ਦੇ ਵਿਰੋਧ ਵਿੱਚ ਅਫ਼ਸਰਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ।

ਲੈਫ਼ਟੀਨੈਂਟ ਕਮਾਂਡਲ ਜੀ ਡੀ ਸ਼ਰਮਾ ਆਪਣੀ ਕਿਤਾਬ 'ਅਨਟੋਲਡ ਸਟੋਰੀ 1946 ਨੇਵਲ ਮਿਊਟਿਨੀ ਲਾਸਟ ਵਾਰ ਆਫ਼ ਇੰਡੀਪੈਂਡੈਂਸ' ਵਿੱਚ ਲਿਖਦੇ ਹਨ, "ਉਸ ਜ਼ਮਾਨੇ ਵਿੱਚ ਜਲ ਸੈਨਿਕਾਂ ਨੂੰ ਸਵੇਰ ਦੇ ਖਾਣੇ ਵਿੱਚ ਦਾਲ ਅਤੇ ਡਬਲ ਰੋਟੀ ਦਿੱਤੀ ਜਾਂਦੀ ਸੀ। ਹਰ ਰੋਜ਼ ਇੱਕ ਹੀ ਤਰ੍ਹਾਂ ਦੀ ਦਾਲ ਵਰਤਾਈ ਜਾਂਦੀ ਸੀ। ਦਿਨ ਦੇ ਖਾਣੇ ਵਿੱਚ ਵੀ ਉਸੇ ਦਾਲ ਵਿੱਚ ਪਾਣੀ ਮਿਲਾਕੇ ਚੌਲਾਂ ਨਾਲ ਪਰੋਸ ਦਿੱਤੇ ਜਾਂਦੇ ਸਨ। 17 ਫ਼ਰਵਰੀ ਦੀ ਸ਼ਾਮ ਨੂੰ ਹੀ 29 ਜਲ ਸੈਨਿਕਾਂ ਨੇ ਵਿਰੋਧ-ਜਤਾਉਂਦਿਆਂ ਖਾਣਾ ਨਾ ਖਾਧਾ।"

ਉਹ ਅੱਗੇ ਲਿਖਦੇ ਹਨ, "ਉਸ ਸਮੇਂ ਡਿਊਟੀ ਅਫ਼ਸਰ ਬਤਰਾ ਅਤੇ ਸਚਦੇਵਾ ਨੇ ਨਾ ਤਾਂ ਉਨ੍ਹਾਂ ਦੀ ਸਿਕਾਇਤ ਦੂਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਇਸ ਦੀ ਸੂਚਨਾ ਆਪਣੇ ਆਲਾ ਅਫ਼ਸਰਾਂ ਨੂੰ ਦਿੱਤੀ।

ਇਹ ਜਲ ਸੈਨਿਕ ਬਿਨਾ ਭੋਜਨ ਖਾਧੇ ਹੀ ਸੌਂ ਗਏ। ਅਗਲੇ ਦਿਨ ਸਵੇਰ ਦੇ ਖਾਣੇ ਵਿੱਚ ਵੀ ਖ਼ਰਾਬ ਦਾਲ ਵਰਤਾਈ ਗਈ। ਵੱਡੀ ਗਿਣਤੀ ਵਿੱਚ ਜਲ ਸੈਨਿਕਾਂ ਨੇ ਸਵੇਰ ਦਾ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਅਰੇ ਲਗਾਉਂਦੇ ਹੋਏ ਮੈਸ ਵਿੱਚੋਂ ਬਾਹਰ ਨਿਕਲ ਆਏ।"

ਇਸ ਜਲ ਸੈਨਿਕ ਵਿਦਰੋਹ 'ਤੇ ਇੱਕ ਹੋਰ ਕਿਤਾਬ '1946 ਨੇਵਲ ਅਪਰਾਈਜ਼ੰਗ ਦੈਟ ਸ਼ੁੱਕ ਦਾ ਅੰਪਾਇਰ' ਲਿਖ ਰਹੇ ਪ੍ਰਮੋਦ ਕਪੂਰ ਦੱਸਦੇ ਹਨ, "ਤਲਵਾਰ 'ਤੇ ਵਿਰੋਧ ਦੀ ਚਿੰਗਾੜੀ ਭੜਕੀ, ਉਸ ਦੇ ਲੰਬੇ ਚੌੜੇ ਕਮਾਂਡਿੰਗ ਅਫ਼ਸਰ ਆਰਥਰ ਫ਼ੈਡਰਿਕ ਕਿੰਗ ਦੇ ਨਸਲਵਾਦੀ ਵਿਵਹਾਰ ਕਾਰਨ।" ;ਉਹ ਅੱਗੇ ਲਿਖਦੇ ਹਨ, "ਵਿਰੋਧ ਕਾਰਨ ਵਿਦਰੋਹੀਆਂ ਨੇ ਉਨ੍ਹਾਂ ਦੀ ਕਾਰ ਦੇ ਟਾਇਰਾਂ ਦੀ ਹਵਾ ਕੱਢ ਦਿੱਤੀ ਅਤੇ ਉਸਦੇ ਬੋਨਟ 'ਤੇ ਲਿਖ ਦਿੱਤਾ 'ਭਾਰਤ ਛੱਡੋ'।

ਇਸ 'ਤੇ ਕਿੰਗ ਨੇ ਚੀਕ ਕੇ ਕਿਹਾ, 'ਯੂ ਸੰਨਜ਼ ਆਫ਼ ਕੁਲੀਜ਼, ਸੰਨਜ਼ ਆਫ਼ ਬਿ..ਜ਼'। ਇਸ 'ਤੇ ਜਲ ਸੈਨਿਕਾਂ ਨੇ ਜਿਨ੍ਹਾਂ ਦੀ ਉਮਰ 15 ਤੋਂ 24 ਸਾਲ ਦੀ ਸੀ ਕਿਹਾ, ਹੁਣ ਬਹੁਤ ਹੋ ਗਿਆ। ਪਹਿਲਾਂ ਉਨ੍ਹਾਂ ਨੇ ਭੋਜਨ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਅਗਲੇ ਦਿਨ ਤੋਂ ਕੰਮ ਕਰਨਾ ਵੀ ਬੰਦ ਕਰ ਦਿੱਤਾ। ਸਵੇਰੇ ਜਦੋਂ ਉਨ੍ਹਾਂ ਨੂੰ ਕੰਮ 'ਤੇ ਬੁਲਾਉਣ ਲਈ ਬਿਗਲ ਵਜਾਇਆ ਗਿਆ ਤਾਂ ਉਨ੍ਹਾਂ ਵਿੱਚੋਂ ਕੋਈ ਵੀ ਉੱਥੇ ਨਾ ਪਹੁੰਚਿਆ।"

### ਅੰਦੋਲਨ ਵਿੱਚ ਬੰਬਈ ਦੇ ਲੋਕ ਵੀ ਹੋਏ ਸ਼ਾਮਲ

ਥੋੜ੍ਹੀ ਦੇਰ ਬਾਅਦ ਜਲ ਸੈਨਿਕ ਟਰੱਕਾਂ 'ਤੇ ਸਵਾਰ ਹੋ ਕੇ ਬੰਬਈ ਦੀਆਂ ਸੜਕਾਂ 'ਤੇ ਨਾਅਰੇ ਲਗਾਉਂਦੇ ਘੁੰਮਣ ਲੱਗੇ। ਇਹ ਜਲ ਸੈਨਿਕ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ ਤੋਂ ਪ੍ਰਭਾਵਿਤ ਸਨ ਅਤੇ ਆਪਣੇ ਅੰਦੋਲਨ ਵਿੱਚ ਬੰਬਈ ਦੇ ਲੋਕਾਂ ਨੂੰ ਵੀ ਜੋੜਨਾ ਚਾਹੁੰਦੇ ਸਨ। ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਅਨਿਰੁੱਧ ਦੇਸ਼ਪਾਂਡੇ ਆਪਣੀ ਕਿਤਾਬ 'ਹੋਪ ਐਂਡ ਡੈਸਪੇਅਰ ਮਿਊਟਿਨੀ, ਰਿਬੈਲੀਅਨ ਐਂਡ ਡੈਥ ਇਨ ਇੰਡੀਆ 1946' ਵਿੱਚ ਲਿਖਦੇ ਹਨ, "ਪ੍ਰਸ਼ਾਸਨ ਨੂੰ ਇੱਕ ਤਰ੍ਹਾਂ ਨਾਲ ਅਧਰੰਗ ਜਿਹਾ ਮਾਰ ਗਿਆ ਅਤੇ ਜਲ ਸੈਨਿਕਾਂ ਨੇ ਯੂਐੱਸ ਲਾਇਬਰੇਰੀ ਵਿੱਚ ਅਮਰੀਕੀ ਝੰਡੇ ਨੂੰ ਲਾਹ ਕੇ ਉਸ ਨੂੰ ਸਾੜ ਦਿੱਤਾ।"

"ਉਨ੍ਹਾਂ ਨੇ ਯੂਰਪੀ ਲੋਕਾਂ ਦੀ ਮਲਕੀਅਤ ਵਾਲੀਆਂ ਦੁਕਾਨਾਂ ਜਿਵੇਂ ਲੌਰੈਂਸ ਐਂਡ ਮੇਓ 'ਤੇ ਪੱਥਰ ਸੁੱਟਣੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਭਾਰਤੀ ਦੁਕਾਨਦਾਰਾਂ ਨੇ ਜਾਂ ਤਾਂ ਡਰ ਜਾਂ ਜਲ ਸੈਨਿਕਾਂ ਦੇ ਸਮਰਥਨ ਵਿੱਚ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ। 19 ਫ਼ਰਵਰੀ ਆਉਂਦੇ-ਆਉਂਦੇ ਬੰਬਈ ਵਿੱਚ ਜਲ ਸੈਨਾ ਦੀਆਂ ਸਾਰੀਆਂ ਇਕਾਈਆਂ ਦੇ ਕਰੀਬ 20,000 ਜਲ ਸੈਨਿਕ ਇਸ ਵਿਦਰੋਹ ਵਿੱਚ ਸ਼ਾਮਲ ਹੋ ਗਏ।"

ਯੂਨੀਅਨ ਜੈਕ ਲਾਹ ਕੇ ਕਾਂਗਰਸ, ਮੁਸਲਿਮ ਲੀਗ ਅਤੇ ਕਮਿਊਨਿਸਟ ਪਾਰਟੀ ਦੇ ਝੰਡੇ ਲਹਿਰਾਏ ਗਏ। ਅਗਲੇ ਚਾਰ ਦਿਨਾਂ ਤੱਕ ਭੁੱਖ ਹੜਤਾਲ ਜਾਰੀ ਰਹੀ। ਦੋਵਾਂ ਪੱਖਾਂ ਵਲੋਂ ਇੱਕ-ਦੂਜੇ ਨੂੰ ਧਮਕਾਇਆ ਜਾਂਦਾ ਰਿਹਾ।

ਜਲ ਸੈਨਿਕਾਂ ਨੇ ਬੰਬਈ ਬੰਦਰਗਾਹ ਦੇ ਨੇੜੇ ਲਗਦੇ 22 ਸਮੁੰਦਰੀ ਜਹਾਜ਼ਾਂ 'ਤੇ ਕਬਜ਼ਾ ਕਰ ਲਿਆ। ਹਰ ਸਮੁੰਦਰੀ ਜਹਾਜ਼ ਤੋਂ ਬਰਤਾਨਵੀ ਚਿੰਨ੍ਹ ਅਤੇ ਝੰਡਾ ਲਾਹ ਕੇ ਕਾਂਗਰਸ, ਮੁਸਲਿਮ ਲੀਗ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਝੰਡੇ ਲਗਾ ਦਿੱਤੇ ਗਏ। ਅੰਗਰੇਜ਼ ਸਰਕਾਰ ਨੇ ਬੈਰਕਾਂ ਵਿੱਚ ਪਾਣੀ ਅਤੇ ਬਿਜਲੀ ਦੀ ਸਪਲਾਈ ਕੱਟ ਦਿੱਤੀ। ਉਨ੍ਹਾਂ ਨੇ ਵਿਦਰੋਹੀਆਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਚੇਤਾਵਨੀ ਦਿੱਤੀ ਅਤੇ ਇੱਥੋਂ ਤੱਕ ਕਿਹਾ ਕਿ ਉਹ ਰਾਇਲ ਇੰਡੀਅਨ ਨੇਵੀ ਦੀ ਹੋਂਦ ਹੀ ਖ਼ਤਮ ਕਰ ਦੇਣਗੇ। ਅੰਗਰੇਜ਼ਾਂ ਨੇ ਜਲ ਸੈਨਿਕਾਂ ਨੂੰ ਡਰਾਉਣ ਲਈ ਬੰਦਰਗਾਹ ਦੇ ਉੱਪਰ ਬਹੁਤ ਘੱਟ ਉਚਾਈ 'ਤੇ ਜੰਗੀ ਜਹਾਜ਼ਾਂ ਨਾਲ ਉਡਾਣਾਂ ਵੀ ਭਰੀਆਂ।

ਭਾਰਤੀ ਜਲ ਸੈਨਾ ਦੇ ਫ਼ਲੈਗ ਅਫ਼ਸਰ ਬੰਬੇ ਨੇ ਰੇਡੀਓ 'ਤੇ ਸੰਦੇਸ਼ ਪ੍ਰਸਾਰਿਤ ਕਰਕੇ ਬਗ਼ਾਵਤ ਕਰਨ ਵਾਲੇ ਜਲ ਸੈਨਿਕਾਂ ਨੂੰ ਬਿਨਾ ਸ਼ਰਤ ਸੈਰੰਡਰ ਕਰਨ ਦੀ ਅਪੀਲ ਕੀਤੀ। ਬਗਾਵਤ ਨੂੰ ਦਬਾਉਣ ਲਈ ਸਭ ਤੋਂ ਤਾਕਤਵਰ ਬੇੜੇ ਐੱਚਐੱਮਐੱਸ ਗਲਾਗੋ ਨੂੰ ਸ੍ਰੀਲੰਕਾ ਵਿੱਚ ਤ੍ਰਿਨਕੋਮਾਲੀ ਤੋਂ ਤੁਰੰਤ ਬੰਬਈ ਲਈ ਕੁਝ ਕਰਨ ਲਈ ਕਿਹਾ ਗਿਆ।

ਜਲ ਸੈਨਾ ਬਗਾਵਤ ਬਾਰੇ ਕਿਤਾਬ '1946 ਨੇਵਲ ਅਪਰਾਈਜ਼ੰਗ ਦੈਟ ਸ਼ੁੱਕ ਦਾ ਅੰਪਾਇਰ' ਲਿਖਣ ਵਾਲੇ ਪ੍ਰਮੋਦ ਕਪੂਰ ਦੱਸਦੇ ਹਨ, "ਜਦੋਂ ਇਨ੍ਹਾਂ ਜਲ ਸੈਨਿਕਾਂ ਦਾ ਖਾਣਾ-ਪਾਣੀ ਰੋਕ ਦਿੱਤਾ ਗਿਆ ਤਾਂ ਤਲਵਾਰ ਨੇ ਆਲੇ-ਦੁਆਲੇ ਜਿੰਨੇ ਵੀ ਇਰਾਨੀ ਅਤੇ ਪਾਰਸੀ ਰੈਸਟੋਰੈਂਟ ਸਨ, ਉਹ ਖਾਣੇ ਦੇ ਪੈਕੇਟ ਬਣਾਕੇ ਗੇਟਵੇ ਆਫ਼ ਇੰਡੀਆ ਤੱਕ ਪਹੁੰਚਾਉਂਦੇ ਸਨ ਅਤੇ ਉੱਥੋਂ ਹੀ ਉਹ ਖਾਣਾ ਬੇੜਿਆਂ ਤੱਕ ਲੈ ਜਾਇਆ ਜਾਂਦਾ ਸੀ।"

"ਜਦੋਂ ਕਮਿਊਨਿਸਟ ਪਾਰਟੀ ਨੇ ਅਪੀਲ ਕੀਤੀ ਤਾਂ ਇਨ੍ਹਾਂ ਜਲ ਸੈਨਿਕਾਂ ਦੇ ਸਮਰਥਨ ਵਿੱਚ ਕਰੀਬ ਇੱਕ ਲੱਖ ਲੋਕ ਸੜਕਾਂ 'ਤੇ ਉੱਤਰ ਆਏ। ਇਨ੍ਹਾਂ ਵਿੱਚ ਕੁਝ ਅਰਾਜਕ ਤੱਤਾਂ ਨੇ ਡਾਕ ਘਰ ਅਤੇ ਬੈਂਕਾਂ ਲੁੱਟਣੇ ਸ਼ੁਰੂ ਕਰ ਦਿੱਤੇ। ਭੀੜ ਨੇ ਮੋਟਰ ਵਾਹਨਾਂ ਅਤੇ ਰੇਲਵੇ ਸਟੇਸ਼ਨਾਂ ਨੂੰ ਵੀ ਨੁਕਸਾਨ ਪਹੁੰਚਾਇਆ।"

"ਬਰਤਾਨਵੀ ਸੁਰੱਖਿਆ ਬਲਾਂ ਅਤੇ ਪੁਲਿਸ ਨੂੰ ਅੰਦੋਲਨਕਾਰੀਆਂ ਨੂੰ ਦੇਖਦੇ ਹੀ ਗੋਲੀ ਚਲਾਉਣ ਦੇ ਹੁਕਮ ਦਿੱਤੇ ਗਏ। ਕਰੀਬ 20 ਥਾਵਾਂ 'ਤੇ ਗੋਲੀ ਚਲਾਈ ਗਈ। ਦੋ ਦਿਨਾਂ ਤੱਕ ਚੱਲੇ ਸੰਘਰਸ਼ ਵਿੱਚ ਕਰੀਬ 400 ਲੋਕ ਮਾਰੇ ਗਏ ਅਤੇ ਕਰੀਬ 1500 ਲੋਕ ਜਖ਼ਮੀ ਹੋਏ।" ਅੰਗਰੇਜ਼ਾਂ ਦੇ ਵਿਦਰੋਹ ਨੂੰ ਦਬਾਉਣ ਲਈ ਆਪਣੀ ਸਾਰੀ ਤਾਕਤ ਲਗਾ ਦਿੱਤੀ। 18 ਫ਼ਰਵਰੀ ਦੀ ਸ਼ਾਮ ਤੱਕ ਇਸ ਵਿਦਰੋਹ ਦੀ ਜਾਣਕਾਰੀ ਸੈਨਾ ਮੁਖੀ ਜਨਰਲ ਕਲਾਊਡ ਔਚਿਨਲੇਕ ਨੂੰ ਦਿੱਤੀ ਗਈ।

ਉਨ੍ਹਾਂ ਨੇ ਵਾਇਸਰਾਏ ਲਾਰਡ ਵਾਵੇਲ ਨੂੰ ਘਟਨਾਕ੍ਰਮ ਤੋਂ ਜਾਣੂ ਕਰਵਾਇਆ। ਭਾਰਤੀ ਜਲ ਸੈਨਾ ਮੁਖੀ ਐਡਮਿਰਲ ਜੇ ਐੱਚ ਗੌਡਫ਼ਰੀ ਦਾ ਜ਼ਹਾਜ ਉਦੈਪੁਰ ਵਿੱਚ ਲੈਂਡ ਹੀ ਕੀਤਾ ਸੀ ਕਿ ਉਨ੍ਹਾਂ ਨੂੰ ਇਸ ਵਿਦਰੋਹ ਦੇ ਬਾਰੇ ਗੁਪਤ ਸੰਦੇਸ਼ ਪਹੁੰਚਾਇਆ ਗਿਆ। ਉਨ੍ਹਾਂ ਨੇ ਉਸੇ ਸਮੇਂ ਦਿੱਲੀ ਵਾਪਸ ਜਾਣ ਦਾ ਫ਼ੈਸਲਾ ਕੀਤਾ। ਅਗਲੇ ਦਿਨ ਉਹ ਵਿਸ਼ੇਸ਼ ਜਹਾਜ਼ ਰਾਹੀਂ ਬੰਬਈ ਪਹੁੰਚੇ। ਇਸ ਘਟਨਾ ਬਾਰੇ ਦਿੱਲੀ ਦੇ ਕਾਊਂਸਿਲ ਹਾਊਸ ਵਿੱਚ ਜ਼ੋਰਦਾਰ ਬਹਿਸ ਹੋਈ। ਪ੍ਰਧਾਨ ਮੰਤਰੀ ਏਟਲੀ ਅਤੇ ਵਾਇਸਰਾਏ ਵਾਵੇਲ ਦੇ ਦਫ਼ਤਰਾਂ ਦਰਮਿਆਨ ਤਾਰਾਂ ਦੀ ਝੜੀ ਜਿਹੀ ਲੱਗ ਗਈ ਸੀ।

ਅਨਿਰੁੱਧ ਦੇਸ਼ਪਾਂਡੇ ਲਿਖਦੇ ਹਨ, "ਜੇ 18 ਫ਼ਰਵਰੀ ਨੂੰ ਹੀ ਵਿਦਰੋਹੀਆਂ ਦੇ ਨਾਲ ਹਮਦਰਦੀ ਭਰਿਆ ਵਿਵਹਾਰ ਕੀਤਾ ਜਾਂਦਾ ਤਾਂ ਵਿਦਰੋਹ ਨੂੰ ਦਬਾਇਆ ਜਾ ਸਕਦਾ ਸੀ।

ਪਰ ਅੰਗਰੇਜ਼ਾਂ ਨੂੰ 1857 ਦੀ ਯਾਦ ਪਰੇਸ਼ਾਨ ਕਰ ਰਹੀ ਸੀ। ਉਨ੍ਹਾਂ ਨੂੰ ਡਰ ਸੀ ਕਿ 1857 ਦੀ ਤਰ੍ਹਾਂ ਇਹ ਵਿਦਰੋਹ ਕਿਤੇ ਵਿਆਪਕ ਰੂਪ ਨਾ ਲੈ ਲਵੇ। ਇਸ ਲਈ ਉਨ੍ਹਾਂ ਨੇ ਤੈਅ ਕੀਤਾ ਕਿ ਉਹ ਉਸ ਨੂੰ ਪੂਰੀ ਤਾਕਤ ਨਾਲ ਦਬਾਉਣਗੇ।"


### ਮਹਾਤਮਾ ਗਾਂਧੀ ਬਗ਼ਾਵਤ ਦੇ ਖਿਲਾਫ਼ ਸਨ

ਮਹਾਤਮਾ ਗਾਂਧੀ ਨੇ ਇਹ ਕਹਿ ਕੇ ਇਸ ਬਗ਼ਾਵਤ ਦਾ ਵਿਰੋਧ ਕੀਤਾ ਕਿ ਇਹ ਉਨ੍ਹਾਂ ਦੇ ਅਹਿੰਸਾ ਦੇ ਸਿਧਾਂਤਾਂ ਦੇ ਖ਼ਿਲਾਫ਼ ਹੈ। ਕਮਿਊਨਿਸਟਾਂ ਨੇ ਖੁੱਲ੍ਹੇ ਤੌਰ 'ਤੇ ਨਾ ਸਿਰਫ਼ ਇਸ ਬਗਾਵਤ ਦਾ ਸਮਰਥਨ ਕੀਤਾ ਬਲਕਿ ਜਵਾਨਾਂ ਨੂੰ ਇਸ ਗੱਲ ਲਈ ਉਕਸਾਇਆ ਕਿ ਉਹ ਸੈਰੰਡਰ ਨਾ ਕਰਨ।

ਕਮਿਊਨਿਸਟ ਪਾਰਟੀ ਦੇ ਪੱਤਰ 'ਪੀਪਲਜ਼ ਏਜ' ਵਿੱਚ ਗੰਗਾਧਰ ਅਧਿਕਾਰੀ ਨੇ ਗਾਂਧੀ, ਪਟੇਲ ਅਤੇ ਨਹਿਰੂ ਦੀ ਆਲੋਚਨਾ ਕਰਦਿਆਂ ਸੰਪਾਦਕੀ ਲਿਖਿਆ, "ਪਟੇਲ ਨੇ ਉਨ੍ਹਾਂ ਲੋਕਾਂ ਲਈ ਹੰਝੂ ਵਹਾਏ ਜੋ ਮਾਰੇ ਗਏ ਹਨ ਅਤੇ ਉਨ੍ਹਾਂ ਲੋਕਾਂ ਦੀ ਨਿੰਦਾ ਕੀਤੀ ਜਿਨ੍ਹਾਂ ਨੇ 'ਗੁੰਡਾਗਰਦੀ' ਕੀਤੀ। ਪਰ ਉਨ੍ਹਾਂ ਨੇ ਬਰਤਾਵਨੀ ਸੈਨਾ ਦੀ ਗੁੰਡਾਗਰਦੀ ਲਈ ਇੱਕ ਸ਼ਬਦ ਵੀ ਨਹੀਂ ਕਿਹਾ। ਉਨ੍ਹਾਂ ਨੇ ਬਿਨਾ ਸੋਚੇ ਸਮਝੇ ਗੋਲੀਬਾਰੀ ਕੀਤੀ, ਜਿਸ ਵਿੱਚ ਸੈਂਕੜੇ ਮਾਸੂਮ ਲੋਕ ਮਾਰੇ ਗਏ।"

ਸੀਨੀਅਰ ਕਾਂਗਰਸ ਆਗੂਆਂ ਨੇ ਜਲ ਸੈਨਿਕਾਂ ਨੂੰ ਸਬਰ ਰੱਖਣ ਅਤੇ ਸਮੱਸਿਆ ਦਾ ਸ਼ਾਂਤਮਈ ਹੱਲ ਕੱਢਣ ਦੀ ਸਲਾਹ ਦਿੱਤੀ। ਇਨ੍ਹਾਂ ਵਿੱਚ ਸਿਰਫ਼ ਕਾਂਗਰਸ ਦੇ ਅਰੁਣਾ ਆਸਿਫ਼ ਅਲੀ ਵੱਖਰੇ ਸਨ। 9 ਅਗਸਤ, 1942 ਨੂੰ ਗੋਵਾਲੀਆ ਟੈਂਕ ਮੈਦਾਨ ਵਿੱਚ ਕਾਂਗਰਸ ਦਾ ਝੰਡਾ ਲਹਿਰਾਉਣ ਵਾਲੀ ਅਰੁਣਾ ਆਸਿਫ਼ ਅਲੀ ਜੈਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ ਅਤੇ ਹੋਰ ਸਮਾਜਵਾਦੀਆਂ ਦੀ ਸਹਿਯੋਗੀ ਸੀ।

ਵਿਚਾਰਕ ਤੌਰ 'ਤੇ ਉਹ ਸਰਦਾਰ ਪਟੇਲ ਦੇ ਮੁਕਾਬਲੇ ਖੁਦ ਨੂੰ ਜਵਾਹਰਲਾਲ ਨਹਿਰੂ ਦੇ ਵਧੇਰੇ ਨਜ਼ਦੀਕ ਸਮਝਦੀ ਸੀ। ਉਹ ਕੁਸੁਮ ਅਤੇ ਪੀਐੱਨ ਨਾਇਰ ਦੀ ਵੀ ਦੋਸਤ ਸੀ ਜਿਨ੍ਹਾਂ ਦੇ ਮੇਰੀਨ ਡਰਾਈਵ ਵਾਲੀ ਰਿਹਾਇਸ਼ 'ਤੇ ਇਸ ਬਗਾਵਤ ਨਾਲ ਸਬੰਧਤ ਮੀਟਿੰਗਾਂ ਹੁੰਦੀਆਂ ਸਨ।




# ਪੰਜਾਬ ਵਿਚ ਅਣਜਾਣਿਆਂ ਖਿੱਤਾ 'ਪੁਆਧ'

ਮਹਿੰਦਰ ਸਿੰਘ ਵਾਲੀਆ,
ਜ਼ਿਲ੍ਹਾ ਸਿੱਖਿਆ ਅਫ਼ਸਰ (ਸੇਵਾ ਮੁਕਤ)

ਮੌਜੂਦਾ ਪੰਜਾਬ ਵਿਚ ਸਤਲੁਜ, ਬਿਆਸ ਅਤੇ ਰਾਵੀ ਦਰਿਆ ਵਗਦੇ ਹਨ। ਇਨ੍ਹਾ ਦਰਿਆਵਾਂ ਉੱਤੇ ਅਧਾਰਿਤ ਪੰਜਬ ਨੂੰ ਤਿੰਨ ਖੇਤਰਾਂ ਵਿਚ ਵੰਡਿਆ ਹੋਇਆ। ਰਾਵੀ ਅਤੇ ਬਿਆਸ ਦੇ ਵਿਚਕਾਰਲਾ ਭਾਗ ਨੂੰ ਮਾਝਾ ਆਖਦੇ ਹਨ। ਇਸ ਵਿਚ ਅੰਮ੍ਰਿਤਸਰ, ਗੁਰਦਾਸਪੁਰ ਆਦਿ ਹਨ। ਦੂਜੇ ਹਿੱਸੇ ਨੂੰ ਦੋਆਬਾ ਕਿਹਾ ਜਾਂਦਾ। ਇਹ ਹਿੱਸਾ ਬਿਆਸ ਅਤੇ ਸਤਲੁਜ ਦੇ ਵਿਚਕਾਰਲਾ। ਇਸ ਵਿਚ ਜਲੰਧਰ, ਹੁਸ਼ਿਆਰਪੁਰ ਆਦਿ ਆਉਂਦੇ ਹਨ। ਤੀਜਾ ਭਾਗ ਮਾਲਵਾ ਹੈ।ਇਹ ਸਤਲੁਜ ਦਰਿਆ ਤੋਂ ਅਗਲੇ ਹਿੱਸੇ ਨੂੰ ਕਹਿੰਦੇ ਹਨ। ਇਸ ਵਿਚ ਲੁਧਿਆਣਾ, ਪਟਿਆਲਾ ਆਦਿ ਆਉਂਦੇ ਹਨ। ਪ੍ਰੰਤੂ ਕੁੱਝ ਮਾਹਿਰ ਮਾਲਵੇ ਖਿੱਤੇ ਬਾਰੇ ਕਿੰਤੂ-ਪਰੰਤੂ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਤਲੁਜ ਤੋਂ ਅੱਗੇ ਕੁੱਝ ਖਿੱਤੇ ਵਿਚ ਸ਼ੁੱਧ ਪੰਜਾਬੀ ਨਹੀਂ ਬੋਲੀ ਜਾਂਦੀ। ਸਗੋਂਇਹ ਪੰਜਾਬੀ, ਹਰਿਆਣਵੀ ਅਤੇ ਹਿਮਾਚਲੀ ਬੋਲੀ ਦਾ ਮਿਲਗੋਭਾ ਹੈ। ਇਸ ਬੋਲੀ ਨੂੰ ਪੁਆਧੀ ਉਪ ਬੋਲੀ ਦਾ ਨਾਂ ਦਿੱਤਾ ਹੈ ਅਤੇ ਇਸ ਖਿੱਤੇ ਨੂੰ ਪੁਆਧ ਕਿਹਾ ਜਾਂਦਾ ਹੈ। ਇਹ ਖਿੱਤਾ ਸਤਲੁਜ ਦਰਿਆ ਅਤੇ ਘੱਗਰ ਦਰਿਆ ਦੇ ਵਿਚਕਾਰ ਹੈ।ਪੁਆਧ ਦੇ ਅੱਖਰੀ ਸ਼ਬਦ ਤੋਂ ਭਾਵ ਹੈ ਕਿ ਪੰਜਾਬ ਦੇ ਪੂਰਬੀ ਭਾਗ ਦਾ ਅੱਧਾ ਹਿੱਸਾ। ਇਸ ਖਿੱਤੇ ਵਿਚ ਚੰਡੀਗੜ੍ਹ, ਪਟਿਆਲਾ, ਰੋਪੜ ਆਦਿ ਸ਼ਹਿਰ ਆਉਂਦੇ ਹਨ।

ਪੁਆਧ ਵਿਚ ਆਉਂਦੇ ਖੇਤਰ:-




ਪੰਜਾਬ ਵਿਚਲੇ ਇਲਾਕੇ

ਮੋਹਾਲੀ ਜ਼ਿਲ੍ਹਾ: ਕੁਰਾਲੀ, ਖਰੜ ਅਤੇ ਮੋਹਾਲੀ ਦੇ ਨਾਲ ਲਗਦਾ ਇਲਾਕਾ

ਰੋਪੜ: ਰੋਪੜ ਅਤੇ ਚਮਕੌਰ ਸਾਹਿਬ

ਫਤਿਹਗੜ੍ਹ ਸਾਹਿਬ: ਅਮਲੋਹ, ਮੋਰਿੰਡਾ ਅਤੇ ਸਰਹੰਦ

ਲੁਧਿਆਣਾ: ਦੋਰਾਹਾ ਅਤੇ ਸਮਰਾਲਾ

ਪਟਿਆਲਾ: ਰਾਜਪੁਰਾ, ਪਟਿਆਲਾ ਅਤੇ ਜ਼ਿਲ੍ਹੇ ਦਾ ਪੱਛਮੀ ਭਾਗ

ਸੰਗਰੂਰ: ਮਲੇਰਕੋਟਲਾ

ਹਰਿਆਣਾਵਿਚਲੇ ਇਲਾਕੇ: ਪਿੰਜੋਰ, ਨਰੈਣਗੜ੍ਹ, ਅੰਬਾਲਾ, ਯਮੁਨਾਨਗਰ, ਜਗਾਧਰੀ, ਪਿਹੋਵਾ, ਗੂਹਲਾ ਅਤੇ ਫਤਿਹਾਬਾਦ

ਹਿਮਾਚਲ ਪ੍ਰਦੇਸ ਵਿਚਲੇ ਇਲਾਕੇ: ਨਾਲਾਗੜ੍ਹ ਅਤੇ ਅੰਬ

ਚੰਡੀਗੜ੍ਹ: ਚੰਡੀਗੜ੍ਹ

ਪ੍ਰਚਲਤਪੰਜਾਬ ਬੋਲੀ ਦੇ ਬਦਲ ਪੁਆਧੀ ਸ਼ਬਦ:

| ਪ੍ਰਚਲਤ ਪੰਜਾਬੀ | ਪੁਆਧੀ ਸ਼ਬਦ |
|---|---|
| ਹੁਣ | ਈਬ |
| ਸਾਡਾ | ਮਾਰਾ |
| ਤੁਹਾਡਾ | ਥਾਰਾ |
| ਮੁੰਡਾ | ਛੋਕਰਾ |
| ਨਾਲ | ਗੈਲ |
| ਇਹ | ਯੋ |
| ਅਸੀਂ | ਹਮੇ |
| ਤੁਸੀਂ | ਥਮੇ |
| ਨੇੜੇ | ਲਾਗੇ |
| ਠੰਡ | ਪਾਲਾ |

# ਹਨੂਜ਼ ਦਿੱਲੀ ਦੂਰ ਅਸਤ (ਅਜੇ ਦਿੱਲੀ ਦੂਰ ਹੈ)



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਅਜੇ ਦਿੱਲੀ ਦੂਰ ਹੈ ਦਾ ਮੁਹਾਵਰਾ ਭਾਰਤ ਵਿੱਚ ਬਹੁਤ ਜਿਆਦਾ ਵਰਤਿਆ ਜਾਂਦਾ ਹੈ। ਇਹ ਉਨ੍ਹਾਂ ਵਿਅਕਤੀਆਂ ਲਈ ਵਰਤਿਆ ਜਾਂਦਾ ਹੈ ਜੋ ਜਲਦੀ ਜਲਦੀ ਕਿਸੇ ਮਕਸਦ ਨੂੰ ਹਾਸਲ ਕਰਨਾ ਚਾਹੁੰਦੇ ਹਨ। ਪਰ ਬਹੁਤੇ ਵਿਅਕਤੀਆਂ ਨੂੰ ਇਹ ਨਹੀਂ ਪਤਾ ਕਿ ਇਸ ਮੁਹਾਵਰੇ ਦੀ ਉਤਪਤੀ ਕਿਵੇਂ ਹੋਈ? ਤੁਗਲਕ ਰਾਜਵੰਸ਼ ਦਾ ਭਾਰਤ ਵਿੱਚ ਸ਼ਾਸ਼ਨ ਸਥਾਪਿਤ ਕਰਨ ਵਾਲਾ ਅਤੇ ਮੁਹੰਮਦ ਤੁਗਲਕ ਦਾ ਪਿਤਾ ਸੁਲਤਾਨ ਗਿਆਸੁਦੀਨ ਤੁਗਲਕ (ਗਾਜ਼ੀ ਤੁਗਲਕ) ਸੀ, ਜਿਸ ਨੇ ਭਾਰਤ 'ਤੇ 1320 ਤੋਂ ਲੈ ਕੇ 1325 ਈਸਵੀ ਤੱਕ ਰਾਜ ਕੀਤਾ। ਉਸ ਦਾ ਸਮਕਾਲੀ ਮਹਾਨ ਸੂਫੀ ਸੰਤ ਸ਼ੇਖ ਨਿਜ਼ਾਮੁਦੀਨ ਔਲੀਆ (1238 ਤੋਂ 1325 ਈਸਵੀ) ਸੀ ਜਿਸ ਦੀ ਦਰਗਾਹ ਦਿੱਲੀ ਦੇ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਦੇ ਪਾਸ ਬਣੀ ਹੋਈ ਹੈ। ਸ਼ੇਖ ਨਿਜ਼ਾਮੁਦੀਨ ਨੂੰ ਦਿੱਲੀ ਦੀ ਗੱਦੀ ਸ਼ੇਖ ਫਰੀਦ ਨੇ ਬਖਸ਼ੀ ਸੀ। ਉਰਦੂ ਅਤੇ ਫਾਰਸੀ ਦਾ ਮਹਾਨ ਕਵੀ, ਗਜ਼ਲ ਦਾ ਜਨਮਦਾਤਾ, ਇਤਿਹਾਸਕਾਰ ਅਤੇ ਫਿਲਾਸਫਰ ਅਮੀਰ ਖੁਸਰੋ, ਸ਼ੇਖ ਨਿਜ਼ਾਮੁਦੀਨ ਦਾ ਚੇਲਾ ਸੀ। ਅੱਜ ਵੀ ਹਰ ਸਾਲ ਲੱਖਾਂ ਲੋਕ ਇਸ ਦਰਗਾਹ ਦੀ ਜ਼ਿਆਰਤ ਕਰਨ ਲਈ ਆਉਂਦੇ ਹਨ।

ਗਾਜ਼ੀ ਤੁਗਲਕ ਤੋਂ ਪਹਿਲਾ ਬਾਦਸ਼ਾਹ ਖੁਸਰੋ ਸ਼ਾਹ ਸ਼ੇਖ ਨਿਜ਼ਾਮੁਦੀਨ ਦਾ ਮੁਰੀਦ ਸੀ ਜਿਸ ਕਾਰਨ ਸ਼ੇਖ ਦੀ ਉਸ ਨਾਲ ਕਾਫੀ ਨੇੜਤਾ ਸੀ। ਇਸ ਲਈ ਤੁਗਲਕ ਸ਼ੇਖ ਨਿਜ਼ਾਮੁਦੀਨ ਨਾਲ ਦਿਲੋਂ ਖਾਰ ਖਾਂਦਾ ਸੀ। ਪਹੁੰਚਿਆ ਹੋਇਆ ਦਰਵੇਸ਼ ਹੋਣ ਕਾਰਨ ਸ਼ੇਖ ਨਿਜ਼ਾਮੁਦੀਨ ਬਾਦਸ਼ਾਹਾਂ ਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦਾ ਤੇ ਉਸ ਦੇ ਦਰਬਾਰ ਦੇ ਦਰਵਾਜ਼ੇ ਗਾਜ਼ੀ ਤੁਗਲਕ ਦੇ ਹਮਾਇਤੀਆਂ ਤੇ ਵਿਰੋਧੀਆਂ ਲਈ ਬਿਨਾਂ ਕਿਸੇ ਭੇਦ ਭਾਵ ਦੇ ਖੁਲ੍ਹੇ ਰਹਿੰਦੇ ਸਨ। ਤੁਗਲਕ ਨੇ ਉਸ ਨੂੰ ਕਈ ਵਾਰ ਦਰਬਾਰ ਵਿੱਚ ਬੁਲਾਇਆ ਪਰ ਉਹ ਨਾ ਗਿਆ। ਚੁਗਲਖੋਰਾਂ ਨੇ ਤੁਗਲਕ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸ਼ੇਖ ਉਸ ਦਾ ਵਿਰੋਧੀ ਹੈ ਤੇ ਦੁਸ਼ਮਣਾਂ ਨਾਲ ਮਿਲ ਕੇ ਉਸ ਨੂੰ ਗੱਦੀ ਤੋਂ ਉਤਾਰਨ ਦੀ ਸਾਜ਼ਿਸ਼ ਕਰ ਰਿਹਾ ਹੈ।



ਪਰ ਨਵਾਂ ਨਵਾਂ ਬਾਦਸ਼ਾਹ ਬਣਿਆ ਹੋਣ ਕਾਰਨ ਤੁਗਲਕ ਫਿਲਹਾਲ ਅਜਿਹੇ ਮਹਾਨ ਸੰਤ ਨਾਲ ਵਿਗਾੜਨੀ ਨਹੀਂ ਸੀ ਚਾਹੁੰਦਾ। ਉਸ ਦਾ ਦਰਬਾਰੀ ਕਵੀ ਅਮੀਰ ਖੁਸਰੋ ਵੀ ਉਸ ਨੂੰ ਇਸ ਕੰਮ ਤੋਂ ਵਰਜਦਾ ਰਹਿੰਦਾ ਸੀ। ਇਸ ਤੋਂ ਇਲਾਵਾ ਤੁਗਲਕ ਉਸ ਸਮੇਂ ਕਈ ਰਾਜਨੀਤਕ ਮਾਮਲਿਆਂ ਵਿੱਚ ਉਲਝਿਆ ਹੋਇਆ ਸੀ ਤੇ ਉਸ ਨੂੰ ਨਵੇਂ ਇਲਾਕੇ ਜਿੱਤਣ ਅਤੇ ਬਗਾਵਤਾਂ ਦਬਾਉਣ ਤੋਂ ਹੀ ਵਿਹਲ ਨਹੀਂ ਸੀ।

1325 ਤੱਕ ਉਸ ਦਾ ਰਾਜ ਪੱਕੇ ਪੈਰੀਂ ਹੋ ਗਿਆ ਤਾਂ ਉਸ ਨੇ ਸ਼ੇਖ ਨਿਜ਼ਾਮੁਦੀਨ ਨਾਲ ਸਿੱਝਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਦਸੰਬਰ 1324 ਵਿੱਚ ਉਸ ਨੇ ਬੰਗਾਲ ਅਤੇ ਬਿਹਾਰ 'ਤੇ ਕਬਜ਼ਾ ਕਰ ਲਿਆ ਤੇ ਪਹਿਲਾ ਕੰਮ ਸ਼ੇਖ ਨਿਜ਼ਾਮੁਦੀਨ ਨੂੰ ਚਿੱਠੀ ਲਿਖਣ ਦਾ ਕੀਤਾ ਕਿ ਮੈਂ ਇੱਕ ਮਹੀਨੇ ਵਿੱਚ ਦਿੱਲੀ ਪਹੁੰਚ ਜਾਵਾਂਗਾ। ਮੇਰੇ ਆਉਣ ਤੋਂ ਪਹਿਲਾਂ ਪਹਿਲਾਂ ਮੇਰਾ ਇਲਾਕਾ ਛੱਡ ਕੇ ਚਲਾ ਜਾ ਨਹੀਂ ਤਾਂ ਮੈਨੂੰ ਤੇਰੇ ਖੂਨ ਨਾਲ ਆਪਣੇ ਹੱਥ ਰੰਗਣੇ ਪੈਣਗੇ। ਚਿੱਠੀ ਪੜ੍ਹ ਕੇ ਸ਼ੇਖ ਦੇ ਚੇਲਿਆਂ ਵਿੱਚ ਘਬਰਾਹਟ ਫੈਲ ਗਈ ਤੇ ਉਨ੍ਹਾਂ ਨੇ ਸ਼ੇਖ ਨੂੰ ਬਾਦਸ਼ਾਹ ਦੀ ਗੱਲ ਮੰਨ ਲੈਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਪਰ ਜਾਣੀ ਜਾਣ ਸ਼ੇਖ ਨੇ ਫਾਰਸੀ ਵਿੱਚ ਫੁਰਮਾਇਆ, ਉਹਨੂਜ਼ ਦਿੱਲੀ ਦੂਰ ਅਸਤ।" ਮਤਲਬ ਅਜੇ ਦਿੱਲੀ ਬਹੁਤ ਦੂਰ ਹੈ। ਜਦੋਂ ਬਾਦਸ਼ਾਹ ਅੱਧ ਵਿੱਚ ਪਹੁੰਚ ਗਿਆ ਤਾਂ ਉਸ ਨੇ ਦੁਬਾਰਾ ਸ਼ੇਖ ਨੂੰ ਇਸ ਬਾਬਤ ਚਿੱਠੀ ਲਿਖੀ ਤਾਂ ਸ਼ੇਖ ਨੇ ਫਿਰ ਫੁਰਮਾਇਆ ਕਿ ਹਨੂਜ਼ ਦਿੱਲੀ ਦੂਰ ਅਸਤ। ਸ਼ੇਖ 'ਤੇ ਭਰੋਸਾ ਰੱਖਣ ਵਾਲੇ ਪੱਕੇ ਮੁਰੀਦ ਡਟੇ ਰਹੇ ਪਰ ਡਰਪੋਕ ਡੇਰਾ ਛੱਡ ਕੇ ਫਰਾਰ ਹੋ ਗਏ। ਸ਼ੇਖ ਨੇ ਬਾਦਸ਼ਾਹ ਦੀ ਤੀਸਰੀ ਚਿੱਠੀ ਦਾ ਵੀ ਪਹਿਲਾਂ ਵਾਲਾ ਹੀ ਜਵਾਬ ਦਿੱਤਾ। ਸ਼ੇਖ ਦੀ ਹੱਠ ਧਰਮੀ ਤੋਂ ਸੜਿਆ ਬਲਿਆ ਬਾਦਸ਼ਾਹ ਵਾਹੋ ਦਾਹੀ ਦਿੱਲੀ ਵੱਲ ਵਧ ਰਿਹਾ ਸੀ।

6 ਫਰਵਰੀ ਨੂੰ ਉਹ ਦਿੱਲੀ ਦੇ ਨਜ਼ਦੀਕ ਅਫਗਾਨਪੁਰ ਪਿੰਡ ਪਹੁੰਚ ਗਿਆ। ਅਗਲੇ ਦਿਨ ਉਸ ਨੇ ਫੌਜ ਤੋਂ ਸਲਾਮੀ ਲੈ ਕੇ ਦਿੱਲੀ ਵਿੱਚ ਪ੍ਰਵੇਸ਼ ਕਰਨਾ ਸੀ ਤੇ ਪਹਿਲਾ ਫੈਸਲਾ ਸ਼ੇਖ ਨਿਜ਼ਾਮੁਦੀਨ ਬਾਰੇ ਹੀ ਲੈਣਾ ਸੀ। ਉਸ ਦੇ ਸਲਾਮੀ ਲੈਣ ਲਈ ਲੱਕੜ ਦਾ ਭਾਰੀ ਭਰਕਮ ਮੰਚ ਬਣਾਇਆ ਗਿਆ।

7 ਫਰਵਰੀ ਨੂੰ ਉਹ ਸਲਾਮੀ ਲੈਣ ਲੱਗਾ ਤਾਂ ਅਚਾਨਕ ਰੱਬ ਦਾ ਭਾਣਾ ਵਾਪਰ ਗਿਆ। ਪਰੇਡ ਵਿੱਚ ਸ਼ਾਮਲ ਇੱਕ ਹਾਥੀ ਬਿਦਕ ਗਿਆ ਤੇ ਮਹਾਵਤ ਦੇ ਕੰਟਰੋਲ ਤੋਂ ਬਾਹਰ ਹੋ ਕੇ ਮੰਚ ਵਿੱਚ ਜਾ ਵੱਜਾ ਜਿਸ ਕਾਰਨ ਮੰਚ ਢਹਿ ਢੇਰੀ ਹੋ ਗਿਆ।


ਛੱਤ ਹੇਠਾਂ ਡਿੱਗ ਪਈ ਤੇ ਸਿਰ ਵਿੱਚ ਭਾਰੀ ਸ਼ਹਿਤੀਰ ਵੱਜਣ ਕਾਰਨ ਗਾਜ਼ੀ ਤੁਗਲਕ ਅਤੇ ਸ਼ਹਿਜ਼ਾਦੇ ਮਹਿਮੂਦ ਖਾਨ ਸਮੇਤ ਅਨੇਕਾਂ ਅਫਸਰ ਮੌਤ ਦੇ ਮੂੰਹ ਵਿੱਚ ਜਾ ਪਏ। ਸ਼ੇਖ ਨਿਜ਼ਾਮੁਦੀਨ ਔਲੀਆ ਨੂੰ ਖਤਮ ਕਰਨ ਦਾ ਸੁਪਨਾ ਦਿਲ ਵਿੱਚ ਲੈ ਕੇ ਉਹ ਪ੍ਰਲੋਕ ਸਿਧਾਰ ਗਿਆ ਤੇ ਵਾਕਿਆ ਹੀ ਉਸ ਲਈ ਦਿੱਲੀ ਦੂਰ ਰਹਿ ਗਈ।

# ਭਾਰਤੀ ਸਮਾਜ ਵਿੱਚ ਵਿਆਹ ਅਤੇ ਵਿਆਹ-ਬਾਹਰੇ ਸਬੰਧ



ਜਸਵੰਤ ਸਿੰਘ ਅਜੀਤ

ਕੁਝ ਹੀ ਸਮਾਂ ਹੋਇਐ ਸੁਪ੍ਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਵਿੱਚ 'ਲਿਵ-ਇਨ-ਰਿਲੇਸ਼ਨ' ਨੂੰ ਭਾਰਤੀ ਦੰਡ ਸਹਿੰਤਾ (ਆਈਪੀਸੀ) ਤਹਤ ਮਾੜੇ ਵਿਹਾਰ (ਬਲਾਤਕਾਰ) ਦੇ ਦਾਇਰੇ ਵਿਚੋਂ ਬਾਹਰ ਰਖਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਅਜਿਹਾ ਕਰਨ ਦਾ ਕਾਰਣ ਇਹ ਦਸਿਆ ਕਿ ਇਸਨੂੰ ਆਈਪੀਸੀ ਦੀ ਧਾਰਾ ੩੭੬ ਦੇ ਦਾਇਰੇ ਤੋਂ ਬਾਹਰ ਰਖਣ ਦਾ ਮਤਲਬ 'ਲਿਵ-ਇਨ-ਰਿਲੇਸ਼ਨ, ਨੂੰ 'ਸ਼ਾਦੀ' ਦਾ ਦਰਜਾ ਪ੍ਰਦਾਨ ਕਰਨਾ ਹੋਵੇਗਾ, ਜਦਕਿ ਵਿਧਾਇਕਾ (ਕਾਨੂੰਨ ਘਾੜਨੀ) ਨੇ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਇਹ ਗਲ ਇਥੇ ਵਰਣਨਯੋਗ ਹੈ ਕਿ ਸੁਪ੍ਰੀਮ ਕੋਰਟ ਨੇ ਸੰਨ-2009 ਵਿੱਚ 'ਲਿਵ-ਇਨ-ਰਿਲੇਸ਼ਨ' ਅਰਥਾਤ ਸਹਿ-ਜੀਵਨ ਸੰਸਥਾ ਨੂੰ ਕਾਨੂੰਨੀ ਪ੍ਰਵਾਨਗੀ ਦਿੱਤੀ ਸੀ, ਪ੍ਰੰਤੂ ਭਾਰਤੀ ਸਮਾਜ ਦੀ ਪਰੰਪਰਾ ਦੇ ਤਾਣੇ-ਬਾਣੇ ਵਿੱਚ ਇਸ ਰਿਸ਼ਤੇ ਨੂੰ ਅਜੇ ਤਕ ਪ੍ਰਵਾਨਗੀ ਨਹੀਂ ਮਿਲ ਪਾ ਰਹੀ। ਕਾਨੂੰਨਦਾਨਾਂ ਅਨੁਸਾਰ ਸੁਪ੍ਰੀਮ ਕੋਰਟ ਦੇ ਇਸ ਫੈਸਲੇ ਤੋਂ ਪਹਿਲਾਂ ਸੰਨ-2005 ਵਿੱਚ ਲਾਗੂ ਕੀਤਾ ਗਿਆ 'ਘਰੇਲੂ ਹਿੰਸਾ ਕਾਨੂੰਨ' ਸ਼ਾਇਦ ਪਹਿਲਾ ਅਜਿਹਾ ਕਾਨੂੰਨ ਸੀ, ਜੋ ਸਹਿ-ਜੀਵਨ ਦੇ ਰਿਸ਼ਤਿਆਂ ਨੂੰ ਸਵੀਕਾਰ ਕਰ, ਉਨ੍ਹਾਂ ਨੂੰ ਵੀ ਕਾਨੂੰਨੀ ਦਾਇਰੇ ਵਿੱਚ ਲਿਆਉਂਦਾ ਹੈ। ਕੜਵਾਹਟ ਭਰੇ ਦੌਰ ਵਿਚੋਂ ਗੁਜ਼ਰ ਰਹੇ ਸਾਡੇ ਸਮਾਜ ਵਿਚਲੇ 'ਇਨਸਾਨੀ (ਮਾਨਵੀ) ਸੰਬੰਧ' ਬਹੁਤ ਹੀ ਪ੍ਰਭਾਵਤ ਹੋ ਰਹੇ ਹਨ। ਮੈਟਰੋਪਾਲਿਨ ਸੰਸਕ੍ਰਿਤੀ ਨੇ 'ਲਿਵ-ਇਨ-ਰਿਲੇਸ਼ਨਸ਼ਿਪ' ਨੂੰ ਸਵੀਕਾਰਿਆ ਤਾਂ ਹੈ, ਪਰ ਬਦਲਦੇ ਹਾਲਾਤ ਵਿੱਚ ਇਹ ਰਿਸ਼ਤਾ ਇੱਕ ਸਵਾਲ ਬਣ ਕੇ ਰਹਿ ਗਿਆ ਹੋਇਆ ਹੈ।



ਸਹਿ-ਜੀਵਨ ਦਾ ਰਿਸ਼ਤਾ ਸਿਰਫ ਕਾਨੂੰਨੀ ਮਾਮਲਾ ਹੈ ਜਾਂ ਨੈਤਿਕਤਾ, ਸਮਾਜਕਤਾ ਦਾ ਵੀ? ਇਹ ਇੱਕ ਵਖਰਾ ਸੁਅਲ ਹੈ। ਭਾਰਤੀ ਸਮਾਜ ਦੀਆਂ ਮਾਨਤਾਵਾਂ ਅਨੁਸਾਰ ਤੀਵੀਂ ਅਤੇ ਮਰਦ ਇੱਕ-ਦੂਸਰੇ ਦੇ ਪੂਰਕ ਹਨ। ਇਸ ਪੂਰਨਤਾ ਨੂੰ ਅਧਾਰ ਅਤੇ ਸਹਾਰਾ ਦੇਣ ਲਈ 'ਵਿਆਹ' ਸੰਸਥਾ ਨੂੰ ਹੋਂਦ ਵਿੱਚ ਲਿਆਂਦਾ ਗਿਆ। ਵਿਆਹ ਦਾ ਭਾਵ ਦੋ ਵਿਰੋਧੀ ਲਿੰਗੀਆਂ ਦਾ ਸਮਾਜਕ ਅਤੇ ਕਾਨੂੰਨੀ ਮਾਨਤਾਵਾਂ ਦਾ ਪਾਲਣ ਕਰਦਿਆਂ ਨਾਲ ਰਹਿਣਾ ਹੀ ਨਹੀਂ, ਸਗੋਂ ਇਸ ਵਿੱਚਲੀਆਂ ਜ਼ਿਮੇਂਦਾਰੀਆਂ ਦਾ ਪਾਲਣ ਕਰਨਾ ਵੀ ਹੈ, ਜਿਸ ਵਿੱਚ ਤਿਆਗ, ਸਮਝੌਤੇ ਅਤੇ ਪਿਆਰ ਦੇ ਨਾਲ ਸਮਰਪਣ ਵੀ ਹੈ। ਪ੍ਰੰਤੂ ਭੌਤਿਕਤਾਵਾਦੀ ਦ੍ਰਿਸ਼ਟੀਕੋਣ, ਅੰਤਹੀਨ ਇਛਾਵਾਂ ਨੇ ਇਸ ਵਿਆਹ ਸੰਸਥਾ ਵਿੱਚ ਸੰਨ੍ਹ ਲਾ ਦਿੱਤੀ ਹੈ।

ਮੰਨਿਆ ਜਾਂਦਾ ਹੈ ਕਿ ਸਹਿ-ਜੀਵਨ ਵਿੱਚ ਇੱਕ ਆਪਾ-ਵਿਰੋਧੀ ਗਲ ਇਹ ਵੀ ਹੈ ਕਿ ਪਰੰਪਰਾਗਤ ਸੋਚ ਅਤੇ ਨਿਯਮਾਂ ਨੂੰ ਅਣਗੋਲਿਆਂ ਕਰ, ਇਸ ਵਿੱਚ ਤੀਵੀਂ ਅਤੇ ਮਰਦ ਬਿਨਾਂ ਵਿਆਹ ਕੀਤੇ ਇਕਠਿਆਂ ਰਹਿਣ ਦਾ ਕਦਮ ਚੁਕਦੇ ਹਨ, ਪ੍ਰੰਤੂ ਵੱਖ ਹੋਣ ਸਮੇਂ ਗੁਜ਼ਾਰੇ-ਭੱਤੇ ਦੀ ਮੰਗ, ਉਨ੍ਹਾਂ ਨੂੰ ਉਸੇ ਪਰੰਪਰਿਕ ਸ਼੍ਰੇਣੀ ਵਿੱਚ ਲਿਆ ਖੜਿਆਂ ਕਰਦੀ ਹੈ, ਜਿਸਨੂੰ ਛੱਡ ਉਨ੍ਹਾਂ ਨੇ ਸਹਿ-ਜੀਵਨ ਦੀ ਰਾਹ ਨੂੰ ਸਵੀਕਾਰ ਕੀਤਾ ਸੀ।

ਸੁਪ੍ਰੀਮ ਕੋਰਟ ਇੱਕ ਹੋਰ ਫੈਸਲਾ: ਦਸਿਆ ਗਿਆ ਹੈ ਕਿ ਸੁਪ੍ਰੀਮ ਕੋਰਟ ਵਲੋਂ 'ਲਿਵ-ਇਨ-ਰਿਲੇਸ਼ਨਸ਼ਿਪ' ਪੁਰ ਇੱਕ ਹੋਰ ਫੈਸਲਾ ਦਿੰਦਿਆਂ ਕਿਹਾ ਗਿਆ ਹੈ ਕਿ ਜੇ ਕੋਈ ਜੋੜਾ (ਤੀਵੀਂ-ਮਰਦ) ਵਿਆਹ ਕੀਤੇ ਬਿਨਾ ਇੱਕਠੇ ਪੱਤੀ-ਪਤਨੀ ਵਾਂਗ ਰਹਿ ਰਹੇ ਹਨ, ਤਾਂ ਦੋਵੇਂ ਕਾਨੂੰਨੀ ਰੂਪ ਵਿੱਚ ਸ਼ਾਦੀਸ਼ੁਦਾ ਮੰਨੇ ਜਾਣਗੇ। ਇਹ ਫੈਸਲਾ ਦਿੰਦਿਆਂ ਅਦਾਲਤ ਨੇ ਸਾਫ ਕੀਤਾ ਕਿ ਇਸ ਦੌਰਾਨ ਜੇ ਮਰਦ ਸਾਥੀ ਦੀ ਮੌਤ ਹੋ ਜਾਂਦੀ ਹੈ, ਤਾਂ ਉਸਦੀ ਤੀਵੀਂ ਸਾਥੀ

(ਬਾਕੀ ਸਫਾ 20 'ਤੇ)


# ਉਹ ਥਾਵਾਂ ਜਿੱਥੇ ਚੱਲਦੀਆਂ ਨੇ ਉਲਟੀਆਂ ਗੱਡੀਆਂ

ਦੁਨੀਆ 'ਚ ਕਈ ਥਾਵਾਂ ਆਪਣੀ ਕੁਦਰਤੀ ਖੂਬਸੂਰਤੀ ਲਈ ਜਾਣੀਆਂ ਜਾਂਦੀਆਂ ਹਨ ਤਾਂ ਕਈ ਥਾਵਾਂ ਰਹੱਸ ਲਈ ਪ੍ਰਸਿੱਧ ਹਨ। ਕੁਝ ਥਾਵਾਂ 'ਤੇ ਜ਼ੀਰੋ ਗ੍ਰੈਵਿਟੀ ਕੰਮ ਨਹੀਂ ਕਰਦੀ ਹੈ। ਜਿੱਥੇ ਗੱਡੀ ਬੰਦ ਰਹਿਣ 'ਤੇ ਗ੍ਰੈਵਿਟੀ ਦੇ ਉਲਟ ਚੱਲਣ ਲੱਗ ਜਾਂਦੀ ਹੈ। ਇਸ ਦੇ ਚੱਲਦੇ ਆਉਣ-ਜਾਣ ਵਾਲੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਮੌਕਿਆਂ 'ਤੇ ਗੱਡੀਆਂ ਨੂੰ ਉਲਟਾ ਦੌੜਦੇ ਹੋਇਆ ਦੇਖਿਆ ਜਾਂਦਾ ਹੈ ਤੇ ਗੱਡੀ ਬੰਦ ਹੋਣ 'ਤੇ ਰੁਕੀ ਨਹੀਂ ਰਹਿੰਦੀ ਹੈ। ਬਲਕਿ ਉਪਰ ਵੱਲ ਚੱਲਣ ਲੱਗ ਜਾਂਦੀ ਹੈ। ਵਿਗਿਆਨ ਦੇ ਲਈ ਵੱਡੀ ਪਹੇਲੀ ਹੈ, ਜੋ ਅੱਜ ਤਕ ਨਹੀਂ ਸੁਲਝੀ ਹੈ। ਇਸ ਵਿਸ਼ੇ 'ਤੇ ਡੂੰਘਾ ਅ-ਧਐਨ ਕੀਤਾ ਜਾ ਰਿਹਾ ਹੈ। ਭਾਰਤ 'ਚ ਵੀ ਇਕ ਥਾਂ ਤੁਲਸੀਸ਼ਾਮ ਹੈ। ਇਹ ਜਗ੍ਹਾ ਗੁਜਰਾਤ ਸੂਬੇ 'ਚ ਸਥਿਤ ਹੈ। ਤੁਲਸੀਸ਼ਾਮ ਗ੍ਰੈਵਿਟੀ ਵਿਰੋਧ ਲਈ ਜਾਣਾ ਜਾਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਤੁਲਸੀਸ਼ਾਮ ਪਹਾੜੀ 'ਤੇ ਗ੍ਰੈਵਿਟੀ ਕੰਮ ਨਹੀਂ ਕਰਦੀ ਹੈ। ਇਸ ਤੋਂ ਇਲਾਵਾ ਸਕਾਟਲੈਂਡ 'ਚ ਦਿ ਇਲੈਕਟ੍ਰਿਕ ਬੈ, ਅਮਰੀਕਾ 'ਚ



ਪ੍ਰੋਸੇਰ, ਆਸਟ੍ਰੇਲੀਆ 'ਚ ਬਲੈਕ ਰਾਕ ਚੇ ਕੈਲੀਫੋਰਨੀਆ 'ਚ ਕੰਫਯੂਜਨ ਹਿਲ ਐਂਟਰੀ ਗ੍ਰੈਵਿਟੀ ਲਈ ਪ੍ਰਸਿੱਧ ਹੈ।

**ਤੁਲਸੀਸ਼ਾਮ-** ਭਾਰਤ 'ਚ ਤੁਲਸੀਸ਼ਾਮ ਐਂਟੀ ਗ੍ਰੈਵਿਟੀ ਲਈ ਪ੍ਰਸਿੱਧ ਹੈ। ਇਸ ਬਾਰੇ ਲੋਕਾਂ ਦਾ ਕਹਿਣਾ ਹੈ ਕਿ ਤੁਲਸੀਸ਼ਾਮ ਦਾ ਰਸਤਾ ਸਵਰਗ ਵੱਲ ਜਾਂਦਾ ਹੈ।




ਅਜਿਹਾ ਲੱਗਦਾ ਹੈ ਕਿ ਕੋਈ ਸਾਨੂੰ ਉਪਰ ਵੱਲ ਖਿੱਚ ਰਿਹਾ ਹੈ। ਕਾਲੇ ਛਾਏ ਤੇ ਕਿਸੇ ਪ੍ਰਕਾਰ ਦੀ ਦਾਨਵ ਸ਼ਕਤੀ ਨੂੰ ਇਸ ਦਾ ਸਿਹਰਾ ਨਹੀਂ ਦਿੰਦੇ ਹਨ। ਹਾਲਾਂਕਿ ਇਸ ਘਟਨਾ ਪਿੱਛੇ ਦੀ ਪ੍ਰਮਾਣਿਕਤਾ ਦਾ ਹਾਲੇ ਤਕ ਪਤਾ ਨਹੀਂ ਲੱਗ ਸਕਿਆ ਕਿ ਇਸ ਤਰ੍ਹਾਂ ਕਿਉਂ ਹੁੰਦਾ ਹੈ।

**ਸਾਂਤਾ ਕਰੂਜ, ਕੈਲੀਫੋਰਨੀਆ-** ਇਸ ਜਗ੍ਹਾ ਦੀ ਖੋਜ ਸਾਲ 1939 'ਚ ਹੋਈ ਸੀ ਤੇ ਆਮ ਲੋਕਾਂ ਲਈ ਇਸ ਜਗ੍ਹਾ ਨੂੰ ਸਾਲ 1940 'ਚ ਖੋਲ੍ਹਿਆ ਗਿਆ ਸੀ। ਸਾਂਤਾ ਕਰੂਜ 'ਚ ਤੁਸੀਂ ਮਹਿਸੂਸ ਕਰੋਗੇ ਕਿ ਇੱਥੇ ਗ੍ਰੈਵਿਟੀ ਕੰਮ ਨਹੀਂ ਕਰਦਾ ਹੈ। 'ਚ ਅਜਿਹਾ ਦਿਖਦਾ ਹੈ ਜਿਵੇਂ ਚੀਜ਼ ਡਿੱਗਣ ਵਾਲੀ ਹੈ ਪਰ ਉਹ ਡਿੱਗਦੀ ਨਹੀਂ ਹੈ। ਜੇਕਰ ਕਿਸੇ ਬਾਲ ਨੂੰ ਲਟਕਾਇਆ ਜਾਂਦਾ ਹੈ ਉਹ ਹੇਠਾਂ ਜਾਣ ਦੀ ਬਜਾਏ ਉਪਰ ਆ ਜਾਂਦੀ ਹੈ।

**ਮੈਗਨੇਟਿਕ ਹਿਲ ਲੱਦਾਖ-** ਇਸ ਹਿਲ 'ਤੇ ਤੁਲਸੀਸ਼ਾਮ ਦੀ ਤਰ੍ਹਾਂ ਨੋ ਗ੍ਰੈਵਿਟੀ ਹੈ। ਜੇਕਰ ਗੱਡੀ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਹਿਲ 'ਤੇ ਗੱਡੀ ਹੇਠਾਂ ਜਾਣ ਦੀ ਬਜਾਏ ਉਪਰ ਚੱਲਣ ਲੱਗ ਜਾਂਦੀ ਹੈ। ਲੋਕਾਂ ਦਾ ਮੰਨਣਾ ਹੈ ਕਿ ਇਸ ਹਿਲ 'ਤੇ ਵੀ ਜ਼ੀਰੋ ਗ੍ਰੈਵਿਟੀ ਹੈ।

# ਸਵਿਟਜ਼ਰਲੈਂਡ ਦੀ ਤਰਜ਼ ਤੇ ਗੁਲਮਰਗ ਵਿਚ ਬਣਿਆ ਭਾਰਤ ਦਾ ਪਹਿਲਾ ਇਗਲੂ ਕੈਫੇ

ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿਚ ਧਰਤੀ ਦਾ ਸਵਰਗ ਕਹੇ ਜਾਣ ਵਾਲਾ ਇਕ ਖੂਬਸੂਰਤ ਜਿਹਾ ਹਿਲ ਸਟੇਸ਼ਨ ਹੈ ਗੁਲਮਰਗ। ਕਰੀਬ 2730 ਮੀਟਰ ਦੀ ਉਚਾਈ ਤੇ ਸਥਿਤ ਗੁਲਮਰਗ ਵਿਚ ਸਥਾਨਕ ਹੋਟਲ ਚਾਲਕਾਂ ਨੇ ਦੇਸ਼ ਦਾ ਪਹਿਲਾ ਇਗਲੂ ਕੈਫੇ ਬਣਾਇਆ ਹੈ। ਬਰਫ ਨਾਲ ਬਣਿਆ ਇਹ ਕੈਫੇ ਸੈਲਾਨੀਆਂ ਅਤੇ ਸਥਾਨਕ ਲੋਕਾਂ ਵਿਚ ਆਕਰਸ਼ਣ ਦਾ ਕੇਂਦਰ ਬਣ ਗਿਆ ਹੈ। ਸੈਲਾਨੀ ਇਸ ਇਗਲੂ ਦੀ ਫੋਟੋ ਸੋਸ਼ਲ ਮੀਡੀਆ ਤੇ ਸ਼ੇਅਰ ਕਰ ਰਹੇ ਹਨ। ਇਹ ਇਗਲੂ ਅੰਦਰ ਤੋਂ 22 ਫੁੱਟ ਚੌੜਾ ਅਤੇ 13 ਫੁੱਟ ਉੱਚਾ ਹੈ, ਜਦਕਿ ਬਾਹਰ ਤੋਂ ਇਸਦੀ ਚੌੜਾਈ 24 ਫੁੱਟ ਅਤੇ ਉਚਾਈ 15 ਫੁੱਟ ਹੈ।

ਇਸ ਇਗਲੂ ਨੂੰ ਬਣਾਉਣ ਵਾਲੇ ਵਸੀਮ ਸ਼ਾਹ ਦੱਸਦੇ ਹਨ ਕਿ ਇਹ ਕੈਫੇ ਬਣਾਉਣ ਦਾ ਵਿਚਾਰ ਮੈਨੂੰ ਸਵਿਟਜ਼ਰਲੈਂਡ ਦੌਰੇ ਦੌਰਾਨ ਆਇਆ, ਉਥੇ ਮੈਂ ਬਰਫ ਨਾਲ ਬਣੇ ਹੋਏ ਅਜਿਹੇ ਕਾਫੀ ਰੈਸਤਰਾ ਅਤੇ ਕੈਫੇ ਦੇਖੇ ਸਨ। ਉਸੇ ਵਕਤ ਮੈਂ ਤਹਿ ਕੀਤਾ ਕਿ ਗੁਲਮਰਗ ਵਿਚ ਵੀ ਸੈਲਾਨੀਆਂ ਦੇ ਲਈ ਅਜਿਹਾ ਹੀ ਇਕ ਕੈਫੇ ਤਿਆਰ ਕਰਾਂਗਾ। ਸ਼ੁਰੂ-ਆਤ ਵਿਚ ਵਸੀਮ ਨੇ ਆਪਣੇ ਘਰ ਵਿਚ ਇਕ ਛੋਟਾ ਜਿਹਾ ਇਗਲੂ ਬਣ-ਾਇਆ, ਇਸਨੂੰ ਦੇਖਣ ਵਾਲਿਆਂ ਨੇ ਕਾਫੀ ਸ਼ਲਾਘਾ



ਕੀਤੀ। ਇਸ ਤੋਂ ਬਾਅਦ ਉਹਨਾਂ ਨੇ ਗੁਲਮਰਗ ਵਿਚ ਵੱਡਾ ਇਗਲੂ ਕੈਫੇ ਬਣਾਉਣ ਦਾ ਕੰਮ ਆਰੰਭ ਕੀਤਾ। ਵਸੀਮ ਦੱਸਦਾ ਹੈ ਕਿ ਇਸ ਇਗਲੂ ਨੂੰ ਬਣਾਉਣ ਵਿਚ 20 ਕਰਮ-ਚਾਰੀਆਂ ਨੂੰ 15 ਦਿਨ ਦਾ ਵਕਤ ਲੱਗਿਆ। ਕਰਮਚਾਰੀਆਂ ਨੇ ਇਸ ਇਗਲੂ ਨੂੰ ਦੋ ਸ਼ਿਫਟਾਂ ਵਿਚ ਬਣਾਇਆ। ਇਸਨੂੰ ਬਣਾਉਣ ਦੇ ਲਈ ਬਰਫ ਨੂੰ ਦਬਾਅ ਕੇ ਵੱਡੀ ਇੱਟ ਦਾ ਆਕਾਰ ਦਿੱਤਾ, ਫਿਰ ਉਹਨਾਂ ਇੱਟਾਂ ਨੂੰ ਆਮ ਇੱਟਾਂ ਵਾਂਗ ਜੋੜ ਦਿੱਤਾ। ਪਰ ਸੀਮਿੰਟ ਦੇ ਬਦਲੇ ਕੇਵਲ ਬਰਫ ਦੀ ਵਰਤੋਂ ਕੀਤੀ ਗਈ। ਕੈਫੇ ਵਿਚ ਚਾਹੇ ਕੁਰਸੀ ਹੋਵੇ ਜਾਂ ਟੇਬਲ, ਸਭ ਕੁਝ ਬਰਫ ਦਾ ਬਣਿਆ ਹੈ। ਇਸ ਕੈਫੇ ਵਿਚ 4 ਟੇਬਲ ਲੱਗੇ ਹਨ, ਜਿੱਥੇ 16 ਲੋਕ ਆਰਾਮ ਨਾਲ ਬੈਠ ਕੇ ਖਾਣਾ ਖਾ ਸਕਦੇ ਹਨ। ਬਰਫ ਦੀਆਂ ਬਣੀਆਂ ਕੁਰਸੀਆਂ ਤੇ ਭੇਡ ਦੀ ਖੱਲ ਦਾ ਵਿਛੌਣਾ ਪਾਇਆ ਗਿਆ। ਇਸ ਇਗਲੂ ਵਿਚ ਆ ਕੇ ਲੋਕਾਂ ਨੂੰ ਉਹਨਾਂ ਪ੍ਰਾਚੀਨ ਲੋਕਾਂ ਦੀ ਜੀਵਨ ਸ਼ੈਲੀ ਦਾ ਅਹਿਸਾਸ ਹੁੰਦਾ ਹੈ, ਜੋ ਬਰਫੀਲੇ ਇਲਾਕੇ ਵਿਚ ਇਹਨਾਂ ਹੀ ਇਗਲੂਆਂ ਵਿਚ ਰਹਿੰਦੇ ਸਨ।

### ਤਾਪਮਾਨ ਦਾ ਅੰਤਰ

ਆਮ ਤੌਰ ਤੇ ਇਗਲੂ ਨੂੰ ਬਾਹਰ ਤੋਂ ਦੇਖਣ ਵਾਲੇ ਵਿਅਕਤੀ ਨੂੰ ਲੱਗਦਾ ਹੈ ਕਿ ਬਰਫ ਦੀ ਇਸ ਗੁੰਬਦ ਵਿਚ ਕਾਫੀ ਸਰਦੀ ਹੋਵੇਗੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਇਗਲੂ ਵਿਚ ਬਾਹਰ ਦੇ ਮੁਕਾਬਲੇ ਅੰਦਰ ਦਾ ਤਾ-ਪਮਾਨ ਜ਼ਿਆਦਾ ਹੁੰਦਾ ਹੇ। ਫਿਜੀਕਸ ਦੇ ਨਿਯਮਾਂ ਮੁਤਾਬਕ ਕੰਪ੍ਰੈਸਡ ਬਰਫ ਇੰਸੂਲਿਨ ਦਾ ਕੰਮ ਕਰਦੀ ਹੈ ਅਤੇ ਕਿਸੇ ਵੀ ਕਿਸਮ ਦੀ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੀ। ਇਹ ਇਗਲੂ ਬਾਹਰ ਤੋਂ ਆਉਣ ਵਾਲੀਆਂ ਸਰਦ ਹਵਾਵਾਂ ਤੋਂ ਵੀ ਬਚਾਉਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਅੰਦਰ ਦੀ ਗਰਮੀ ਅੰਦਰ ਰਹਿੰਦੀ ਹੈ ਅਤੇ ਬਾਹਰ ਦੀ ਸਰਦੀ ਬਾਹਰ। ਜੇਕਰ ਬਾਹਰ ਦਾ ਤਾਪਮਾਨ ਮਨਫ਼ੀ 10 ਡਿਗਰੀ ਹੁੰਦਾ ਹੈ ਤਾਂ ਅੰਦਰ ਦਾ ਤਾਪਮਾਨ 5 ਤੋਂ 10 ਡਿਗਰੀ ਵਿਚਕਾਰ ਰਹਿੰਦਾ ਹੈ।

# ਛੱਤਰੀ ਤੇ ਸਾਇਕਲ ਦੀ ਖਾਹਿਸ਼ ਨੂੰ ਯਾਦ ਕਰਦਿਆਂ



ਡਾ.ਨੌਰੰਗ ਸਿੰਘ ਮਾਂਗਟ
ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ

ਆਮ ਕਹਾਵਤ ਹੈ ਜੀਵੇ ਆਸਾ, ਮਰੇ ਨਿਰਾਸਾ। ਆਸ ਨਾਲ ਹੀ ਇਨਸਾਨ ਮਿਹਨਤ ਕਰਦਾ ਹੈ। ਕਿਸੇ ਦੀ ਖਾਹਿਸ਼ ਛੋਟੀ ਹੁੰਦੀ ਹੈ, ਕਿਸੇ ਦੀ ਵੱਡੀ। ਅੱਜ ਤੋਂ ਪੰਜ-ਛੇ ਦਹਾਕੇ ਪਹਿਲਾਂ ਛੋਟੇ ਹੁੰਦਿਆਂ ਮੇਰੀ ਖਾਹਿਸ਼ਹੁੰਦੀ ਸੀ ਛੱਤਰੀ ਤੇ ਸਾਇਕਲ। ਕਹਾਣੀ ਇਸ ਤਰ੍ਹਾਂ ਸੀ ਕਿ ਸਾਡੇ ਪਰਿਵਾਰ ਦਾ ਮੁੱਖ ਕਿੱਤਾ ਖੇਤੀ-ਬਾੜੀ ਸੀ। ਇਸ ਕਰਕੇ ਮੈਨੂੰ ਪੜ੍ਹਾਈ ਕਰਨ ਦੇ ਨਾਲ-ਨਾਲ ਖੇਤੀ ਵਿੱਚ ਵੀ ਹੱਥ ਵਟਾਉਣਾ ਪੈਂਦਾ ਸੀ।ਖੇਤੀ ਦੇ ਕੰਮਾਂ 'ਚੋਂ ਮੱਝਾਂ ਚਾਰਨੀਆਂ, ਪਸ਼ੂਆਂ ਲਈ ਪੱਠੇ ਵੱਢਣੇ ਆਦਿ ਤਾਂ ਸੌਖੇ ਲੱਗਦੇ ਸੀ। ਪਰ ਚਾਰ-ਪੰਜ ਕੰਮ ਬੇਹੱਦ ਮੁਸ਼ਕਲ ਸਨ ।

ਸਭ ਤੋਂ ਔਖਾ ਕੰਮ ਸੀ ਛੁੱਟੀਆਂ ਦੌਰਾਨ 10-11 ਦਿਨ ਲਗਾਤਾਰ ਰੋਜ਼ਾਨਾ 9-10 ਘੰਟੇ ਕੜੱਕਦੀ ਧੁੱਪ ਵਿੱਚ ਦਾਤੀਆਂ ਨਾਲ ਕਣਕ (ਹਾੜੀ) ਵੱਢਣੀ। ਕਣਕ ਵੱਢਣ ਸਮੇਂ ਇੱਕ ਤਾਂ ਧੁੱਪ ਬੁਰਾ ਹਾਲ ਕਰਦੀ ਸੀ । ਦੂਜਾ ਜਿਹੜਾ ਮਿੱਟੀ-ਘੱਟਾ ਮੂੰਹ-ਗਰਦਨ 'ਤੇ ਪੈ ਜਾਂਦਾ ਸੀ, ਉਹ ਬਹੁਤ ਤੰਗ ਕਰਦਾ ਸੀ। ਘਰ ਤੋਂ ਦੂਰ ਖੇਤਾਂ ਵਿੱਚ ਕਣਕ ਵੱਢਦਿਆਂ ਪਾਣੀ ਪੀਣ ਨੂੰ ਵੀ ਤਰਸ ਜਾਈਦਾ ਸੀ। ਉਸ ਸਮੇਂ ਦੇ ਪ੍ਰਬੰਧਾਂ ਮੁਤਾਬਕ ਹਾੜੀ ਦੀ ਵਾਢੀ 'ਚ ਸਾਡੇ ਨੇੜੇ-ਤੇੜੇ ਜਮੀਨਾਂ ਵਾਲੇ 10-12 ਪਰਿਵਾਰਾਂ ਦੇ ਕਣਕ ਵੱਢਦੇ ਬੰਦਿਆਂ ਨੂੰ ਨਿਹਾਲੀ ਤਾਈ (ਝਿਉਰੀ) ਪਾਣੀ ਪਿਲਾਉਂਦੀ ਹੁੰਦੀ ਸੀ। ਉਸਨੇ ਸਿਰ 'ਤੇ ਪਾਣੀ ਦਾ ਘੜਾ ਰੱਖਿਆ ਹੁੰਦਾ ਸੀ। ਜਿੱਥੇ-ਜਿੱਥੇ ਵੀ ਕੋਈ ਕਣਕ ਵੱਢਦਾ ਹੁੰਦਾ ਸੀ ਉੱਥੇ ਹੀ ਖੇਤਾਂ ਵਿੱਚ ਜਾ ਕੇ ਪਾਣੀ ਪਿਲਾਈ ਜਾਂਦੀ ਸੀ। ਕਈ ਵਾਰ ਜਦੋਂ ਉਸ ਨੂੰ ਜ਼ਿਆਦਾ ਦੇਰ ਹੋ ਜਾਣੀ ਤਾਂ ਪਿਆਸ ਨਾਲ ਮੂੰਹ ਸੁੱਕਣ ਲੱਗ ਜਾਣਾ। ਫਿਰ ਉੱਠ-ਉੱਠ ਕੇ ਦੇਖਣਾ ਕਿ ਘੜੇ ਵਾਲੀ ਤਾਈ ਕਿੱਥੇ ਕੁ ਆ ਰਹੀ ਹੈ।

ਦੂਜਾ ਸਖ਼ਤ ਕੰਮ ਸੀਜੇਠ-ਹਾੜ (ਮਈ-ਜੂਨ) ਦੇ ਮਹੀਨੇ ਕਣਕ ਦੀ ਗਹਾਈ ਲਈ ਫਲ੍ਹਾ ਹੱਕਣਾ ਅਤੇ ਫਿਰ



ਮਸ਼ੀਨੀ ਯੁੱਗ ਆਉਣ ਤੋਂ ਬਾਅਦ ਕਣਕ ਕੱਢਣ ਲਈ ਥਰੈਸ਼ਰ ਤੇ ਕੰਮ ਕਰਨਾ । ਤੀਜਾਔਖਾ ਕੰਮ ਸੀ ਗਰਮੀਆਂ ਵਿੱਚ ਪਿੰਡ ਦੀਆਂ ਰੂੜੀਆਂ 'ਚੋਂ ਪਸ਼ੂਆਂ ਦੇ ਗ਼ਲੇ-ਸੜੇ ਗੋਹੇ ਦੀ ਖਾਦਲਿਜਾ ਕੇ ਖੇਤਾਂ ਵਿੱਚ ਪਾਉਣੀ । ਚੌਥਾ ਕਰੜਾ ਕੰਮ ਸੀ ਸਾਉਣ-ਭਾਦੋਂ ਦੀ ਧੁੱਪ ਵਿੱਚ ਮੱਕੀ, ਕਪਾਹ ਅਤੇ ਕਮਾਦ ਦੀ ਗੁਡਾਈ ਕਰਨੀ । ਪੰਜਵਾਂਅਤੀ ਕਠਿਨ ਕੰਮ ਸੀ ਸਉਣ-ਭਾਦੋਂ 'ਚ ਮੱਕੀ ਤੇ ਕਪਾਹ 'ਚੋਂ ਕੱਖ ਕੱਢਣੇ ।ਅਜਿਹੇ ਔਖੇ ਕੰਮ ਕਰਦਿਆਂ ਪਸੀਨੇ ਨਾਲ ਭਿੱਜੇ ਨੂੰ ਇਹ ਪੰਕਤੀਆ ਅਕਸਰ ਹੀ ਯਾਦ ਆਉਂਦੀਆਂ: ਉਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰ੍ਹੀ ਨੂੰ ਜਾਵੇ" ਅਤੇ ਉਭਾਦੋਂ ਦਾ ਭਜਾਇਆ ਜੱਟ ਸਾਧ ਹੋ ਗਿਆ"। ਇਸ ਧੁੱਪ ਤੇ ਗਰਮੀ ਦੇ ਸਤਾਏ ਹੋਏ ਨੇ ਮੈਂ ਵੀ ਪ੍ਰਮ-ਾਤਮਾ ਅੱਗੇ ਅਕਸਰ ਅਰਦਾਸ ਕਰਨੀ ਕਿ ਹੇ ਮਾਲਕ ਇਸ ਜੂਨ 'ਚੋਂ ਕੱਢ ਕੇ ਕੋਈ ਸੌਖਾ ਕੰਮ ਦੇ ਦੇ।

ਅ ੱ ਗ ਵਰ੍ਹਦੀ ਧੁੱਪ ਵਿੱਚ ਖੇਤਾਂ 'ਚ ਕੰਮ ਕਰਦਿਆਂ ਜਦੋਂ ਕਿਸੇ ਪੜ੍ਹੇ-ਲਿਖੇ ਜਾਂ ਹੋਰ ਦਾਨੇ ਪੁਰਸ਼ ਨੂੰ ਸਾਇਕਲ 'ਤੇ ਜਾਂ ਧੁੱਪ ਤੋਂ ਬਚਣ ਲਈ ਛੱਤਰੀ ਲੈ ਕੇ ਜਾਂਦਿਆਂ ਵੇਖਣਾ ਤਾਂ ਮਨ ਵਿੱਚ ਇੱਛਾ ਪੈਦਾ ਹੋਣੀ ਕਿ ਕੀ ਮੇਰੇ ਕੋਲ ਵੀ ਕਦੇ ਇਸ ਤਰ੍ਹਾਂ ਸਾਇਕਲ, ਛੱਤਰੀ ਹੋਣਗੇ? ਕੀਮੇਰੀ ਭਵਿੱਖਤ ਜ਼ਿੰਦਗੀ ਵੀ ਇਹਨਾਂ ਦਾਨੇ ਵਿਅਕਤੀਆਂ ਵਰਗੀ ਅਰਾਮਦਾਇਕ ਹੋਵੇਗੀ?

ਉਸ ਸਮੇਂ ਛੱਤਰੀ ਦੀ ਕੀਮਤ ਤਕਰੀਬਨ ਪੰਜ-ਛੇ ਰੁਪਏ, ਨਵੇਂ ਸਾਇਕਲ ਦੀ ਕੀਮਤ ਡੇਢ ਕੁ ਸੌ ਰੁਪਏ ਅਤੇ ਪੁਰਾਣੇ ਦੀ 60-70 ਰੁਪਏ ਹੁੰਦੀ ਸੀ। ਬੇਸ਼ੱਕ ਸਮੇਂ ਦੇ ਨਾਲ ਂ.ਸ਼ਚ. ਫਹ.ਧ. ਕਰਨ ਤੋਂ ਬਾਅਦ ਪੀ. ਏ. ਯੂ ਲੁਧਿਆਣਾ ਅਤੇ ਉਸ ਤੋਂ ਬਾਅਦ ਕੈਨੇਡਾ ਵਿੱਚ ਪ੍ਰੋਫ਼ੈਸਰ-ਸਾਇੰਸਦਾਨ ਦੀ ਨੌਕਰੀ ਕਰਦਿਆਂ ਖਾਹਿਸ਼ਾਂ ਵੀ ਬਦਲਦੀਆਂ ਗਈਆਂ। ਪਰ ਛੋਟੇ ਹੁੰਦਿਆਂ ਧੁੱਪੇ ਖੇਤਾਂ 'ਚ ਕੰਮ ਕਰਨ ਵੇਲੇ ਮਨ ਚ' ਉੱਠਦੀ ਛੱਤਰੀ ਤੇ ਸਾਇਕਲ ਦੀ ਖਾਹਿਸ਼ ਅੱਜ ਵੀ ਮੇਰੇ ਜਿਹਨ ਵਿੱਚ ਜਿਉਂ ਦੀ ਤਿਉਂ ਤਾਜਾ ਹੈ।

# ਪਵਿੱਤਰ ਗੰਗਾ ਜਲ ਲੈ ਕੇ ਆ ਰਹੇ ਕਾਂਬੜੀਆਂ ਦੀ ਸੇਵਾ ਲਈ ਧਨੌਲਾ 'ਚ ਲੱਗੇ ਸ਼ਿਵਰ

ਧਨੌਲਾ ਮੰਡੀ/ (ਸੰਜੀਵ ਗਰਗ ਕਾਲੀ)- ਸਿਵਰਾਤਰੀ ਦੇ ਤਿਉਹਾਰ ਮੌਕੇ ਗਊ ਮੁੱਖ ਤੇ ਹਰੀਦੁਆਰ ਤੋਂ ਗੰਗਾ ਜਲ ਲੈ ਕੇ ਆਉਂਣ ਵਾਲੇ ਸਿਵ ਭਗਤਾਂ ਲਈ ਪੂਰੇ ਰਸਤਿਆਂ 'ਚ ਥਾਂ ਥਾਂ ਤੇ ਕਾਂਬੜੀਆਂ ਦੀ ਸੇਵਾ ਲਈ ਸਿਵਰ ਲਾਏ ਜਾਂਦੇ ਹਨ ਇਸ ਲੜੀ ਤਹਿਤ ਏਕ ਪਸ਼ਾਰਾ ਕਲੱਬ ਵੱਲੋਂ ਸਰਵ ਸਾਂਝਾ ਦਰਬਾਰ ਦੇ ਮੁੱਖ ਸੇਵਾਦਾਰ ਹਰਵਿੰਦਰ ਸਿੰਘ ਹਿੰਦੀ ਬਾਬਾ, ਕਰਨਵੀਰ ਗੋਲੂ, ਸੋਨੂੰ ਤੇ ਸਮੂਹ ਕਲੱਬ ਮੈਂਬਰਾਂ ਵੱਲੋ ਨਗਰ





ਨਿਵਾਸੀਆਂ ਦੇ ਸਹਿਯੋਗ ਨਾਲ ਗਊਸਾਲਾ ਧਨੌਲਾ 'ਚ ਸਿਵਰ ਲਾਇਆ ਗਿਆ ਹੈ ਤੇ ਦੂਸਰਾ ਸਿਵਰ ਬੱਸ ਸਟੈਂਡ ਨੇੜੇ ਮਹਾਂਵੀਰ ਕਾਂਬੜ ਸੰਘ ਵੱਲੋ ਪੰਕਜ ਕੁਮਾਰ, ਮਨੋਜ ਕੁਮਾਰ, ਲੇਖ ਰਾਜ, ਹਰਿੰਦਰ ਕੁਮਾਰ, ਆਦਿ ਭਗਤਾਂ ਵੱਲੋਂ ਲਾਇਆ ਗਿਆ ਹੈ। ਇਸ ਲੱਗੇ ਸਿਵਰਾਂ ਦੌਰਾਨ ਪੰਡਤ ਚੁੰਨੀ ਲਾਲ ਤੇ ਨਵਦੀਪ ਸਾਸਤਰੀ ਵੱਲੋਂ ਪੂਜਾ ਕਰਵਾਈ ਗਈ। ਸਹਿਰ ਵਾਸੀਆਂ ਨੇ ਆਪਣੀ ਆਪਣੀ ਹਾਜਰੀ ਲਵਾਈ ਮਹਿਲਾ ਸੰਕੀਰਤਨ ਮੰਡਲ ਵੱਲੋ ਕੀਰਤਨ ਕੀਤਾ ਗਿਆ।




# ਸਿਰਫ਼ ਮੋਟਾਪਾ ਹੀ ਨਹੀਂ ਹੋਰ ਵੀ ਕਾਰਨਾਂ ਕਰਕੇ ਫੁੱਲਦਾ ਹੈ ਪੇਟ

ਮੋਟਾਪਾ ਬਹੁਤ ਵੱਡੀ ਸਮੱਸਿਆ ਹੈ ਜੋ ਨਾ ਸਿਰਫ਼ ਦੇਖਣ 'ਚ ਬੁਰਾ ਲੱਗਦਾ ਹੈ ਬਲਕਿ ਸਾਡੀ ਸਿਹਤ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੁਝ ਲੋਕ ਮੋਟਾਪੇ ਤੋਂ ਨਹੀਂ ਬਲਕਿ ਮੋਟੇ ਪੇਟ ਤੋਂ ਪਰੇਸ਼ਾਨ ਰਹਿੰਦੇ ਹਨ। ਪੇਟ ਦਾ ਫੁੱਲਣਾ ਮੋਟਾਪਾ ਨਹੀਂ ਬਲਕਿ ਪੇਟ 'ਚ ਮੌਜੂਦ ਗੈਸ ਹੈ, ਜਿਸ ਕਾਰਨ ਪੇਟ ਦਾ ਆਕਾਰ ਵੱਡਾ ਲੱਗਦਾ ਹੈ।

ਆਮ ਤੌਰ 'ਤੇ ਖਾਣਾ ਖਾਣ ਤੋਂ ਬਾਅਦ ਪੇਟ ਫੁੱਲਿਆ ਹੋਇਆ ਮਹਿਸੂਸ ਹੁੰਦਾ ਹੈ। ਇਹ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਛੋਟੀ ਅੰਤੜੀ ਅੰਦਰ ਗੈਸ ਭਰ ਜਾਂਦੀ ਹੈ। ਪੇਟ ਫੁੱਲਣ ਦੀ ਸਮੱਸਿਆ ਦਾ ਸਿੱਧਾ ਸਬੰਧ ਪਾਚਨ ਕਿਰਿਆ 'ਚ ਗੜਬੜੀ ਹੋ ਸਕਦਾ ਹੈ। ਕੁਝ ਲੋਕ ਇਸ ਪਰੇਸ਼ਾਨੀ ਨੂੰ ਆਮ ਸਮੱਸਿਆ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਿਸ ਕਾਰਨ ਇਹ ਗੰਭੀਰ ਬਿਮਾਰੀ ਬਣ ਜਾਂਦੀ ਹੈ। ਆਓ ਜਾਣਦੇ ਹਾਂ ਕਿ ਪੇਟ ਫੁੱਲਣ ਦੀ ਸਮੱਸਿਆ ਕੀ ਹੈ? ਉਸਦੇ ਲੱਛਣ ਕਿਹੜੇ-ਕਿਹੜੇ ਹਨ? ਇਸਦਾ ਇਲਾਜ ਕਿਵੇਂ ਕਰੀਏ।

**ਪੇਟ ਫੁੱਲਣਾ ਕੀ ਹੈ?**

ਆਮ ਤੌਰ 'ਤੇ ਪੇਟ ਫੁੱਲਣ ਦਾ ਕਾਰਨ ਪੇਟ 'ਚ ਬਣਨ ਵਾਲੀ ਗੈਸ ਹੁੰਦੀ ਹੈ। ਜਿਸ ਨਾਲ ਪੇਟ ਦਾ ਆਕਾਰ ਵੱਧਣ ਲੱਗਦਾ ਹੈ। ਇਸਨੂੰ ਪੇਟ ਦੀ ਸੋਜ ਵੀ ਕਹਿੰਦੇ ਹਨ। ਆਮ ਤੌਰ 'ਤੇ ਖਾਣਾ ਖਾਣ ਤੋਂ ਬਾਅਦ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ।

**ਪੇਟ ਕਿਉਂ ਫੁੱਲਦਾ ਹੈ?**

ਡਾਈਟ 'ਚ ਅਜਿਹੀਆਂ ਚੀਜ਼ਾਂ ਸ਼ਾਮਿਲ ਕਰਨੀਆਂ ਜੋ ਪੇਟ 'ਚ ਗੈਸ ਦਾ ਕਾਰਨ ਬਣ ਸਕਦੀਆਂ ਹਨ, ਉਸ ਕਾਰਨ ਪੇਟ ਫੁੱਲਣ ਦੀ ਸਮੱਸਿਆ ਪੈਦਾ ਹੁੰਦੀ ਹੈ, ਇਹ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਛੋਟੀ ਅੰਤੜੀ ਅੰਦਰ ਗੈਸ ਭਰ ਜਾਂਦੀ ਹੈ।

**ਪੇਟ ਫੁੱਲਣ ਦੇ ਕਾਰਨ**

ਬਲੋਟਿੰਗ ਕਈ ਕਾਰਨਾਂ ਨਾਲ ਹੋ ਸਕਦੀ ਹੈ, ਜਿਵੇਂ ਲਾਈਫ-ਸਟਾਈਲ 'ਚ ਗੜਬੜੀ, ਹਾਰਮੋਨਲ, ਅਸੰਤੁਲਨ, ਬਾਸੀ



ਭੋਜਨ ਦਾ ਸੇਵਨ, ਪੇਟ 'ਚ ਪਾਣੀ ਜਾਂ ਫਲੂਇਡ ਦਾ ਭਰ ਜਾਣਾ, ਕਬਜ, ਜ਼ਿਆਦਾ ਦੇਰ ਤਕ ਭੁੱਖੇ ਜਾਂ ਫਿਰ ਕਈ ਘੰਟੇ ਇਕ ਹੀ ਥਾਂ 'ਤੇ ਬੈਠੇ ਰਹਿਣਾ, ਪੀਰੀਅਡਸ ਆਉਣ 'ਤੇ ਸਰੀਰ 'ਚ ਹੋਣ ਵਾਲੇ ਬਦਲਾਅ ਵੀ ਪੇਟ ਦੇ ਫੁੱਲਣ ਦਾ ਕਾਰਨ ਬਣਦੇ ਹਨ। ਇਸਤੋਂ ਇਲਾਵਾ ਦਵਾਈਆਂ ਦਾ ਵੱਧ ਸੇਵਨ ਜਾਂ ਹੋਰ ਵੀ ਬਹੁਤ ਸਾਰੇ ਕਾਰਨ ਹਨ, ਜੋ ਬਲੋਟਿੰਗ ਦੇ ਕਾਰਨ ਹਨ। ਖਾਣੇ ਦੇ ਨਾਲ ਪਾਣੀ ਪੀਣਾ ਪੇਟ ਫੁੱਲਣ ਦਾ ਸਭ ਤੋਂ ਵੱਡਾ ਕਾਰਨ ਹੈ। ਅਕਸਰ ਲੋਕ ਖਾਣਾ ਖਾਣ ਦੇ ਨਾਲ-ਨਾਲ ਪਾਣੀ ਪੀਂਦੇ ਰਹਿੰਦੇ ਹਨ। ਇਹ ਆਦਤ ਵੀ ਗੈਸ ਜ਼ਿਆਦਾ ਬਣਨ ਅਤੇ ਬਲੋਟਿੰਗ ਦੀ ਸਮੱਸਿਆ ਲਈ ਜ਼ਿੰਮੇਵਾਰ ਹੋ ਸਕਦੀ ਹੈ। ਇਸ ਲਈ ਖਾਣਾ ਖਾਂਦੇ ਸਮੇਂ ਜਾਂ ਇਸਤੋਂ ਤੁਰੰਤ ਬਾਅਦ ਪਾਣੀ ਨਾ ਪੀਓ।

**ਪੇਟ ਫੁੱਲਣ ਦੇ ਲੱਛਣ**

ਪੇਟ ਫੁੱਲਣ ਦੀ ਬਿਮਾਰੀ 'ਚ ਸਭ ਤੋਂ ਆਮ ਲੱਛਣ ਬੇਚੈਨੀ ਹੋਣਾ ਅਤੇ ਪੇਟ ਦਾ ਭਰਿਆ ਹੋਇਆ ਮਹਿਸੂਸ ਹੋਣਾ ਹੁੰਦਾ ਹੈ। ਘਬਰਾਹਟ, ਬੇਚੈਨੀ, ਪੇਟ 'ਚ ਦਰਦ, ਕਬਜ਼ ਜਾਂ ਦਸਤ, ਭਾਰ ਘੱਟਣਾ, ਥਕਾਨ, ਤੇਜ ਸਿਰ ਦਰਦ ਜਾਂ ਕਮਜ਼ੋਰੀ, ਵਾਰ-ਵਾਰ ਗੈਸ ਬਣਨਾ, ਗੈਸ ਨਿਕਲਣ 'ਤੇ ਬਦਬੂ ਆਉਣਾ, ਪੇਟ ਫੁੱਲਣਾ ਅਤੇ ਖੱਟੇ ਡਕਾਰ ਆਉਣਾ, ਉਲਟੀ ਜਿਹਾ ਮਹਿਸੂਸ ਹੋਣਾ, ਭੁੱਖ ਘੱਟ ਲੱਗਣਾ, ਲਗਾਤਾਰ ਹਿਚਕੀ ਆਉਣਾ, ਪੇਟ 'ਚ ਚੀਸ ਪੈਣਾ, ਕਦੇ-ਕਦੇ ਬੁਖ਼ਾਰ ਆਉਣਾ ਆਦਿ ਹਨ।

**ਪੇਟ ਫੁੱਲਣ ਦੀ ਸਮੱਸਿਆ ਤੋਂ ਬਚਣ ਦੇ ਉਪਾਅ**

* ਰੋਜ਼ਾਨਾ ਘੱਟ ਤੋਂ ਘੱਟ ਅੱਠ-ਦਸ ਗਿਲਾਸ ਪਾਣੀ ਜ਼ਰੂਰ ਪੀਓ। ਇਸ ਨਾਲ ਪਾਚਨ ਤੰਤਰ ਚੰਗੀ ਤਰ੍ਹਾਂ ਕੰਮ ਕਰੇਗਾ ਅਤੇ ਕਬਜ਼ ਦੀ ਸਮੱਸਿਆ ਨਹੀਂ ਹੋਵੇਗੀ।
* ਤਲ਼ੀਆਂ ਤੇ ਮਿਰਚ-ਮਸਾਲੇ ਵਾਲੀਆਂ ਚੀਜ਼ਾਂ ਖਾਣ ਤੋਂ ਦੂਰੀ ਬਣਾ ਕੇ ਰੱਖੋ। ਨਾਲ ਹੀ ਨੋਟ ਕਰੋ ਕਿ ਕਿਹੜੀਆਂ ਚੀਜ਼ਾਂ ਖਾਣ ਨਾਲ ਤੁਹਾਨੂੰ ਪੇਟ 'ਚ ਜਲਣ ਤੇ ਗੈਸ ਹੁੰਦੀ ਹੈ।
* ਜੰਕ ਫੂਡ ਤੋਂ ਦੂਰੀ ਬਣਾ ਕੇ ਰੱਖੋ।
* ਸ਼ਰਾਬ ਸਿਗਰਟ ਅਤੇ ਤੰਬਾਕੂ ਦਾ ਸੇਵਨ ਬਿਲਕੁੱਲ ਨਾ ਕਰੋ। ਇਹ ਸਾਡੇ ਪਾਚਨ ਤੰਤਰ ਨੂੰ ਖ਼ਰਾਬ ਕਰਦੇ ਹਨ, ਜਿਸ ਨਾਲ ਗੈਸ ਅਤੇ ਐਸੀਡਿਟੀ ਬਣਦੀ ਹੈ।
* ਚਾਹ-ਕੌਫੀ ਦਾ ਸੇਵਨ ਘੱਟ ਤੋਂ ਘੱਟ ਕਰੋ। ਇਨ੍ਹਾਂ ਦੀ ਤਸੀਰ ਗਰਮ ਹੁੰਦੀ ਹੈ, ਜਿਸ ਕਾਰਨ ਪੇਟ 'ਚ ਜਲਣ ਹੁੰਦੀ ਹੈ।
* ਪ੍ਰਤੀਦਿਨ ਘੱਟ ਤੋਂ ਘੱਟ 20-25 ਮਿੰਟ ਯੋਗਾਸਨ ਜ਼ਰੂਰ ਕਰੋ। ਇਸ ਨਾਲ ਪੇਟ ਦੇ ਅੰਦਰੂਨੀ ਅੰਗ ਸਹੀ ਤਰੀਕੇ ਨਾਲ ਕੰਮ ਕਰਦੇ ਹਨ।
* ਰਾਤ ਨੂੰ ਖਾਣਾ ਖਾਣ ਤੋਂ ਬਾਅਦ ਕੁਝ ਦੇਰ ਜ਼ਰੂਰ ਟਹਿਲੋ। ਇਸ ਨਾਲ ਪਾਚਨ ਤੰਤਰ ਠੀਕ ਰਹਿੰਦਾ ਹੈ ਅਤੇ ਭੋਜਨ ਵੀ ਜਲਦੀ ਹਜ਼ਮ ਹੋ ਜਾਂਦਾ ਹੈ।
* ਕਾਰਬੋਹਾਈਡ੍ਰੇਟਸ ਡ੍ਰਿੰਕਸ ਅਤੇ ਵਾਈਨ ਨਾ ਪੀਓ, ਇਹ ਕਾਰਬਨ-ਡਾਈਆਕਸਾਈਡ ਛੱਡਦੀਆਂ ਹਨ।
* ਪਾਈਪ ਰਾਹੀਂ ਕੋਈ ਚੀਜ਼ ਨਾ ਪੀਓ ਬਲਕਿ ਸਿੱਧਾ ਗਿਲਾਸ ਨਾਲ ਪੀਓ।
* ਤਣਾਅ ਵੀ ਗੈਸ ਬਣਨ ਦਾ ਇਕ ਪ੍ਰਮੁੱਖ ਕਾਰਨ ਹੈ, ਇਸਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰੋ।
* ਖਾਣਾ ਹੌਲੀ-ਹੌਲੀ ਚਬਾ-ਚਬਾ ਕੇ ਖਾਓ।
* ਦਿਨ 'ਚ ਤਿੰਨ ਵਾਰ ਦੀ ਥਾਂ ਕੁਝ-ਕੁਝ ਘੰਟਿਆਂ ਦੇ ਅੰਤਰਾਲ 'ਤੇ ਮਿਨੀ ਮੀਲ ਖਾ ਕੇ ਤੁਰੰਤ ਨਾ ਸੋਵੋ।

# ਜ਼ਿਆਦਾ ਮਿੱਠਾ ਖਾਣ ਨਾਲ ਇਮਿਊਨਿਟੀ ਹੋ ਸਕਦੀ ਹੈ ਕਮਜ਼ੋਰ

ਕੋਰੋਨਾ ਮਹਾਮਾਰੀ ਦੇ ਇਸ ਦੌਰ ਵਿਚ ਜ਼ਿਆਦਾ ਮਿੱਠਾ ਖਾਣ ਨਾਲ ਤੁਹਾਡਾ ਜੀਵਨ ਖ਼ਤਰੇ ਵਿਚ ਪੈ ਸਕਦਾ ਹੈ। ਇਕ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਅਤਿ-ਅਧਿਕ ਮਿੱਠੀਆਂ ਚੀਜ਼ਾਂ ਦੀ ਵਰਤੋਂ ਕਰਨ ਨਾਲ ਤੁਹਾਡਾ ਇਮਿਊਨ ਸਿਸਟਮ ਗੜਬੜਾ ਸਕਦਾ ਹੈ। ਲੰਡਨ ਸਥਿਤ ਯੂਨੀਵਰਸਿਟੀ ਆਫ ਬ੍ਰਿਸਟਲ ਅਤੇ ਫਰਾਂਸਿਸ ਕ੍ਰਿਕ ਇੰਸਟੀਚਿਊਟ ਦੇ ਵਿਗਿਆਨੀਆਂ ਵੱਲੋਂ ਕੀਤੀ ਗਈ ਇਹ ਖੋਜ ਨੇਚਰ ਕਮਿਊਨੀਕੇਸ਼ਨ ਨਾਮਕ ਜਰਨਲ ਵਿਚ ਪ੍ਰਕਾਸ਼ਿਤ ਹੋਈ ਹੈ। ਆਮ ਤੌਰ 'ਤੇ ਮਿੱਠੇ ਖਾਣ ਵਾਲੇ ਪਦਾਰਥ ਜਿਵੇਂ ਮਠਿਆਈ ਅਤੇ ਪ੍ਰਸੰਸਕ੍ਰਿਤ ਖਾਧ ਪਦਾਰਥਾਂ ਵਿਚ ਫ੍ਰਕਟੋਜ਼ ਪਾਇਆ ਜਾਂਦਾ ਹੈ।



ਜੇਕਰ ਸਰੀਰ ਵਿਚ ਇਸ ਦੀ ਮਾਤਰਾ ਜ਼ਿਆਦਾ ਹੈ ਤਾਂ ਵਿਅਕਤੀ ਮੋਟਾਪੇ, ਟਾਇਪ-2 ਡਾਇਬਟੀਜ਼ ਅਤੇ ਨਾਨ ਐਲਕੋਹਲਿਕ ਫੈਟੀ ਲੀਵਰ ਬਿਮਾਰੀਆਂ ਤੋਂ ਪੀੜਤ ਹੋ ਸਕਦਾ ਹੈ। ਚਿੰਤਾਜਨਕ ਪਹਿਲੂ ਇਹ ਹੈ ਕਿ ਪੂਰੀ ਦੂਨੀਆ ਵਿਚ ਇਸ ਦੀ ਵਰਤੋਂ ਵੱਧ ਰਹੀ ਹੈ। ਹੁਣ ਤਕ ਸਰੀਰ ਵਿਚ ਫ੍ਰਕਟੋਜ਼ ਦੇ ਉੱਚੇ ਪੱਧਰ ਕਾਰਨ ਇਮਿਊਨਿਟੀ ਸਿਸਟਮ 'ਤੇ ਪੈਣ ਵਾਲੇ ਫਰਕ ਨੂੰ ਲੈ ਕੇ ਅਧਿਐਨ ਬਹੁਤ ਸੀਮਤ ਰਿਹਾ ਹੈ। ਨਵੀਂ ਖੋਜ ਤੋਂ ਪਤਾ ਲੱਗਦਾ ਹੈ ਕਿ ਫ੍ਰਕਟੋਜ਼ ਦਾ ਵੱਡਾ ਪੱਧਰ ਇਮਿਊਨਿਟੀ ਸਿਸਟਮ ਵਿਚ ਸੋਜਿਸ਼ ਦਾ ਕਾਰਨ ਬਣਦਾ ਹੈ ਜਿਸ ਨਾਲ ਸੋਜਿਸ਼ ਨਾਲ ਜੁੜੇ ਜ਼ਿਆਦਾ ਰਿਐਕਟਿਵ ਮੋਲੀਕਿਊਲ ਪੈਦਾ ਹੁੰਦੇ ਹਨ।

ਇਸ ਤਰ੍ਹਾਂ ਦੀ ਸੋਜਿਸ਼ ਨਾਲ ਨਾ ਕੇਵਲ ਸੈੱਲਾਂ ਨੂੰ ਨੁਕਸਾਨ ਹੋ ਸਕਦਾ ਹੈ ਸਗੋਂ ਅੰਗ ਅਤੇ ਸਰੀਰ ਵੀ ਕੰਮ ਕਰਨਾ ਬੰਦ ਕਰ ਸਕਦਾ ਹੈ। ਇਨ੍ਹਾਂ ਸਾਰੀਆਂ ਦਿੱਕਤਾਂ ਕਾਰਨ ਵਿਅਕਤੀ ਗੰਭੀਰ ਬਿਮਾਰੀ ਦੀ ਲਪੇਟ ਵਿਚ ਆ ਸਕਦਾ ਹੈ। ਇਹ ਖੋਜ ਇਸ ਗੱਲ 'ਤੇ ਵੀ ਰੋਸ਼ਨੀ ਪਾਉਂਦੀ ਹੈ ਕਿ ਫ੍ਰਕਟੋਜ਼ ਡਾਇਬਟੀਜ਼ ਅਤੇ ਮੋਟਾਪੇ ਨਾਲ ਕਿਵੇਂ ਜੁੜਿਆ ਹੋ ਸਕਦਾ ਹੈ।

ਖੋਜ ਵਿਚ ਕਿਹਾ ਗਿਆ ਹੈ ਕਿ ਛੋਟੀ ਸੋਜਿਸ਼ ਅਕਸਰ ਮੋਟਾਪੇ ਨਾਲ ਜੁੜੀ ਹੁੰਦੀ ਹੈ। ਸਵਾਨਸੀ ਯੂਨੀਵਰਸਿਟੀ ਮੈਡੀਕਲ ਸਕੂਲ ਦੇ ਡਾ. ਨਿਕ ਜੋਨਾਸ ਨੇ ਕਿਹਾ ਕਿ ਖੋਜ ਤੋਂ ਸਾਨੂੰ ਇਹ ਸਮਝਣ ਵਿਚ ਮਦਦ ਮਿਲ ਸਕਦੀ ਹੈ ਕਿ ਕਿਹੜਾ ਖਾਣਾ ਸੋਜਿਸ਼ ਅਤੇ ਬਿਮਾਰੀ ਨੂੰ ਵਧਾਉਂਦੇ ਹਨ ਅਤੇ ਕਿਹੜੇ ਖਾਣ ਵਾਲੇ ਪਦਾਰਥ ਸਾਡੇ ਸਰੀਰ ਲਈ ਲਾਭਦਾਇਕ ਹੋ ਸਕਦੇ ਹਨ।

# ਬਲੱਡ ਸ਼ੂਗਰ ਕੰਟਰੋਲ ਕਰਨ ਲਈ ਡਾਈਟ 'ਚ ਜ਼ਰੂਰ ਸ਼ਾਮਿਲ ਕਰੋ ਨਿੰਬੂ ਦਾ ਅਚਾਰ

ਖ਼ਰਾਬ ਰੋਜ਼ਮਰ੍ਹਾ ਤੇ ਗ਼ਲਤ ਖਾਣ-ਪੀਣ ਦੇ ਚੱਲਦਿਆਂ ਡਾਇਬਟੀਜ਼ ਇਕ ਆਮ ਬਿਮਾਰੀ ਬਣਦੀ ਜਾ ਰਹੀ ਹੈ। ਇਸ ਬਿਮਾਰੀ 'ਚ ਖ਼ੂਨ 'ਚ ਸ਼ੂਗਰ ਲੈਵਲ ਬਹੁਤ ਵੱਧ ਜਾਂਦਾ ਹੈ। ਉਥੇ ਹੀ ਪਿੱਤੇ 'ਤੋਂ ਇੰਸੁਲਿਨ ਹਾਰਮੋਨ ਨਿਕਲਣਾ ਬੰਦ ਹੋ ਜਾਂਦਾ ਹੈ। ਸ਼ੂਗਰ ਲੈਵਲ ਵੱਧਣ ਨਾਲ ਵਿਅਕਤੀ ਨੂੰ ਵਾਰ-ਵਾਰ ਪੇਸ਼ਾਬ ਆਉਂਦਾ ਹੈ। ਨਾਲ ਹੀ ਭੁੱਖ ਪਿਆਸ ਵੀ ਵੱਧ ਲੱਗਦੀ ਹੈ। ਜਦਕਿ, ਪਿੱਤੇ ਤੋਂ ਇੰਸੁਲਿਨ ਨਾ ਨਿਕਲਣ ਦੇ ਚੱਲਦਿਆਂ ਸਰੀਰ ਨੂੰ ਊਰਜਾ ਪ੍ਰਾਪਤ ਨਹੀਂ ਹੋ ਪਾਉਂਦੀ ਹੈ। ਡਾਇਬਟੀਜ਼ ਇਕ ਲਾ-ਇਲਾਜ ਬਿਮਾਰੀ ਹੈ, ਜੋ ਸਾਰੀ ਉਮਰ ਰਹਿੰਦੀ ਹੈ। ਲਾਪਰਵਾਹੀ ਵਰਤਣ 'ਤੇ ਇਹ ਜਾਨਲੇਵਾ ਸਾਬਿਤ ਹੋ ਸਕਦੀ ਹੈ। ਫਰਸਟ ਲੈਵਲ 'ਤੇ ਡਾਇਬਟੀਜ਼ ਨਾਲ ਕਈ ਹੋਰ ਬਿਮਾਰੀਆਂ ਵੀ ਜਨਮ ਲੈਂਦੀਆਂ ਹਨ। ਇਸ 'ਚ ਦਿਲ ਦੇ ਰੋਗ, ਅਲਸਰ, ਅੱਖਾਂ ਦੀ ਪਰੇਸ਼ਾਨੀ ਅਤੇ ਸਟਰੋਕ ਆਦਿ ਬਿਮਾਰੀਆਂ ਸ਼ਾਮਿਲ ਹਨ। ਗੰਭੀਰ ਸਥਿਤੀ 'ਚ ਵਿਅਕਤੀ ਕੋਮਾ 'ਚ ਜਾ ਸਕਦਾ ਹੈ। ਅੰਤ : ਇਸ ਬਿਮਾਰੀ ਨੂੰ ਹਲਕੇ 'ਚ ਬਿਲਕੁਲ ਨਾ ਲਓ। ਇਸ ਬਿਮਾਰੀ 'ਚ ਪਰਹੇਜ ਦੀ ਵਿਸ਼ੇਸ਼ ਜ਼ਰੂਰਤ ਹੁੰਦਾ ਹੈ। ਖ਼ਾਸ ਕਰ ਖਾਣ-ਪੀਣ 'ਚ ਮਿੱ-ਠੀਆਂ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰੋ। ਇਸ ਤੋਂ ਇਲਾਵਾ ਖਾਣੇ 'ਚ ਨਿੰਬੂ ਦਾ ਅਚਾਰ ਨੂੰ ਜੋੜ ਸਕਦੇ ਹਾਂ। ਕਈ ਖੋਜਾਂ ਰਾਹੀਂ ਪਤਾ ਲੱਗਾ ਹੈ ਕਿ ਨਿੰਬੂ ਦਾ ਅਚਾਰ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ 'ਚ ਸਹਾਇਕ ਹੁੰਦਾ ਹੈ। ਆਓ ਜਾਣਦੇ ਹਾਂ ਕਿ ਸੋਧ ਕੀ



ਕਹਿੰਦੀ ਹੈ :

**ਨਿੰਬੂ ਦਾ ਆਚਾਰ-** ਕਬਜ਼, ਬਦਹਜ਼ਮੀ, ਗੈਸ ਸਮੇਤ ਪੇਟ ਦੀਆਂ ਸਾਰੀਆਂ ਬਿਮਾਰੀਆਂ 'ਚ ਨਿੰਬੂ ਦੇ ਅਚਾਰ ਦਾ ਸੇਵਨ ਕਰਨਾ ਫਾਇਦੇਮੰਦ ਹੁੰਦਾ ਹੈ। ਇਸ ਦੇ ਸੇਵਨ ਨਾਲ ਤਤਕਾਲ ਆਰਾਮ ਮਿਲਦਾ ਹੈ। ਦਾਦੀ-ਨਾਨੀ ਹਮੇਸ਼ਾ ਪੇਟ ਦਰਦ ਅਤੇ ਪੇਟ ਸਬੰਧੀ ਬਿਮਾਰੀਆਂ 'ਚ ਨਿੰਬੂ ਦਾ ਅਚਾਰ ਖਾਣ ਦੀ ਸਲਾਹ ਦਿੰਦੇ ਹਨ। ਇਸ 'ਚ ਕਈ ਔਸ਼ਧੀ ਗੁਣ ਪਾਏ ਜਾਂਦੇ ਹਨ ਜੋ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਇਸ 'ਚ ਕਾਪਰ, ਪੋਟਾਸ਼ੀਅਮ, ਆਇਰਨ, ਵਿਟਾਮਿਨ-ਏ, ਸੀ ਕੈਲਸ਼ੀਅਮ, ਪ੍ਰੋ-ਬਾਇਓਟਿਕ ਬੈਕਟੀਰੀਆ ਤੇ ਐਂਜ਼ਾਈਮ ਸਮੇਤ ਕਈ ਹੋਰ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਕਈ ਬਿਮਾਰੀਆਂ 'ਚ ਫਾਇਦੇਮੰਦ ਹੁੰਦੇ ਹਨ। ਇਕ ਖੋਜ 'ਚ ਨਿੰਬੂ ਦੇ ਅਚਾਰ ਦੇ ਫਾਇਦੇ ਨੂੰ ਦੱਸਿਆ ਗਿਆ ਹੈ। ਇਸ ਖੋਜ 'ਚ ਕਿਹਾ ਗਿਆ ਹੈ ਕਿ ਡਾਇਬਟੀਜ਼ ਦੇ ਮਰੀਜ਼ ਬਿਨਾਂ ਕਿਸੀ ਪਰੇਸ਼ਾਨੀ ਦੇ ਨਿੰਬੂ ਦੇ ਅਚਾਰ ਦਾ ਸੇਵਨ ਕਰ ਸਕਦੇ ਹਨ। ਇਸ 'ਚ ਡਾਇਟਰੀ ਫਾਇਬਰ ਪਾਇਆ ਜਾਂਦਾ ਹੈ ਤੇ ਫਾਇਬਰ ਦੇ ਸੇਵਨ ਨਾਲ ਬਲੱਡ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ। ਇਸ ਦੇ ਲਈ ਡਾਇਬਟੀਜ਼ ਦੇ ਮਰੀਜ਼ ਨਿੰਬੂ ਦੇ ਅਚਾਰ ਦਾ ਸੇਵਨ ਕਰ ਸਕਦੇ ਹਨ। ਇਹ ਸੋਧ 2007 ਦੀ ਹੈ, ਜਿਸ 'ਚ ਡਾਇਬਟੀਜ਼ ਦੇ ਮਰੀਜ਼ਾਂ ਨੂੰ ਨਿੰਬੂ ਦੇ ਅਚਾਰ ਦੇ ਸੇਵਨ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਿਆ ਗਿਆ ਹੈ। ਇਸਦੇ ਲਈ ਡਾਇਬਟੀਜ਼ ਦੇ ਮਰੀਜ਼ ਬਲੱਡ ਸ਼ੂਗਰ ਕੰਟਰੋਲ ਕਰਨ ਲਈ ਨਿੰਬੂ ਦੇ ਅਚਾਰ ਦਾ ਸੇਵਨ ਕਰ ਸਕਦੇ ਹਨ।

# ਸ਼ਾਕਾਹਾਰੀ ਵਿਅਕਤੀ ਹੋਰ ਚੀਜ਼ਾਂ ਨਾਲ ਪੂਰੀ ਕਰ ਸਕਦੇ ਨੇ ਪ੍ਰੋਟੀਨ ਦੀ ਕਮੀ

ਪ੍ਰੋਟੀਨ ਸਾਡੇ ਸਰੀਰ ਦੇ ਵਿਕਾਸ ਤੇ ਸਰੀਰ ਦੇ ਰੱਖ-ਰਖਾਵ ਲਈ ਜ਼ਰੂਰੀ ਪੋਸ਼ਕ ਤੱਤ ਹੈ। ਪ੍ਰੋਟੀਨ ਸਰੀਰ ਦੀਆਂ ਸਾਰੀਆਂ ਕੋਸ਼ਿਕਾਵਾਂ 'ਚ ਪਾਇਆ ਜਾਂਦਾ ਹੈ। ਇਹ ਸਾਡੇ ਸਰੀਰਕ ਅੰਗਾਂ, ਵਾਲ ਤੇ ਚਮੜ਼ੀ 'ਚ ਸ਼ਾਮਲ ਹਨ।

ਪ੍ਰੋਟੀਨ ਮਾਸਪੇਸ਼ੀਆਂ ਨੂੰ ਮਜ਼ਬੂਤ ਤੇ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ। ਇਹ ਫੈਟ ਤੇ ਕਾਰਬੋਹਾਈਡ੍ਰੇਟ ਦੀ ਤੁਲਨਾ 'ਚ ਭੁੱਖ ਤੋਂ ਬਿਹਤਰ ਤਰੀਕੇ ਨਾਲ ਲੜ਼ਦਾ ਹੈ। ਇਕ ਸਿਹਤਮੰਦ ਵਿਅਕਤੀ ਨੂੰ ਹਰ ਰੋਜ਼ ਆਪਣੇ ਸਰੀਰ ਦੇ ਵਜ਼ਨ ਪ੍ਰਤੀ ਕਿਲੋਗ੍ਰਾਮ 'ਤੇ 0.8 ਗ੍ਰਾਮ ਪ੍ਰੋਟੀਨ ਦੇ ਸੇਵਨ ਦੀ ਜ਼ਰੂਰਤ ਹੁੰਦੀ ਹੈ। ਕੁਝ ਲੋਕ ਸ਼ਾਕਾਹਾਰੀ ਹੁੰਦੇ ਹਨ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਪ੍ਰੋਟੀਨ ਦੀ ਭਰਪਾਈ ਸਿਰਫ ਨਾਨਵੈੱਜ ਨਾਲ ਹੀ ਹੁੰਦੀ ਹੈ। ਪ੍ਰੋਟੀਨ ਦੀ ਪੂਰਤੀ ਨੂੰ ਲੈ ਕੇ ਲੋਕਾਂ ਦੀ ਇਹ ਧਾਰਨਾ ਗਲਤ ਹੈ। ਨਾਨਵੈੱਜ ਤੋਂ ਇਲਾਵਾ ਵੀ ਕਈ ਅਜਿਹੀਆਂ ਸ਼ਬਜੀਆਂ ਤੇ ਫੂਡ ਮੌਜੂਦ ਹਨ ਜੋ ਸਾਡੀ ਬਾਡੀ ਦੀ ਪ੍ਰੋਟੀਨ ਦੀ ਜ਼ਰੂਰਤ ਨੂੰ ਪੂਰਾ ਕਰ ਸਕਦੇ ਹਨ।

ਪਾਲਕ- ਪਾਲਕ ਪ੍ਰੋਟੀਨ ਦਾ ਮੁੱਖ ਸ੍ਰੋਤ ਹੁੰਦਾ ਹੈ। ਇਕ ਕੱਪ ਪਾਲਕ 'ਚ ਇਕ ਆਂਡੇ ਜਿੰਨਾ ਪ੍ਰੋਟੀਨ ਮਿਲਦਾ ਹੈ ਜਿਸ ਦਾ ਤੁਸੀਂ ਆਂਡੇ ਦੀ ਜਗ੍ਹਾ ਸੇਵਨ ਕਰ ਸਕਦੇ ਹੋ।

ਚਿਆ ਦੇ ਬੀਜ- 100 ਗ੍ਰਾਮ ਚਿਆ ਦੇ ਬੀਜ 'ਚ 17 ਗ੍ਰਾਮ ਪ੍ਰੋਟੀਨ ਹੁੰਦਾ ਹੈ। ਇਸ ਦੇ ਸੇਵਨ ਨਾਲ ਸਰੀਰ 'ਚ ਪ੍ਰੋਟੀਨ ਦੀ ਕਮੀ ਨੂੰ ਪੂਰਾ ਕੀਤਾ ਜਾ ਸਕਦਾ ਹੈ। ਚਿਆ ਬੀਜ ਤੁਹਾਡੇ ਵਜਨ ਨੂੰ ਵੀ ਕੰਟਰੋਲ ਕਰਦਾ ਹੈ, ਇਸ ਦੇ ਸੇਵਨ ਤੋਂ ਲੰਬੇ ਸਮੇਂ ਤਕ ਭੁੱਖ ਨਹੀਂ ਲੱਗਦੀ।

ਬੀਂਸ- ਬੀਂਸ ਨੂੰ ਤੁਸੀਂ ਪਾਸਤਾ, ਸੂਪ ਜਾਂ ਸਲਾਦ, ਕਿਸੇ ਵੀ ਤਰ੍ਹਾਂ ਨਾਲ ਖਾ ਸਕਦੇ ਹੋ। ਇਕ ਕੱਪ ਬੀਂਸ 'ਚ ਲਗਭਗ 20 ਗ੍ਰਾਮ ਪ੍ਰੋਟੀਨ ਹੁੰਦਾ ਹੈ। ਡਾਈਬਿਟੀਜ ਦੇ ਮਰੀਜ਼ਾਂ ਲਈ ਇਹ ਕਾਫੀ ਫਾਇਦੇਮੰਦ ਹੈ।

ਦੁੱਧ ਤੇ ਪਨੀਰ ਦਾ ਸੇਵਨ ਕਰੋ-ਜੇਕਰ ਤੁਸੀਂ ਨਾਨਵੇਜ ਤੋਂ ਪਰਹੇਜ ਕਰਦੇ ਹਨ ਤਾਂ ਤੁਸੀਂ ਆਪਣੀ ਡਾਈਟ 'ਚ ਦੁੱਧ ਤੇ ਪਨੀਰ ਦਾ ਸੇਵਨ ਕਰੋ। ਦੁੱਧ ਤੇ ਪਨੀਰ ਤੁਹਾਡੀ ਬਾਡੀ ਦੀ ਪ੍ਰੋਟੀਨ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

## ਔਰਤ ਦਿਵਸ 'ਤੇ ਵਿਸ਼ੇਸ਼

# ਸਿੱਖ ਧਰਮ ਵਿੱਚ ਔਰਤ ਦਾ ਸਥਾਨ



ਗੁਰਦੀਸ਼ ਕੌਰ ਗਰੇਵਾਲ

ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ, ਭਾਰਤ ਵਰਸ਼ ਵਿੱਚ ਦੋ ਮੁੱਖ ਧਰਮ ਪ੍ਰਚਲਿਤ ਸਨ- ਇੱਕ ਸਨਾਤਨ ਮੱਤ ਭਾਵ ਹਿੰਦੂ ਮੱਤ ਤੇ ਦੂਜਾ ਇਸਲਾਮ। ਜੇ ਆਪਾਂ ਉਸ ਸਮੇਂ ਦੀ ਔਰਤ ਦੀ ਹਾਲਤ ਤੇ ਨਜ਼ਰ ਮਾਰੀਏ ਤਾ ਪਤਾ ਲਗਦਾ ਹੈ ਕਿ- ਦੋਹਾਂ ਮੱਤਾਂ ਵਿੱਚ ਔਰਤ ਨੂੰ ਇੱਕ ਵਸਤੂ ਤੋਂ ਵੱਧ ਕੁੱਝ ਨਹੀਂ ਸੀ ਸਮਝਿਆ ਜਾਂਦਾ। ਹਿੰਦੂ ਧਰਮ ਦੇ ਰਾਮਾਇਣ ਵਰਗੇ ਪਵਿੱਤਰ ਗ੍ਰੰਥ ਵਿੱਚ ਤੁਲਸੀਦਾਸ ਨੇ ਤਾਂ ਇਥੋਂ ਤੱਕ ਕਹਿ ਦਿੱਤਾ- 'ਢੋਰ ਗਵਾਰ ਸ਼ੂਦਰ ਪਸ਼ੂ ਨਾਰੀ, ਪਾਂਚਹਿ ਤਾੜਨ ਕੇ ਅਧਿਕਾਰੀ!' ਇਸ ਤੋਂ ਬਿਨਾ ਔਰਤਾਂ ਨੂੰ, ਪੂਜਾ ਪਾਠ ਕਰਨ ਜਾਂ ਮੰਦਰਾਂ ਵਿੱਚ ਜਾਣ ਦਾ ਅਧਿਕਾਰ ਨਹੀਂ ਸੀ। ਬਿਨਾ ਸ਼ੱਕ- ਹਿੰਦੁਸਤਾਨ ਦੇ ਕਈ ਵੱਡੇ ਮੰਦਰਾਂ ਵਿੱਚ ਤਾਂ ਅੱਜ ਤੱਕ ਵੀ ਔਰਤਾਂ ਦੇ ਜਾਣ ਦੀ ਮਨਾਹੀ- ਉਸੇ ਤਰ੍ਹਾਂ ਕਾਇਮ ਹੈ। ਔਰਤ ਨੂੰ ਪਰਦੇ ਵਿੱਚ ਰੱਖਣ ਖਾਤਿਰ, ਮਰਦਾਂ ਤੋਂ ਘੁੰਡ ਕੱਢਣ ਦਾ ਰਿਵਾਜ ਪੈਦਾ ਹੋਇਆ।

ਇਸਲਾਮ ਮੱਤ ਵਿੱਚ ਵੀ, ਔਰਤਾਂ ਨੂੰ ਬੁਰਕਾ ਪਹਿਨਣ ਲਈ ਮਜਬੂਰ ਕੀਤਾ ਜਾਂਦਾ। ਅਜੇ ਤੱਕ ਵੀ ਕਿਸੇ ਮਸਜਿਦ ਵਿੱਚ ਔਰਤਾਂ ਆਦਮੀਆਂ ਦੇ ਸਾਹਮਣੇ ਬੈਠ ਕੇ ਧਾਰਮਿਕ ਪ੍ਰਵਚਨ ਨਹੀਂ ਸੁਣ ਸਕਦੀਆਂ- ਸਗੋਂ ਉਹਨਾਂ ਨੂੰ ਕਮਰੇ ਅੰਦਰ ਪਰਦਾ ਕਰਕੇ ਬਿਠਾਇਆ ਜਾਂਦਾ ਹੈ। ਦੋਹਾਂ ਧਰਮਾਂ ਦੇ ਲੋਕ, ਔਰਤ ਦੀ ਪੜ੍ਹਾਈ ਲਿਖਾਈ ਦੇ ਵਿਰੁੱਧ ਸਨ। ਦੋਹਾਂ ਧਰਮਾਂ ਵਿੱਚ ਔਰਤ ਸਦੀਆਂ ਤੱਕ ਗੁਲਾਮੀ ਵਾਲਾ ਜੀਵਨ ਬਸਰ ਕਰਦੀ ਰਹੀ। ਕਿਸੇ ਮਰਦ ਦਾ ਇੱਕ ਔਰਤ ਤੋਂ ਮਨ ਭਰ ਜਾਂਦਾ ਤਾਂ ਉਹ ਜਦ ਮਰਜ਼ੀ ਦੂਸਰੀ ਨਾਲ ਵਿਆਹ ਕਰ ਲੈਂਦਾ। ਪਰ ਇਸ ਦੇ ਉਲਟ ਕਿਸੇ ਔਰਤ ਨੂੰ, ਪਤੀ ਦੀ ਮੌਤ ਤੋਂ ਬਾਅਦ ਵੀ ਦੂਜੇ ਵਿਆਹ ਦੀ ਆਗਿਆ ਨਹੀਂ ਸੀ- ਸਗੋਂ ਉਸ ਨੂੰ ਜਿਉਂਦੇ ਜੀਅ ਪਤੀ ਦੇ ਨਾਲ ਸਤੀ ਕਰ ਦਿੱਤਾ ਜਾਂਦਾ। ਔਰਤ ਨੂੰ ਮਰਦ ਦੀ ਦਾਸੀ ਜਾਂ ਇੱਕ ਭੋਗ-ਵਿਲਾਸ ਦੀ ਵਸਤੂ ਤੋਂ ਵੱਧ ਕੁੱਝ ਨਹੀਂ ਸੀ ਸਮਝਿਆ ਜਾਂਦਾ। ਭਗਤ ਛੱਜੂ ਨੇ ਤਾਂ ਇੱਥੋਂ ਤੱਕ ਵੀ ਕਿਹਾ ਸੀ ਕਿ-'ਇਸਤਰੀ ਕਾਗਜ਼ ਦੀ ਵੀ ਬਣੀ ਹੋਵੇ ਤਾਂ ਉਸ ਤੋਂ ਦੂਰ ਹੀ ਰਹੋ'। ਪਤੀ ਕਿੰਨਾ ਵੀ ਦੁਰਾਚਾਰੀ ਹੋਵੇ, ਨਸ਼ਈ ਹੋਵੇ- ਉਹ ਉਸ ਦਾ ਮਾਲਕ ਹੈ ਤੇ ਪਤਨੀ ਨੇ ਉਸ ਦੀ ਸੇਵਾ ਹੀ ਕਰਨੀ ਹੈ। ਔਰਤ ਦੇ ਦੈਵੀ ਗੁਣਾਂ- ਸੰਜਮ, ਸੇਵਾ, ਪਿਆਰ, ਪਰਉਪਕਾਰ, ਸਹਿਨਸ਼ੀਲਤਾ, ਮਮਤਾ, ਮਿਹਨਤੀ ਸੁਭਾਅ ਆਦਿ ਵੱਲ ਕਿਸੇ ਦਾ ਕਦੇ ਧਿਆਨ ਹੀ ਨਹੀਂ ਸੀ ਗਿਆ।



ਅਜੇਹੇ ਭਿਆਨਕ ਸਮੇਂ, ਪੰਦਰਵੀਂ ਸਦੀ ਦੇ ਅੱਧ ਤੋਂ ਬਾਅਦ, ਮਨੁੱਖਤਾ ਦੇ ਰਹਿਬਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ- ਤਾਂ ਉਹ ਔਰਤ ਜ਼ਾਤ ਲਈ ਇੱਕ ਮਸੀਹਾ ਬਣ ਕੇ ਆਏ। ਉਹਨਾਂ ਔਰਤ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਹੋਇਆਂ, ਔਰਤ ਮਰਦ ਦੀ ਬਰਾਬਰਤਾ ਤੇ, ਸਿੱਖ ਧਰਮ ਦੀ ਨੀਂਹ ਰੱਖੀ। ਉਹ ਆਪਣੇ ਮਾਤਾ ਤ੍ਰਿਪਤਾ ਜੀ ਦਾ ਵੀ ਪੂਰਾ ਆਦਰ ਸਨਮਾਨ ਕਰਦੇ। ਜਦ ਅੱਠ ਕੁ ਸਾਲ ਦੀ ਉਮਰ ਵਿੱਚ, ਹਿੰਦੂ ਮੱਤ ਅਨੁਸਾਰ ਉਹਨਾਂ ਦੇ ਜਨੇਊ ਪਾਉਣ ਦੀ ਰਸਮ ਲਈ ਪੰਡਤ ਹਰਦਿਆਲ ਜੀ ਨੂੰ ਬੁਲਾਇਆ ਗਿਆ ਤਾਂ ਉਹਨਾਂ ਸੁਆਲ ਕੀਤਾ ਕਿ- 'ਮੇਰੀ ਵੱਡੀ ਭੈਣ ਬੇਬੇ ਨਾਨਕੀ ਦੇ ਪਹਿਲਾਂ ਜਨੇਊ ਕਿਉਂ ਨਹੀਂ ਪਾਇਆ?' ਉਹਨਾਂ ਦਾ ਇਹ ਪ੍ਰਸ਼ਨ ਅਸਲ ਵਿੱਚ ਔਰਤ ਦੀ ਬਰਾਬਰਤਾ ਲਈ ਚੁੱਕਿਆ ਪਹਿਲਾ ਕਦਮ ਸੀ। ਬੇਬੇ ਨਾਨਕੀ ਦਾ ਸਤਿਕਾਰ ਆਪਣੇ ਪੇਕੇ ਘਰ ਹੀ ਨਹੀਂ ਸਗੋਂ ਸਹੁਰੇ ਪਰਿਵਾਰ ਵਿੱਚ ਵੀ ਪੂਰਾ ਸੀ। ਉਹਨਾਂ ਦੇ ਪਤੀ ਜੈ ਰਾਮ ਜੀ ਵੀ ਉਸ ਤੋਂ ਪੁੱਛੇ ਬਿਨਾ ਕੋਈ ਕੰਮ ਨਾ ਕਰਦੇ। ਬਾਬਾ ਨਾਨਕ ਵੀ ਭੈਣ ਦੀ ਕਹੀ ਗੱਲ ਮੋੜ ਨਾ ਸਕਦੇ। ਜਦ ਬੇਬੇ ਨਾਨਕੀ ਨੇ ਸੁਲਤਾਨਪੁਰ ਜਾਣ ਣਈ ਕਿਹਾ- ਤਾਂ ਉਹ ਨਾਂਹ ਨਹੀਂ ਕਰ ਸਕੇ। ਭੈਣ ਦੇ ਕਹਿਣ ਤੇ ਮੋਦੀਖਾਨੇ ਵਿੱਚ ਨੌਕਰੀ ਵੀ ਕੀਤੀ। ਉਸ ਤੋਂ ਪਿੱਛੋਂ ਜਦੋਂ ਗੁਰੂ ਸਾਹਿਬ ਉਦਾਸੀਆਂ ਤੇ ਜਾਂਦੇ, ਤਾਂ ਆਪਣੀ ਭੈਣ ਨਾਨਕੀ ਨੂੰ ਮਾਤਾ ਸੁਲੱਖਣੀ ਅਤੇ ਆਪਣੇ ਬੱਚਿਆਂ ਦੀ ਸੇਵਾ ਸੰਭਾਲ ਵੀ ਜ਼ਿੰਮੇਵਾਰੀ ਵੀ ਸੌਂਪ ਕੇ ਜਾਂਦੇ। ਇਹ ਸਭ ਗੁਰੂ ਘਰ ਵਿੱਚ ਔਰਤ ਦੇ ਸਤਿਕਾਰ ਦੀਆਂ ਹੀ ਮਿਸਾਲਾਂ ਹਨ।

ਦਸ ਜਾਮਿਆਂ ਵਿੱਚ, ਉਹਨਾਂ ਦੁਆਰਾ ਉਚਾਰੀ ਗਈ ਬਾਣੀ ਵਿੱਚ ਵੀ, ਮਰਦ ਤੇ ਔਰਤ ਨੂੰ ਇੱਕ ਸਮਾਨ ਸਮਝ ਕੇ, ਕੇਵਲ ਦੋਹਾਂ ਦੀ ਆਤਮਾ ਨੂੰ ਜੀਵ-ਆਤਮਾ ਨਾਲ ਸੰਬੋਧਨ ਕੀਤਾ ਗਿਆ ਹੈ- ਜੋ ਪ੍ਰਭੂ ਪਤੀ ਦੇ ਮਿਲਾਪ ਲਈ ਤੜਪਦੀ ਹੈ- ਤੇ ਜਿਸ ਨੇ ਉਸੇ ਵਿੱਚ ਸਮਾ ਜਾਣਾ ਹੈ। ਗੁਰਬਾਣੀ ਅਨੁਸਾਰ- ਸਾਰੇ ਜਗਤ ਦਾ ਪਤੀ ਪ੍ਰਮੇਸ਼ਰ ਹੈ ਤੇ ਸਾਰੇ ਮਰਦ- ਔਰਤਾਂ, ਉਸੇ ਦੀਆਂ ਇਸਤਰੀਆਂ ਹਨ। ਇਸ ਤਰ੍ਹਾਂ, ਗੁਰੂ ਸਾਹਿਬਾਂ ਨੇ ਬਾਣੀ ਵਿੱਚ ਸ਼ਿੰਗਾਰ ਰਸ ਭਰ ਕੇ, ਅਧਿਆਤਮਕ ਪ੍ਰੇਮ ਨੂੰ, ਲੋਕਾਂ ਦੇ ਦਿਲਾਂ ਤੱਕ ਸਰਲਤਾ ਨਾਲ ਪੁਚਾ ਦਿੱਤਾ। ਨਾਲ ਹੀ ਗੁਰੂ ਸਾਹਿਬਾਂ ਨੇ, ਸਿੱਖ ਧਰਮ ਵਿੱਚ ਲੰਗਰ ਦੀ ਪਰੰਪਰਾ ਸ਼ੁਰੂ ਕਰਕੇ ਵੀ, ਹਰ ਮਾਈ ਭਾਈ ਨੂੰ ਬਰਾਬਰਤਾ ਦਾ ਅਹਿਸਾਸ ਕਰਵਾਇਆ। ਉਹਨਾਂ ਉਸ ਸਮੇਂ ਦੇ- ਮੁੱਲਾਂ, ਮੁਲਾਣਿਆਂ, ਕਾਜੀਆਂ ਹਾਜੀਆਂ, ਪੰਡਤਾਂ, ਵਿਦਵਾਨਾਂ, ਨਾਥਾਂ, ਜੋਗੀਆਂ ਤੇ ਧਾਰਮਿਕ ਜਾਂ ਰਾਜਸੀ ਆਗੂਆਂ ਦੀ, ਔਰਤ ਪ੍ਰਤੀ ਨੀਵੀਂ ਸੋਚ ਦੀ ਖੁਲ੍ਹ ਕੇ ਨਿੰਦਾ ਕੀਤੀ ਤੇ ਇਨਸਾਨੀਅਤ ਦਾ ਸੱਚਾ- ਸੁੱਚਾ ਮਾਰਗ ਦਰਸਾਇਆ। ਉਹ ਆਪਣੇ ਸਮੇਂ ਦੇ ਪਹਿਲੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਸਨ ਜਿਹਨਾਂ ਧਾਰਮਿਕ ਆਗੂਆਂ ਦੀਆਂ ਅੱਖਾਂ ਖੋਲ੍ਹਦੇ ਹੋਏ, ਨਗਾਰੇ ਦੀ ਚੋਟ ਤੇ ਕਿਹਾ ਕਿ- ਜਿਸ ਔਰਤ ਨੂੰ ਭੰਡਦੇ ਹੋ- ਉਸੇ ਤੋਂ ਜਨਮ ਲੈਂਦੇ ਹੋ- ਉਸੇ ਨਾਲ ਮੰਗਣੀ ਵਿਆਹ ਹੁੰਦਾ ਹੈ- ਉਸੇ ਕਾਰਨ ਸ੍ਰਿਸ਼ਟੀ ਚਲਦੀ ਹੈ- ਜੋ ਰਾਜਿਆਂ ਦੀ ਭੀ ਜਨਮ ਦਾਤੀ ਹੈ। ਸੋ ਉਸ ਦੀ ਨਿ-ਰਾਦਰੀ ਕਰਨਾ ਜਾਂ ਭੰਡਣਾ- ਕਿਥੋਂ ਦੀ ਸਿਆਣਪ ਹੈ?-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
(ਅੰਗ 473)

ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਜਾਂਦੇ- ਉਥੇ ਮਰਦ ਤੇ ਔਰਤਾਂ ਨੂੰ ਇੱਕੱਠੇ ਬਿਠਾ, ਇੱਕੋ ਜਿਹਾ ਉਪਦੇਸ਼ ਦਿੰਦੇ। ਵੈਸੇ ਵੀ ਸਿੱਖ ਧਰਮ ਦਾ ਸਿਧਾਂਤ- 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਇੰਨਾ ਸਰਲ ਸੀ ਕਿ- ਹਰੇਕ ਮੱਤ ਦੇ ਲਿਤਾੜੇ ਹੋਏ, ਮਰਦ ਔਰਤਾਂ ਵੱਡੀ ਗਿਣਤੀ ਵਿੱਚ, ਇਸ ਮੱਤ ਦੇ ਧਾਰਨੀ ਹੋ ਗਏ।

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤਾਂ, ਆਪਣੇ ਮਹਿਲ ਮਾਤਾ ਖੀਵੀ ਜੀ ਨੂੰ, ਖਡੂਰ ਸਾਹਿਬ ਵਿਖੇ ਲੰਗਰਾਂ ਦੀ ਸੇਵਾ ਦੇ ਇੰਚਾਰਜ ਥਾਪ ਦਿੱਤਾ। ਜਿਸ ਕਾਰਨ ਉਹ, ਸੰਗਤ ਵਿੱਚ ਜਿਸ ਮਾਣ ਸਤਿਕਾਰ ਦੇ ਪਾਤਰ ਬਣੇ- ਇਹ ਆਪਣੇ ਆਪ ਵਿੱਚ ਔਰਤ ਦੇ ਸਨਮਾਨ ਦੀ ਅਦੁੱਤੀ ਮਿਸਾਲ ਹੈ। ਮਾਤਾ ਖੀਵੀ ਜੀ, ਨਾਮ ਸਿਮਰਨ ਵਿੱਚ ਰੰਗੀ ਹੋਈ ਐਸੀ ਰੱਬੀ ਰੂਹ ਸਨ ਕਿ- ਉਹ ਦੂਰੋਂ ਨੇੜਿਉਂ ਆਈ ਸੰਗਤ ਦੀ ਆਓ ਭਗਤ ਵਿੱਚ ਕੋਈ ਕਸਰ ਨਾ ਛੱਡਦੇ। ਉਹਨਾਂ ਦੀ ਆਪਣੇ ਹੱਥੀਂ ਬਣਾਈ ਖੀਰ ਦੀ ਮਿਠਾਸ ਤਾਂ ਦੂਰ ਦੂਰ ਤੱਕ ਪਹੁੰਚ ਜਾਂਦੀ-

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
(ਅੰਗ 966)

ਆਪ ਜੀ ਦੀ ਜਾਣਕਾਰੀ ਹਿੱਤ ਇਹ ਵੀ ਦੱਸ ਦਿਆਂ ਕਿ- ਪੰਜਾਬ ਯੂਨੀਵਰਸਿਟੀ, ਚੰਡੀਗੜ ਦੇ ਪ੍ਰੋਫੈਸਰ ਪੰਡਿਤ ਰਾਓ ਧਰੇਨਵਰ ਜੋ ਕਰਨਾਟਕਾ ਤੋਂ ਹਨ- ਨੇ ਮਾਤਾ ਖੀਵੀ ਦੇ ਜੀਵਨ ਤੋਂ ਪ੍ਰਭਾਵਤ ਹੋ ਕੇ, ਆਪਣੀ ਬੇਟੀ ਦਾ ਨਾਮ ਵੀ 'ਖੀਵੀ' ਰੱਖਿਆ ਹੈ, ਅਤੇ ਉਹ ਉਸਦੇ ਜਨਮ ਦਿਨ ਤੇ ਖੀਰ ਦਾ ਲੰਗਰ ਵੀ ਲਾਉਂਦੇ ਹਨ। ਕਾਸ਼! ਅਸੀਂ ਵੀ ਇਹਨਾਂ ਸਨਮਾਨਯੋਗ ਸਿੱਖ ਔਰਤਾਂ ਨੂੰ ਆਪਣੀਆਂ ਬੱਚੀਆਂ ਦੇ ਰੋਲ ਮਾਡਲ ਬਣਾ ਸਕੀਏ!

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਦਮ ਚਿੰਨ੍ਹਾਂ ਤੇ ਚਲਦੇ ਹੋਏ, ਤੀਸਰੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਨੇ ਵੀ, ਔਰਤ ਦੀ ਸਥਿਤੀ ਸੁਧਾਰਨ ਲਈ ਕਈ ਮਹੱਤਵਪੂਰਨ ਕਦਮ ਚੁੱਕੇ। ਉਹਨਾਂ ਔਰਤ ਜ਼ਾਤ ਦੇ ਮੱਥੇ ਦਾ ਕਲੰਕ ਬਣ ਚੁੱਕੀ, ਸਤੀ ਦੀ ਪ੍ਰਥਾ ਦਾ ਵਿਰੋਧ ਕਰਦਿਆਂ ਹੋਇਆਂ ਫੁਰਮਾਇਆ-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
(ਅੰਗ 787)

ਉਹਨਾਂ ਨੇ ਅਕਬਰ ਬਾਦਸ਼ਾਹ ਨੂੰ ਕਹਿ ਕੇ, ਸਤੀ ਪ੍ਰਥਾ ਬੰਦ ਕਰਵਾਉਣ ਲਈ ਕਨੂੰਨ ਬਣਵਾਇਆ। ਗੁਰੂ ਸਾਹਿਬਾਂ ਨੇ ਇਹ ਵੀ ਕਿਹਾ ਕਿ- ਜੇ ਮਰਦ ਦੂਜਾ ਵਿਆਹ ਕਰਾ ਸਕਦਾ ਹੈ ਤਾ ਔਰਤ ਕਿਉਂ ਨਹੀਂ? ਸੋ ਉਹਨਾਂ ਵਿਧਵਾ ਵਿਆਹ ਦੀ ਰੀਤ ਵੀ ਸ਼ੁਰੂ ਕੀਤੀ। ਔਰਤਾਂ ਨੂੰ ਪਰਦੇ ਵਿੱਚ ਰਹਿਣ ਦੀ ਹਿਦਾਇਤ ਸਦਕਾ- ਬੀਬੀਆਂ ਸੰਗਤ ਵਿੱਚ ਵੀ ਘੁੰਡ ਕੱਢ ਕੇ ਆਉਂਦੀਆਂ। ਗੁਰੂ ਸਾਹਿਬ ਨੇ ਐਲਾਨ ਕੀਤਾ ਕਿ- ਕੋਈ ਵੀ ਔਰਤ ਸੰਗਤ ਵਿੱਚ ਪਰਦਾ ਕਰਕੇ ਨਾ ਆਵੇ। ਸੋ ਇਸ ਤਰ੍ਹਾਂ ਔਰਤਾਂ ਨੂੰ ਘੁੰਡ ਤੋਂ ਛੁਟਕਾਰਾ ਮਿਲ ਗਿਆ। ਉਹਨਾਂ ਨੇ ਸਿੱਖੀ ਦੇ ਪ੍ਰਚਾਰ ਲਈ, ਜਿੱਥੇ ਬਾਈ ਮੰਜੀਆਂ ਥਾਪੀਆਂ- ਭਾਵ ਬਾਈ ਸਿੱਖਾਂ ਨੂੰ ਵੱਖ ਵੱਖ ਥਾਵਾਂ ਤੇ ਪ੍ਰਚਾਰਕ ਨਿਯੁਕਤ ਕੀਤਾ- ਉਥੇ 52 ਪੀੜ੍ਹੇ ਬੀਬੀਆਂ ਨੂੰ ਦਿੱਤੇ। ਉਹਨਾਂ ਦੀ ਪੁੱਤਰੀ ਬੀਬੀ ਭਾਨੀ ਜੀ- ਜੋ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦੇ ਮਹਿਲ, ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਸਨ- ਦਾ ਨਾਮ ਵੀ ਸਿੱਖ ਇਤਿਹਾਸ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਛੇਵੇਂ ਪਾਤਸ਼ਾਹ ਨੇ ਵੀ, ਗੁਜਰਾਤ ਵਿੱਚ ਫਕੀਰ ਸ਼ਾਹਦੌਲਾ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ 'ਔਰਤ ਈਮਾਨ' ਕਹਿ- ਔਰਤ ਨੂੰ ਵਡਿਆਇਆ। ਉਹਨਾਂ ਦੇ ਇਹ ਵੀ ਬਚਨ ਸਨ ਕਿ- ਹਰ ਮਾਂ ਕੋਲ ਇੱਕ ਬੇਟੀ ਜਰੂਰ ਹੋਣੀ ਚਾਹੀਦੀ ਹੈ-

ਸੀਲ ਖਾਨ ਕੰਨਿਆ ਇਕ ਹੋਵੈ।
ਨਹੀਂ ਤੋ ਮਾ ਗ੍ਰਹਿਸਤ ਵਿਗੋਵੈ।
(ਗੁਰਬਿਲਾਸ ਪਾਤਸ਼ਾਹੀ ਛੇਵੀਂ)

ਸਿੱਖ ਧਰਮ ਵਿੱਚ ਗ੍ਰਹਿਸਤ ਆਸ਼ਰਮ ਨੂੰ ਵਡਿਆਇਆ ਗਿਆ ਹੈ। ਕਿਤੇ ਵੀ ਔਰਤ ਜਾਂ ਗ੍ਰਹਿਸਤ ਨੂੰ ਤਿਆਗ ਕੇ ਭਗਤੀ ਕਰਨ ਦੀ ਗੱਲ ਨਹੀਂ ਕੀਤੀ ਗਈ।

ਗੁਰਮਤਿ ਵਿੱਚ- ਔਰਤ ਨੂੰ ਮਰਦ ਦੀ ਕਮਜ਼ੋਰੀ ਨਹੀਂ, ਸਗੋਂ ਤਾਕਤ ਦਰਸਾਇਆ ਗਿਆ ਹੈ। ਇਹੀ ਕਾਰਨ ਹੈ ਕਿ ਸਿੱਖ ਇਤਿਹਾਸ ਵਿੱਚ- ਬੇਬੇ ਨਾਬਕੀ, ਬੀਬੀ ਅਮਰੋ, ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ, ਤੋਂ ਬਿਨਾ ਮਾਈ ਭਾਗੋ, ਮਹਾਂਰਾਣੀ ਸਦਾ ਕੌਰ ਤੇ ਰਾਣੀ ਜਿੰਦਾਂ ਵਰਗੀਆਂ ਅਨੇਕ ਸੂਰਬੀਰ ਔਰਤਾਂ ਦੀ ਮਹਾਨਤਾ ਕਿਸੇ ਤੋਂ ਲੁਕੀ ਛਿਪੀ ਨਹੀਂ। ਮਾਈ ਭਾਗੋ ਵਰਗੀਆਂ ਇੱਕ ਦਿਨ 'ਚ ਨਹੀਂ ਮੈਦਾਨੇ ਜੰਗ ਵਿੱਚ, ਚਾਲ਼ੀ ਸਿੰਘਾਂ ਦੀ ਅਗਵਾਈ ਕਰਨ ਦੇ ਯੋਗ ਹੋ ਗਈਆਂ। ਉਹਨਾਂ ਨੂੰ ਬਚਪਨ ਵਿੱਚ ਹੀ ਘੋੜ ਸਵਾਰੀ ਤੇ ਤਲਵਾਰ ਦੇ ਜੌਹਰ ਸਿੱਖਣ ਦੇ ਅਵਸਰ ਪ੍ਰਦਾਨ ਹੋਏ ਸਨ। ਇਸ ਤੋਂ ਜ਼ਾਹਿਰ ਹੈ ਕਿ- ਸਿੱਖ ਪਰਿਵਾਰਾਂ ਵਿੱਚ ਬੱਚੀਆਂ ਨੂੰ, ਮਰਦਾਂ ਦੇ ਬਰਾਬਰ ਹੀ ਸ਼ਸਤਰ ਵਿਦਿਆ ਤੇ ਘੋੜ ਸਵਾਰੀ ਸਿੱਖਣ ਦੀ ਖੁਲ੍ਹ ਸੀ। ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਵੀ, ਗੁਰੂ ਸਾਹਿਬ ਤੋਂ ਬਾਅਦ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ, ਕੌਮ ਦੀ ਅਗਵਾਈ ਕਰਦੀਆਂ ਰਹੀਆਂ। ਦਸ਼ਮੇਸ਼ ਪਿਤਾ ਵਲੋਂ, ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਹੋਣ ਦਾ ਖਿਤਾਬ ਦੇਣਾ- ਔਰਤ ਦੇ ਸਨਮਾਨ ਦੀ ਸਿਖਰ ਹੈ। ਇਥੇ ਹੀ ਬੱਸ ਨਹੀਂ- ਸਿੱਖ ਧਰਮ ਵਿੱਚ ਤਾਂ, ਔਰਤ ਆਪਣੇ ਪਰਿਵਾਰ ਦੀ ਮੈਂਬਰ ਹੋਵੇ ਜਾਂ ਪਰਾਈ- ਸਭ ਦਾ ਹੀ ਬਰਾਬਰ ਸਤਿਕਾਰ ਕਰਨ ਦੀ ਹਿਦਾਇਤ ਹੈ। ਭਾਈ ਗੁਰਦਾਸ ਜੀ ਅਨੁਸਾਰ-

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।

ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ, ਖਾਲਸਾ ਪੰਥ ਦੀ ਸਾਜਨਾ ਕਰਕੇ, ਮਨੁੱਖਤਾ ਨੂੰ ਇੱਕ ਉੱਚੇ ਸੁੱਚੇ ਕਿਰਦਾਰ ਵਾਲਾ, ਸੰਪੂਰਨ ਖ਼ਾਲਸ ਇਨਸਾਨ, ਦੇਣ ਦਾ ਮਹਾਨ ਕਾਰਜ ਕੀਤਾ। ਇਹੀ ਕਾਰਨ ਸੀ ਕਿ- ਪਿਤਾ ਦਸ਼ਮੇਸ਼ ਦਾ ਹੁਕਮ ਮੰਨ ਕੇ ਸਾਹਿਬਜ਼ਾਦਾ ਅਜੀਤ ਸਿੰਘ 14 ਸਾਲ ਦੀ ਛੋਟੀ ਜਿਹੀ ਉਮਰੇ, ਪੰਡਤ ਦੇਵ ਦਾਸ ਦੀ ਬ੍ਰਾਹ-ਮਣੀ ਨੂੰ ਮੁਗਲਾਂ ਹੱਥੋਂ ਛੁਡਾ ਲਿਆਉਂਦਾ ਹੈ। ਇਤਿਹਾਸ ਗਵਾਹ ਹੈ ਕਿ- ਖਾਲਸੇ ਨੇ ਦੁਸ਼ਮਣਾਂ ਦੀਆਂ ਔਰਤਾਂ ਨਾਲ ਵੀ ਕਦੇ ਦੁਰਵਿਹਾਰ ਨਹੀਂ ਕੀਤਾ। ਜਦੋਂ ਅਬਦਾਲੀ ਵਰਗੇ ਹਿੰਦੁਸਤਾਨ ਤੇ ਹਮਲੇ ਕਰਦੇ- ਤਾਂ ਉਹ ਲੁੱਟ ਦੇ ਮਾਲ ਦੇ ਨਾਲ ਨਾਲ ਹਿੰਦੂ ਔਰਤਾਂ ਨੂੰ ਵੀ ਬੰਦੀ ਬਣਾ ਕੇ ਲੈ ਜਾਂਦੇ। ਪਰ ਉਸ ਵੇਲੇ ਹਿੰਦੂ ਕੌਮ ਤਾਂ ਇੰਨੀ ਨਿਤਾਣੀ ਹੋ ਚੁੱਕੀ ਸੀ ਕਿ- ਉਹ ਆਪਣੀਆਂ ਔਰਤਾਂ ਨੂੰ ਛੁਡਾਉਣ ਦੀ ਜੁਰਅਤ ਨਹੀਂ ਸੀ ਕਰ ਸਕਦੀ। ਪਰ ਅੱਧੀ ਰਾਤ ਵੇਲੇ, ਜਦੋਂ ਧਾੜਵੀ ਨਸ਼ਿਆਂ ਵਿੱਚ ਧੁੱਤ ਹੋ ਕੇ ਸੌਂ ਜਾਂਦੇ- ਤਾਂ ਅਜੇਹੇ ਸਮੇਂ ਇਹ ਖਾਲਸਾ ਹੀ ਸੀ, ਜੋ ਰਾਤ ਦੇ ਬਾਰਾਂ ਵਜੇ ਮੈਦਾਨ 'ਚ ਨਿੱਤਰਦਾ- ਤੇ ਉਹਨਾਂ ਲਾਚਾਰ ਔਰਤਾਂ ਨੂੰ ਛੁਡਾ, ਘਰੋ ਘਰੀ ਪੁਚਾ ਕੇ ਆਉਂਦਾ।

ਸਾਰੀ ਗੁਰਬਾਣੀ ਵਿੱਚ ਵੀ, ਪਤੀ-ਪਤਨੀ ਦੇ ਆਪਸੀ ਪ੍ਰੇਮ, ਇੱਕਰੂਪਤਾ, ਵਿਸ਼ਵਾਸ ਤੇ ਬਰਾਬਰਤਾ ਦੀ ਗੱਲ ਕੀਤੀ ਗਈ ਹੈ ਜਿਵੇਂ-

ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੋਇ ਮੂਰਤੀ ਧਨ ਪਿਰ ਕਹੀਐ ਸੋਇ ॥
(ਅੰਗ 788)

ਅੱਜ ਅਸੀਂ ਉਦੋਂ ਭਰੂਣ ਹੱਤਿਆ ਦੀ ਦੁਹਾਈ ਦੇਣ ਲੱਗੇ ਹਾਂ- ਜਦ ਕੁੜੀਆਂ ਦਾ ਅਨੁਪਾਤ ਮੁੰਡਿਆਂ ਦੇ ਮੁਕਾਬਲੇ ਹਜ਼ਾਰ ਪਿੱਛੇ ਸੱਤ ਸੌ ਰਹਿ ਗਿਆ- ਪਰ ਗੁਰਮਤਿ ਵਿੱਚ ਤਾਂ ਅੱਜ ਤੋਂ ਪੰਜ ਸਦੀਆਂ ਪਹਿਲਾਂ ਹੀ, ਕੰਨਿਆਂ ਨੂੰ ਮਾਰਨਾ ਮਹਾਂ ਪਾਪ ਗਿਣਿਆਂ ਗਿਆ ਹੈ-

ਬ੍ਰਾਹਮਣ ਕੈਲੀ ਘਾਤੁ ਕੰਜਕਾ ਅਣਚਾਰੀ ਕਾ ਧਾਨੁ ॥
ਫਿਟਕੁ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥ (ਅੰਗ 1413)

ਗੁਰਮਤਿ ਵਿੱਚ ਕੁੜੀਮਾਰ ਨਾਲ ਰੋਟੀ ਬੇਟੀ ਦੀ ਸਾਂਝ ਰੱਖਣ ਤੋਂ ਮਨਾਹੀ ਕੀਤੀ ਗਈ ਹੈ। ਰਹਿਤ ਨਾਮੇ ਅਨੁਸਾਰ-

ਕੁੜੀ ਮਾਰ ਆਦਿਕ ਹੈ ਜੇਤੇ।
ਮਨ ਤੇ ਦੂਰ ਤਿਆਗੋ ਤੇਤੇ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਭਰੂਣ ਹੱਤਿਆ ਤੇ ਪਾਬੰਦੀ ਲਈ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ। ਭਾਵੇਂ ਇਸ ਸਬੰਧ ਵਿੱਚ ਕਨੂੰਨ ਵੀ ਬਣੇ ਹੋਏ ਹਨ- ਪਰ ਸਾਡੇ ਲੋਕ ਚੋਰ ਮੋਰੀਆਂ ਰਾਹੀਂ, ਅਜੇ ਵੀ ਇਹ ਪਾਪ ਕਰੀ ਜਾ ਰਹੇ ਹਨ। ਸਾਥੀਓ- ਜੇ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਤੁਸੀਂ ਆਪ ਹੀ ਦੱਸੋ ਕਿ- ਕਿੰਨੇ ਕੁ ਪੁੱਤਰ ਮਾਪਿਆਂ ਦੀ ਸੇਵਾ ਕਰਦੇ ਹਨ ਭਲਾ? ਮੈਂ ਵਿਦੇਸ਼ 'ਚ ਦੇਖਦੀ ਹਾਂ ਕਿ ਬਹੁਤੇ ਮਾਪੇ, ਧੀਆਂ ਨੇ ਹੀ ਮੰਗਵਾਏ ਹਨ ਤੇ ਧੀਆਂ ਪਾਸ ਹੀ ਰਹਿ ਰਹੇ ਹਨ- ਭਾਵੇਂ ਕਿ ਉਸੇ ਸ਼ਹਿਰ ਵਿੱਚ ਪੁੱਤਰ ਵੀ ਰੰਗੀਂ ਵੱਸਦਾ ਹੋਵੇ। ਹਾਂ- ਜਦੋਂ ਬੱਚੇ ਸਾਂਭਣ ਲਈ ਲੋੜ ਹੁੰਦੀ ਹੈ ਤਾਂ ਉਦੋਂ ਜਰੂਰ ਪੁੱਤ ਆਪਣਾ ਹੱਕ ਜਤਾ ਦਿੰਦੇ ਹਨ। ਪਤਾ ਨਹੀਂ ਫਿਰ ਵੀ, ਕਿਉਂ ਸਾਡੇ ਲੋਕਾਂ ਅੰਦਰੋਂ ਪੁੱਤਰ ਦੀ ਲਾਲਸਾ ਜਾਂਦੀ ਨਹੀਂ? ਮੁੱਕਦੀ ਗੱਲ ਤਾਂ ਇਹ ਹੈ ਕਿ- ਅਸੀਂ ਅੱਜ ਔਰਤ ਦੀ ਬਰਾਬਰਤਾ ਦੀ ਗੱਲ ਸ਼ੁਰੂ ਕੀਤੀ ਹੈ, ਪਰ ਸਿੱਖ ਧਰਮ ਦੀ ਤਾਂ ਨੀਂਹ ਹੀ ਔਰਤ ਮਰਦ ਦੀ ਬਰਾਬਰਤਾ ਤੇ ਰੱਖੀ ਗਈ ਹੈ। ਜੋ ਆਦਰ ਸਨਮਾਨ ਔਰਤ ਨੂੰ ਸਿੱਖ ਧਰਮ ਨੇ ਦਿੱਤਾ ਹੈ, ਉਹ ਹੋਰ ਕਿਧਰੇ ਦੇਖਣ ਨੂੰ ਨਹੀਂ ਮਿਲਦਾ। ਫੇਰ ਇਹ ਗੁਰਮਤਿ ਦਾ ਗਿਆਨ ਤਾਂ ਕੁੱਲ ਮਨੁੱਖਤਾ ਲਈ ਕਲਿਆਣਕਾਰੀ ਹੈ। ਜੇ ਇਸ ਤੇ ਅਮਲ ਕੀਤਾ ਜਾਵੇ ਤਾਂ- ਭਰੂਣ ਹੱਤਿਆ, ਬਲਾਤਕਾਰ ਤੇ ਘਰੇਲੂ ਹਿੰਸਾ ਵਰਗੀਆਂ ਘਟਨਾਵਾਂ- ਜੋ ਸਖਤ ਕਨੂੰਨਾਂ ਦੇ ਬਾਵਜੂਦ ਵੀ ਨਹੀਂ ਰੁਕ ਰਹੀਆਂ- ਤੇ ਸਹਿਜੇ ਹੀ ਕਾਬੂ ਪਾਇਆ ਜਾ ਸਕਦਾ ਹੈ। ਦੇਖਣ ਵਿੱਚ ਆਇਆ ਹੈ ਕਿ- ਅੱਜ ਮੁੰਡਿਆਂ ਦੇ ਮੁਕਾਬਲੇ, ਕੁੜੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ। ਸੋ ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ ਕਿ- ਔਰਤ ਦੇ ਅੰਦਰ ਪ੍ਰਮਾਤਮਾ ਨੇ ਕਿੰਨੀ ਅਥਾਹ ਸ਼ਕਤੀ ਭਰੀ ਹੋਈ ਹੈ। ਜੇ ਉਸ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣ- ਤਾਂ ਉਹ ਕੀ ਨਹੀਂ ਕਰ ਸਕਦੀ? ਫਿਰ ਵੀ ਉਸ ਦਾ ਨਿਰਾਦਰ ਕਿਉਂ? ਸਾਥੀਓ- ਇਹ ਔਰਤ ਦਿਵਸ ਮਨਾਉਣ ਦਾ ਮਕਸਦ ਤਾਂ ਹੀ ਪੂਰਾ ਹੋਏਗਾ- ਜੇ ਅਸੀਂ ਇਸ ਦਿਨ ਤੋਂ, ਆਪਣੇ ਬੱਚੇ ਬੱਚੀਆਂ ਨੂੰ, ਗੁਰਮਤਿ ਦੇ ਪ੍ਰਸੰਗ ਦੁਆਰਾ, ਔਰਤ ਮਰਦ ਦੀ ਬਰਾਬਰਤਾ ਦਾ ਅਹਿਸਾਸ ਕਰਵਾ ਕੇ- ਇੱਕ ਦੂਜੇ ਦਾ ਸਨਮਾਨ ਕਰਨਾ ਸਿਖਾ ਦੇਈਏ- ਤੇ ਮੈਨੂੰ ਲਗਦਾ ਕਿ ਇਹ ਸਾਡੀ ਸਭ ਤੋਂ ਵੱਡੀ ਪ੍ਰਾਪਤੀ ਹੋਏਗੀ!

# ਕੈਪਟਨ ਨੂੰ ਮੁੜ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨ 'ਤੇ ਕਾਂਗਰਸ 'ਚ ਕਲੇਸ਼

ਚੰਡੀਗੜ੍ਹ - ਕੈਪਟਨ ਅਮਰਿੰਦਰ ਸਿੰਘ ਨੂੰ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮੁੜ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨ ਉਤੇ ਕਾਂਗਰਸ ਵਿਚ ਅੰਦਰੂਨੀ ਵਿਵਾਦ ਭਖ ਗਿਆ ਹੈ। ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਵੱਲੋਂ ਕੈਪਟਨ ਨੂੰ ਇਸ ਵਾਰ ਵੀ ਮੁੱਖ ਮੰਤਰੀ ਚਿਹਰੇ ਵਜੋਂ ਅੱਗੇ ਕਰਨ ਉਤੇ ਇਤਰਾਜ਼ ਉਠੇ ਹਨ।

ਕੈਪਟਨ ਦੀ ਲੀਡਰਸ਼ਿਪ 'ਤੇ ਵਿਧਾਇਕ ਪਰਗਟ ਸਿੰਘ ਸਿੱਧੂ ਵੱਲੋਂ ਸੁਆਲ ਚੁੱਕੇ ਜਾਣ ਮਗਰੋਂ ਕਾਂਗਰਸ ਸਰਕਾਰ 'ਚ ਇਕ ਨਵਾਂ ਵਿਵਾਦ ਛਿੜ ਗਿਆ ਹੈ। ਪਰਗਟ ਸਿੰਘ ਨੇ ਠੀਕ ਉਸ ਵਕਤ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ 'ਤੇ ਉਂਗਲ ਧਰੀ ਹੈ ਜਦੋਂ ਪੰਜਾਬ ਵਜ਼ਾਰਤ 'ਚ ਨਵਜੋਤ ਸਿੱਧੂ ਦੀ ਵਾਪਸੀ ਨੂੰ ਲੈ ਕੇ ਗੱਲਬਾਤ ਅਖੀਰਲੇ ਦੌਰ 'ਚ ਹੈ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੀ ਚੰਡੀਗੜ੍ਹ ਵਿਚ ਮੌਜੂਦਗੀ ਹੈ। ਠੀਕ ਇਕ ਵਰ੍ਹਾ ਪਹਿਲਾਂ ਵੀ ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਸੀ। ਚੇਤੇ ਰਹੇ ਕਿ ਪਰਗਟ ਸਿੰਘ ਦੀ ਨਵਜੋਤ ਸਿੱਧੂ ਨਾਲ ਬਹੁਤ ਨੇੜਤਾ ਹੈ। ਦੇਖਿਆ ਜਾਵੇ ਤਾਂ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੱਲੋਂ 'ਕੈਪਟਨ ਫਾਰ 2022' ਮੁਹਿੰਮ ਸ਼ੁਰੂ ਕਰਨ ਮਗਰੋਂ ਨਵੀਂ ਹਿਲਜੁਲ ਸ਼ੁਰੂ ਹੋਈ ਹੈ। ਵਿਧਾਇਕ ਪਰਗਟ ਸਿੰਘ ਨੇ ਇਕ ਇੰਟਰਵਿਊ ਦੌਰਾਨ ਆਖਿਆ ਕਿ ਸਾਲ 2022 ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਫੈਸਲਾ ਹਾਈ ਕਮਾਨ ਕਰੇਗੀ। ਉਨ੍ਹਾਂ ਕਿਹਾ ਕਿ ਜਾਖੜ ਦੀ ਨਿੱਜੀ ਰਾਇ ਹੋ ਸਕਦੀ ਹੈ ਪਰ ਚਿਹਰੇ ਦਾ ਫੈਸਲਾ ਹਾਈ ਕਮਾਨ ਦੇ ਹੱਥ ਹੈ।

ਦੱਸਣਯੋਗ ਹੈ ਕਿ ਨਗਰ ਨਿਗਮ ਚੋਣਾਂ 'ਚ ਕਾਂਗਰਸ ਨੂੰ ਮਿਲੀ ਸਫਲਤਾ ਤੋਂ ਬਾਅਦ ਪ੍ਰਦੇਸ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਉਂਦੀਆਂ 2022 ਦੀਆਂ ਚੋਣਾਂ ਲਈ ਵੀ ਮੁੱਖ ਮੰਤਰੀ ਦਾ ਚਿਹਰਾ ਦੱਸਿਆ ਗਿਆ ਸੀ, ਜਿਸ 'ਤੇ ਪ੍ਰਤੀਕ੍ਰਿਆ ਦਿੰਦੇ ਹੋਏ ਪ੍ਰਗਟ ਸਿੰਘ ਨੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਇਸ ਤਰ੍ਹਾਂ ਉਨ੍ਹਾਂ ਇਕ ਤੀਰ ਨਾਲ ਕਈ ਨਿਸ਼ਾਨੇ ਕਰਦੇ ਹੋਏ ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ, ਉਥੇ ਉਨ੍ਹਾਂ ਸੂਬਾ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਇਕ ਤਰ੍ਹਾਂ ਨਾਲ ਚੁਣੌਤੀ ਦੇ ਦਿੱਤੀ ਹੈ।



ਉਨ੍ਹਾਂ ਕਿਹਾ ਕਿ ਲੋਕਾਂ ਦਾ ਲੀਡਰਸ਼ਿੱਪ ਤੋਂ ਭਰੋਸਾ ਉਠਿਆ ਹੈ ਅਤੇ ਮਾਫੀਆ ਰਾਜ ਦੇ ਖਾਤਮੇ ਲਈ ਹਾਲੇ ਹੋਰ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੀ ਚਾਰ ਵਰ੍ਹਿਆਂ ਦੀ ਕਾਰਗੁਜ਼ਾਰੀ ਉਂਨੀ ਵਧੀਆ ਨਹੀਂ ਰਹੀ, ਜਿੰਨੀ ਅਮਰਿੰਦਰ ਦੀ ਸਮਰੱਥਾ ਹੈ। ਚਰਚੇ ਚੱਲੇ ਹਨ ਕਿ ਕਿਸਾਨ ਅੰਦੋਲਨ ਦੌਰਾਨ ਹੀ ਸਿਆਸੀ ਲੋਕਾਂ ਵੱਲੋਂ ਨਵੀਂ ਜੰਗ ਛੇੜ ਲਈ ਗਈ ਹੈ। ਬੇਸ਼ੱਕ ਸਰਕਾਰ ਦੀ ਕਾਰਗੁਜ਼ਾਰੀ ਕਿਸੇ ਤੋਂ ਛੁਪੀ ਨਹੀਂ ਹੈ ਪਰ ਪਰਗਟ ਸਿੰਘ ਦੇ ਬਿਆਨਾਂ ਨੇ ਬਲਦੀ 'ਤੇ ਤੇਲ ਪਾ ਦਿੱਤਾ ਹੈ। ਦੂਸਰੀ ਤਰਫ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਸਮੁੱਚੀ ਕਿਸਾਨੀ ਤਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਵੱਡੀ ਜੰਗ ਲੜ ਰਹੀ ਹੈ ਅਤੇ ਇਹ ਮੌਕਾ ਸਿਆਸੀ ਗੱਲਾਂ ਕਰਨ ਲਈ ਢੁਕਵਾਂ ਨਹੀਂ ਹੈ। ਮੌਕਾ ਛੋਟੀਆਂ ਗੱਲਾਂ ਨੂੰ ਛੱਡ ਕੇ ਵਡੇਰੇ ਹਿੱਤਾਂ ਲਈ ਲੜਨ ਦਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ 'ਚ ਸਭਨਾਂ ਨੂੰ ਇਕਜੁਟ ਹੋ ਕੇ ਲੜਾਈ ਲੜਨੀ ਚਾਹੀਦੀ ਹੈ। ਅਜਿਹੀਆਂ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਦਾ ਫਾਇਦਾ ਵਿਰੋ-ਧੀਆਂ ਨੂੰ ਮਿਲਦਾ ਹੋਵੇ। ਕਿਸਾਨ ਤਾਂ ਪੂਰੇ ਦੇਸ ਦੀ ਲੜਾਈ ਲੜ ਰਹੇ ਹਨ ਅਤੇ ਪੰਜਾਬ ਦੇ ਭਵਿੱਖ ਦਾ ਸੁਆਲ ਹੈ।

ਉਨ੍ਹਾਂ ਕਿਹਾ ਕਿ ਕੋਈ ਸ਼ੱਕ ਨਹੀਂ ਕਿ ਮੁੱਖ ਮੰਤਰੀ ਦਾ ਫੈਸਲਾ ਹਾਈ ਕਮਾਨ ਨੇ ਕਰਨਾ ਹੈ ਪਰ ਸਰਕਾਰ ਬਣਾਉਣ ਲਈ ਚੋਣਾਂ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਹੇਠ ਹੀ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਫੈਸਲਾ ਤਾਂ ਸਾਰੇ ਵਿਧਾਇਕਾਂ ਦੀ ਰਾਇ ਮਗਰੋਂ ਹਾਈ ਕਮਾਨ ਨੇ ਹੀ ਕਰਨਾ ਹੁੰਦਾ ਹੈ। ਦੱਸ ਦਈਏ ਕਿ ਪ੍ਰਗਟ ਸਿੰਘ ਨੇ ਕਾਂਗਰਸ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਉਤੇ ਨਾਖੁਸ਼ੀ ਪ੍ਰਗਟ ਕਰਦੇ ਹੋਏ ਇਥੋਂ ਤੱਕ ਆਖ ਦਿੱਤਾ ਕਿ ਕਾਂਗਰਸ ਲਈ ਆਉਂਦੀਆਂ 2022 ਚੋਣਾਂ ਦੌਰਾਨ ਲੋਕਾਂ ਕੋਲੋਂ ਵੋਟਾਂ ਮੰਗਣੀਆਂ ਕਾਫੀ ਔਖੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਲੋਕਾਂ ਦੀਆਂ ਉਮੀਦਾਂ ਉਤੇ ਖਰੀ ਨਹੀਂ ਉਤਰੀ ਅਤੇ ਪਿਛਲੇ 4 ਸਾਲ ਦੇ ਅਰਸੇ ਦੌਰਾਨ ਕਾਂਗਰਸ ਵੱਲੋਂ ਕੋਈ ਵੀ ਲੋਕ ਪੱਖੀ ਕੰਮ ਨਾ ਕੀਤੇ ਜਾਣ ਕਾਰਨ ਕਾਂਗਰਸੀ ਆਗੂ ਲੋਕਾਂ 'ਚ ਜਾਣ ਤੋਂ ਕਤਰਾ ਰਹੇ ਹਨ। ਅਜਿਹੇ 'ਚ ਜੇਕਰ ਸੂਬੇ ਵਿਚ ਮੁੜ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਉਤੇ ਵੋਟਾਂ ਮੰਗੀਆਂ ਗਈਆਂ ਤਾਂ ਰਾਜ ਦੇ ਲੋਕ ਸੋਚਣ ਲਈ ਮਜਬੂਰ ਹੋਣਗੇ।

**ਚੋਣਾਂ ਦੀ ਅਗਵਾਈ ਕੈਪਟਨ ਨੂੰ ਦੇਣ ਦੀ ਗੱਲ ਕਹੀ ਸੀ: ਜਾਖੜ**

ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮਗਰਲੇ ਕੁਝ ਦਿਨਾਂ ਤੋਂ ਪਾਰਟੀ ਅੰਦਰ ਉਨ੍ਹਾਂ ਦੇ ਬਿਆਨ ਨੂੰ ਲੈ ਕੇ ਚੱਲ ਰਹੇ ਵਿਵਾਦ ਸਬੰਧੀ ਸਪਸ਼ਟ ਕੀਤਾ ਕਿ ਉਨ੍ਹਾਂ ਕਦੀ ਵੀ ਇਹ ਨਹੀਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ 2022-2027 ਲਈ ਮੁੱਖ ਮੰਤਰੀ ਉਮੀਦਵਾਰ ਹੋਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ 2022 ਵਿਧਾਨ ਸਭਾ ਚੋਣਾਂ ਲਈ ਪਾਰਟੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ, ਜਿਸ ਲਈ ਇਕ ਤਰ੍ਹਾਂ ਨਾਲ ਚੋਣ ਮੁਹਿੰਮ ਸ਼ੁਰੂ ਹੋ ਚੁੱਕੀ ਹੈ ਤੇ ਇਸ ਚੋਣ ਮੁਹਿੰਮ ਦੀ ਅਗਵਾਈ ਵੀ ਕਿਸੇ ਵਲੋਂ ਕੀਤੀ ਹੀ ਜਾਣੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਮੁੱਦਾ ਆਉਂਦੀਆਂ ਚੋਣਾਂ ਜਿੱਤਣਾ ਹੈ, ਜਦੋਂ ਕਿ ਅਗਲੇ ਮੁੱਖ ਮੰਤਰੀ ਉਮੀਦਵਾਰ ਸਬੰਧੀ ਫੈਸਲਾ ਤਾਂ ਚੋਣ ਜਿੱਤਣ ਤੋਂ ਬਾਅਦ ਵਿਧਾਇਕਾਂ ਅਤੇ ਪਾਰਟੀ ਹਾਈਕਮਾਂਡ ਵਲੋਂ ਹੀ ਲਿਆ ਜਾਵੇਗਾ।

# ਚੋਣ ਤਿਆਰੀਆਂ ਵਜੋਂ ਪੰਜਾਬ ਸਰਕਾਰ ਨੇ ਲੋਕਾਂ ਨੂੰ ਲੁਭਾਉਣਾ ਸ਼ੁਰੂ ਕਰ ਦਿੱਤਾ

ਚੰਡੀਗੜ੍ਹ - ਵਿਧਾਨ ਸਭਾ ਚੋਣਾਂ ਵਿਚ ਥੋੜ੍ਹਾ ਸਮਾਂ ਬਾਕੀ ਰਹਿਣ ਕਰਕੇ ਕੈਪਟਨ ਸਰਕਾਰ ਨੇ ਹੁਣ ਲੋਕ ਲੁਭਾਊ ਨੀਤੀਆਂ ਦਾ ਪਟਾਰਾ ਖੋਲ੍ਹ ਦਿੱਤਾ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਆਰਥਿਕ ਪੱਖੋਂ ਕਮਜ਼ੋਰ ਵਰਗਾਂ(ਈ.ਡਬਲਿਊ.ਐਸ.) ਲਈ ਨਵੀਂ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਨਾਲ ਗਰੀਬ ਲੋਕਾਂ ਲਈ 25 ਹਜ਼ਾਰ ਤੋਂ ਵਧੇਰੇ ਮਕਾਨਾਂ ਦੀ ਉਸਾਰੀ ਦਾ ਰਾਹ ਖੁੱਲ੍ਹ ਗਿਆ ਹੈ। ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੀ ਗਈ ਨਵੀਂ ਨੀਤੀ ਤਹਿਤ ਨਿਰਮਾਣਕਾਰੀਆਂ ਅਤੇ ਅਥਾਰਟੀਆਂ ਲਈ ਪ੍ਰੋਜੈਕਟ ਖੇਤਰ ਦਾ 5 ਫੀਸਦ ਨਿਰਮਾਣ ਈ. ਡਬਲਿਊ. ਐਸ. ਹਾਊਸਿੰਗ ਵਾਸਤੇ ਲੋੜੀਂਦਾ ਹੋਵੇਗਾ। ਕਿਹਾ ਜਾ ਰਿਹਾ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਤਿਆਰ ਕੀਤਾ ਜਾ ਰਿਹਾ ਵੀ ਚੋਣਾਂ ਨੂੰ ਧਿਆਨ ਵਿਚ ਬਣਾਇਆ ਗਿਆ ਹੈ।

ਇਨ੍ਹਾਂ ਘਰਾਂ ਦਾ ਨਿਰਮਾਣ ਢੁਕਵੇਂ ਮਾਪ ਦੀਆਂ ਥਾਵਾਂ ਵਿਚ ਕੀਤਾ ਜਾਵੇਗਾ, ਜਿਸ ਵਿਚ ਸਕੂਲ, ਕਮਿਊਨਿਟੀ ਸੈਂਟਰ ਅਤੇ ਡਿਸਪੈਂਸਰੀਆਂ ਢੁਕਵੀਆਂ ਥਾਵਾਂ 'ਤੇ ਬਣਾਈਆਂ ਜਾਣਗੀਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਇਸ ਨਵੀਂ ਨੀਤੀ ਤਹਿਤ ਘਰਾਂ ਦੀ ਉਸਾਰੀ ਬਰਿੱਕਲੈਂਸ ਤਕਨੀਕ ਰਾਹੀਂ ਹੋਵੇਗੀ। ਇਹ ਘਰ ਯੋਗ ਪਰਿਵਾਰਾਂ ਨੂੰ ਮੁਨਾਸਿਬ ਰੇਟਾਂ 'ਤੇ ਮਹੀਨਾਵਾਰ ਕਿਸ਼ਤਾਂ ਉਤੇ ਦਿੱਤੇ ਜਾਣਗੇ। ਇਨ੍ਹਾਂ ਪਰਿਵਾਰਾਂ ਨੂੰ ਵਿੱਤ ਬੈਂਕਾਂ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਯੋਗ ਲਾਭਪਾਤਰੀਆਂ ਨੂੰ ਪੰਜਾਬ ਵਿਚ ਜਨਮ ਦਾ ਸਬੂਤ ਦੇਣਾ ਹੋਵੇਗਾ। ਨਵੀਂ ਨੀਤੀ ਤਹਿਤ ਅਲਾਟ ਰਿਹਾਇਸ਼ੀ ਯੂਨਿਟ ਨੂੰ 15 ਸਾਲ ਤੱਕ ਵੇਚਣ, ਤੋਹਫੇ ਵਜੋਂ ਦੇਣ, ਗਹਿਣੇ ਰੱਖਣ, ਤਬਾਦਲਾ ਜਾਂ ਲੰਬੀ ਲੀਜ਼ 'ਤੇ ਦੇਣ ਦੀ ਮਨਾਹੀ ਹੋਵੇਗੀ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਮੋਟਰ ਵਹੀਕਲ ਕਰ ਦੀ ਵਸੂਲੀ ਅਤੇ ਜਿਥੇ ਵੀ ਲਾਗੂ ਹੋਵੇ, ਇਸ ਦੇ ਰਿਫੰਡ ਦੀ ਪ੍ਰਕਿਰਿਆ ਸੁਖਾਲੀ ਬਣਾਉਣ ਲਈ 'ਦਿ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ, 1924 (ਸੋਧਿਆ)' ਦੇ ਸੈਕਸਨ ਤਿੰਨ ਅਤੇ ਸ਼ਡਿਊਲ ਵਿਚ ਸੋਧ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਸੋਧ ਮੋਟਰ ਕਾਰ ਜਾਂ ਮੋਟਰਸਾਈਕਲ ਮਾਲਕ ਵੱਲੋਂ ਕਿਸੇ ਹੋਰ ਸੂਬੇ ਵਿਚ ਵਾਹਨ ਸਮੇਤ ਪ੍ਰਵਾਸ ਕਰ ਜਾਣ ਅਤੇ ਪੰਜਾਬ ਦਾ ਨਿਵਾਸੀ ਨਾ ਰਹਿਣ ਜਾਂ ਪੰਜਾਬ ਤੋਂ ਬਾਹਰ ਨਿਵਾਸ ਕਰਦੇ ਕਿਸੇ ਵਿਅਕਤੀ ਦੇ ਨਾਂ ਮਾਲਕਾਨਾ ਹੱਕ ਤਬਦੀਲ ਕਰਨ ਦੀ ਸੂਰਤ ਵਿਚ ਅਦਾ ਕੀਤੇ ਜਾਣ ਵਾਲੇ ਇਕਮੁਸਤ ਕਰ ਦੇ ਰਿਫੰਡ ਵਰਗੇ ਮੁੱਦਿਆਂ ਨਾਲ ਸਬੰਧਤ ਹੈ।

ਇਸੇ ਤਰ੍ਹਾਂ ਨਵੇਂ ਸਟੇਜ ਕੈਰਿਜ ਪਰਮਿਟ ਜਾਰੀ ਕਰਨ ਵੇਲੇ ਅਜਿਹੀਆਂ ਬੱਸਾਂ 'ਤੇ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਇਕ ਵਾਰੀ ਦਾ ਕਰ ਵਸੂਲਿਆ ਜਾਵੇਗਾ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਦੇ ਕਾਮਨ ਕਾਡਰ ਦੀ ਵੰਡ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

**ਮਿਨੀ ਬੱਸ ਪਰਮਿਟ ਪਾਲਿਸੀ ਅਧੀਨ ਪਰਮਿਟਾਂ ਦੀ ਵੰਡ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੇਂਡੂ ਨੌਜਵਾਨਾਂ ਲਈ ਤਿੰਨ ਹਜ਼ਾਰ ਮਿਨੀ ਬੱਸ ਪਰਮਿਟਾਂ ਦੀ ਵੰਡ ਦੀ ਵਰਚੁਅਲ ਸ਼ੁਰੂਆਤ ਕਰਦੇ ਹੋਏ 'ਸੀਮਾ ਰਹਿਤ ਮਿਨੀ ਬੱਸ ਪਰਮਿਟ ਪਾਲਿਸੀ' ਦਾ ਐਲਾਨ ਕੀਤਾ, ਜਿਸ ਤਹਿਤ ਪੇਂਡੂ ਨੌਜਵਾਨਾਂ ਲਈ ਅਜਿਹੇ ਪਰਮਿਟਾਂ ਲਈ ਅਪਲਾਈ ਕਰਨ ਵਾਸਤੇ ਕੋਈ ਸਮਾਂ-ਸੀਮਾ ਨਹੀਂ ਹੈ। ਮੁੱਖ ਮੰਤਰੀ ਨੇ ਸੰਕੇਤਕ ਤੌਰ 'ਤੇ ਪੰਜ ਲਾਭਪਾਤਰੀਆਂ ਨੂੰ ਪਰਮਿਟ ਦਿੱਤੇ। ਉਨ੍ਹਾਂ ਦੱਸਿਆ ਕਿ ਭਾਵੇਂ ਕਿ ਅੱਜ 3,000 ਪਰਮਿਟ ਸੌਂਪੇ ਜਾ ਰਹੇ ਹਨ ਪਰ ਇਸ ਸਾਲ ਵਿਚ 8,000 ਪਰਮਿਟ ਹੋਰ ਜਾਰੀ ਕੀਤੇ ਜਾਣਗੇ। ਇਸ ਤਰ੍ਹਾਂ ਸਾਲ ਦੇ ਅੰਤ ਤੱਕ ਕੁੱਲ 11,000 ਪਰਮਿਟ ਵੰਡੇ ਜਾਣਗੇ। ਮੁੱਖ ਮੰਤਰੀ ਵੱਲੋਂ ਟਰਾਂਸਪੋਰਟ ਵਿਭਾਗ ਦੀ ਹਾਈਟੈੱਕ ਸੰਸਥਾ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਕੈਪਟਨ ਅਮਰਿੰਦਰ ਨੇ ਟਰਾਂਸਪੋਰਟ ਵਿਭਾਗ ਨੂੰ ਸਾਰੇ ਬੱਸ ਪਰਮਿਟਾਂ ਦੀਆਂ ਅਰਜ਼ੀਆਂ ਦੀ ਪ੍ਰਾਪਤੀ ਅਤੇ ਅਗਲੇਰੀ ਪ੍ਰਕਿਰਿਆ ਲਈ ਅਗਲੇ ਤਿੰਨ ਮਹੀਨਿਆਂ ਵਿਚ ਵਰਤੋਂਕਾਰ ਪੱਖੀ ਆਨਲਾਈਨ ਸੁਵਿਧਾ ਸਿਰਜਣ ਦੀ ਹਦਾਇਤ ਵੀ ਕੀਤੀ।

# ਭਾਰਤੀ ਸਮਾਜ ਵਿੱਚ ਵਿਆਹ ਅਤੇ ਵਿਆਹ-ਬਾਹਰੇ ਸਬੰਧ

**(ਸਫਾ 16 ਦੀ ਬਾਕੀ)**

ਦਾ ਉਸਦੀ ਜਾਇਦਾਦ ਪੁਰ ਕਾਨੂੰਨੀ ਅਧਿਕਾਰ ਹੋਵੇਗਾ ਤੇ ਉਹ ਉਸਦੀ ਵਾਰਿਸ ਮੰਨੀ ਜਾਇਗੀ। ਦਸਿਆ ਗਿਆ ਹੈ ਕਿ ਅਦਾਲਤ ਨੇ ਇਹ ਫੈਸਲਾ ਜਾਇਦਾਦ ਨਾਲ ਜੁੜੇ ਇੱਕ ਮਾਮਲੇ ਪੁਰ ਸੁਣਵਾਈ ਕਰਦਿਆਂ ਦਿੱਤਾ ਹੈ। ਇਹ ਵੀ ਦਸਿਆ ਗਿਆ ਕਿ ਅਦਾਲਤ ਨੇ ਇਹ ਫੈਸਲਾ ਦਿੰਦਿਆਂ ਇਹ ਵੀ ਕਿਹਾ ਕਿ ਭਾਰਤੀ ਕਾਨੂੰਨ, ਬਿਨਾ ਵਿਆਹ ਦੇ 'ਲਿਵ-ਇਨ-ਰਿਲੇਸ਼ਨ' ਵਿਚ ਰਹਿਣ ਦੇ ਵਿਰੁਧ ਹੈ। ਇਸ ਫੈਸਲੇ ਨਾਲ ਦੋ ਤੱਥ ਸਾਫ ਹੁੰਦੇ ਹਨ। ਇੱਕ ਤਾਂ ਇਹ ਕਿ ਤੀਵੀਂ ਦਾ ਅਧਿਕਾਰ ਜੀਵਨ-ਸਾਥੀ ਨਾਲ ਕਾਨੂੰਨੀ ਵਿਆਹ ਨਾ ਕਰਨ ਦੀ ਸਥਿਤੀ ਵਿੱਚ ਵੀ ਘਟ ਨਹੀਂ ਹੋ ਜਾਂਦਾ। ਦੂਸਰਾ, ਇਹ ਕਿ ਕਾਨੂੰਨ ਲਿਵ-ਇਨ-ਰਿਲੇਸ਼ਨ ਨੂੰ ਸਵੀਕਾਰਦਾ ਤਾਂ ਹੈ, ਪ੍ਰੰਤੂ ਉਸਨੂੰ ਜਾਇਜ਼ ਨਹੀਂ ਮੰਨਦਾ। ਇਸ ਫੈਸਲੇ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਇੱਕ ਪਾਸੇ ਤਾਂ ਦੇਸ਼ ਵਿੱਚ ਅੱਜ ਵੀ ਵਿਆਹ ਸੰਸਥਾ ਮਜ਼ਬੂਤ ਹੈ ਅਤੇ ਦੂਸਰੇ ਪਾਸੇ ਸਹਿ-ਜੀਵਨ ਨੂੰ ਲੈ ਕੇ ਸਮਾਜ ਵਿੱਚ ਇਹ ਬਹਿਸ ਛਿੜੀ ਹੋਈ ਹੈ, ਕਿ ਇਹ ਰਿਸ਼ਤਾ ਕੇਵਲ ਕਾਨੂੰਨ ਦਾ ਮਾਮਲਾ ਹੈ ਜਾਂ ਨੈਤਿਕਤਾ ਜਾਂ ਸਮਾਜਿਕਤਾ ਦਾ ਜਾਂ ਫਿਰ ਇਸਤੋਂ ਵੀ ਕਿਤੇ ਵੱਧ ਕੁਝ ਹੋਰ? ਮੈਟਰੋਪਾਲਿਟਨ ਸੰਸਕ੍ਰਿਤੀ ਅਹਿਸਤਾ-ਆਹਿਸਤਾ ਸਹਿ-ਜੀਵਨ ਨੂੰ ਪ੍ਰਵਾਨਦੀ ਚਲੀ ਜਾ ਰਹੀ ਹੈ, ਪ੍ਰੰਤੂ ਸੁਆਲ ਇਹ ਵੀ ਹੈ ਕਿ ਅਜਿਹੇ ਕਿਹੜੇ ਕਾਰਣ ਹਨ, ਜਿਨ੍ਹਾਂ ਦੇ ਚਲਦਿਆਂ ਯੁਵਾ ਵਰਗ 'ਵਿਆਹ' ਸੰਸਥਾ ਨੂੰ ਤਿਲਾਂਜਲੀ ਦੇ 'ਸਹਿ-ਜੀਵਨ' ਅਪਨਾਣ ਵਲ ਵਧੱਦਾ ਜਾ ਰਿਹਾ ਹੈ?

ਮਾਨਵੀ ਮਾਨਸਿਕਤਾ ਤੋਂ ਜਾਣੂ ਮਾਹਿਰਾਂ ਅਨੁਸਾਰ ਯੁਵਾ ਪੀੜੀ ਆਰਥਕ ਸੁਤੰਤਰਤਾ ਦੇ ਨਾਲ ਵਿਚਾਰਕ ਅਜ਼ਾਦੀ ਅਤੇ ਬੰਧਨ-ਹੀਨ ਜੀਵਨ ਨੂੰ ਪਹਿਲ ਦੇਣ ਲਗੀ ਹੈ, ਕਿਉਂਕਿ ਉਸਦੀਆਂ ਨਜ਼ਰਾਂ ਵਿੱਚ ਪਰੰਪਰਕ ਵਿਆਹੁਤਾ ਜੀਵਨ ਦੀਆਂ ਬੰਦਸ਼ਾਂ ਬਹੁਤ ਜ਼ਿਆਦਾ ਹਨ। 'ਸਹਿ-ਜੀਵਨ' ਦੀ ਅਰੰਭਤਾ ਉਹੀ ਯੁਵਾ ਕਰਦੇ ਹਨ, ਜੋ 'ਪ੍ਰੇਮ' ਸੰਬੰਧਾਂ ਵਿੱਚ ਹਨ। ਪ੍ਰੰਤੂ ਇਹ ਇੱਕ ਸਰਬ ਪ੍ਰਵਾਨਤ ਮਾਨਤਾ ਹੈ ਕਿ ਦੋ ਵਿਅਕਤੀਆਂ ਦਾ ਇੱਕ ਛੱਤ ਹੇਠ ਰਹਿਣਾ ਜ਼ਿਮੇਂਦਾਰੀਆਂ ਦੀ ਅਰੰਭਤਾ ਹੈ। ਫਿਰ ਕਿਵੇਂ ਸਹਿ-ਜੀਵਨ ਨੂੰ ਜ਼ਿਮੇਂਦਾਰੀਆਂ ਤੋਂ ਬਚਾਅ ਦਾ ਰਸਤਾ ਸਵੀਕਾਰਿਆ ਜਾ ਸਕਦਾ ਹੈ? ਇਨ੍ਹਾਂ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਮਾਮਲੇ ਦਾ ਦੂਸਰਾ ਪਹਿਲੂ ਇਹ ਵੀ ਹੈ ਕਿ ਭਾਵੇਂ ਅਸੀਂ 'ਸਹਿ-ਜੀਵਨ' ਨੂੰ ਨੈਤਿਕਤਾ ਦੀ ਕਸੌਟੀ ਤੇ ਪਰਖਦਿਆਂ ਕਟਹਿਰੇ ਵਿੱਚ ਖੜਿਆਂ ਕਰਦੇ ਰਹੀਏ, ਪ੍ਰੰਤੂ ਇਸ ਨਾਲ ਇਸ ਸੱਚਾਈ ਨੂੰ ਨਹੀਂ ਬਦਲਿਆ ਜਾ ਸਕਦਾ ਕਿ 'ਸਹਿ-ਜੀਵਨ' ਸਾਡੀ ਸਮਾਜਕ ਵਿਵਸਥਾ ਵਿੱਚ ਘੁਸਪੈਠ ਕਰ ਚੁਕਾ ਹੈ।

**'ਸਹਿ-ਜੀਵਨ' ਬਨਾਮ ਛੇੜਖਾਨੀ :** ਮਿਲੀ ਜਾਣਕਾਰੀ ਅਨੁਸਾਰ ਇੱਕ ਔਰਤ ਨੇ ਦਿੱਲੀ ਦੇ ਬਾੜਾ ਹਿੰਦੂ ਰਾਓ ਥਾਣੇ ਵਿੱਚ ਇੱਕ ਯੁਵਕ ਵਿਰੁਧ ਐਫਆਈਆਰ ਦਰਜ ਕਰਵਾਈ। ਜਿਸ ਵਿੱਚ ਉਸਨੇ ਇੱਕ ਪਾਸੇ ਤਾਂ ਇਹ ਸਵੀਕਾਰ ਕੀਤਾ ਕਿ ਉਹ, ਉਸ ਨੌਜਵਾਨ (੨੪ ਵਰ੍ਹੇ) ਦੇ ਨਾਲ ਬੀਤੇ ਦੋ ਵਰ੍ਹਿਆਂ ਤੋਂ 'ਲਿਵ-ਇਨ ਰਿਲੇਸ਼ਨਸ਼ਿਪ' ਵਿੱਚ ਰਹਿ ਰਹੀ ਹੈ ਅਤੇ ਦੂਸਰੇ ਪਾਸੇ ਉਸਨੇ ਉਸ ਪੁਰ ਆਪਣੇ ਨਾਲ ਸ਼ਰੀਰਕ ਛੇੜਖਾਨੀ ਕਰਨ ਦਾ ਦੋਸ਼ ਲਾਇਆ ਅਤੇ ਇਹ ਵੀ ਕਿਹਾ ਕਿ ਉਸਨੇ ਉਸ ਨਾਲ ਬਲਾਤਕਾਰ ਕਰਨ ਦੀ ਕੌਸ਼ਿਸ਼ ਵੀ ਕੀਤੀ। ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਪੁਲਿਸ ਨੇ ਤਾਂ ਯੁਵਕ ਵਿਰੁੱਧ ਮੁਕਦਮਾ ਦਰਜ ਕਰ ਲਿਆ, ਪ੍ਰੰਤੂ ਜਦੋਂ ਮਾਮਲਾ ਅਦਾਲਤ ਵਿੱਚ ਪੁਜਾ ਤਾਂ ਸ਼ਿਕਾਇਤ ਵਿੱਚ ਦਰਜ, ਕਿ ਉਹ ਦੋ ਵਰ੍ਹਿਆਂ ਤੋਂ ਯੁਵਕ ਨਾਲ ਲਿਵ-ਇਨ-ਰਿਲੇਸ਼ਨ' ਵਿੱਚ ਰਹਿ ਰਹੀ ਹੈ, ਨੇ ਮੁਕਦਮੇ ਦਾ ਪਾਸਾ ਪਲਟ ਦਿੱਤਾ ਤੇ ਅਦਾਲਤ ਨੇ ਇਹ ਆਖਦਿਆਂ ਯੁਵਕ ਨੂੰ ਅਗੇਤੀ ਜ਼ਮਾਨਤ ਦੇ ਦਿੱਤੀ ਕਿ 'ਲਿਵ-ਇਨ-ਰਿਲੇਸ਼ਨ' ਵਿੱਚ ਰਹਿੰਦਿਆਂ ਛੇੜਖਾਨੀ ਦਾ ਦੋਸ਼ ਲਾਣਾ ਜਾਇਜ਼ ਨਹੀਂ। ਸ਼ਿਕਾਇਤ-ਕਰਤਾ ਅਤੇ ਯੁਵਕ ਦੋਵੇਂ ਬਾਲਗ ਹਨ ਅਤੇ ਇਸਤਰ੍ਹਾਂ ਦੇ ਸੰਬੰਧਾਂ ਦੇ ਨਤੀਜਿਆਂ ਤੋਂ ਉਹ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਜਾਣੂ ਹੋਣਗੇ।

ਅਜਿਹੀ ਹਾਲਤ ਵਿੱਚ ਪਹਿਲੀ ਨਜ਼ਰ ਵਿੱਚ ਯੁਵਕ ਵਿਰੁੱਧ ਲਾਏ ਗਏ ਛੇੜਖਾਨੀ ਅਤੇ ਪਿਛਾ ਕਰਨ ਦੇ ਦੋਸ਼ ਬਿਲਕੁਲ ਬੇਬੁਨਿਆਦ ਨਜ਼ਰ ਆ ਰਹੇ ਹਨ। ਇਸਦੇ ਨਾਲ ਹੀ ਅਦਾਲਤ ਨੇ ਇੱਕ ਪਾਸੇ ਔਰਤ ਨੂੰ ਆਪਣਾ ਪੱਖ ਵਿਸਥਾਰ ਨਾਲ ਪੇਸ਼ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਜੇ ਉਹ (ਸ਼ਿਕਾਇਤ-ਕਰਤਾ) ਸੱਚਮੁੱਚ ਪੀੜਤ ਹੈ ਤਾਂ ਉਹ ਤੱਥਾਂ ਨਾਲ ਪੇਸ਼ ਹੋਵੇ ਅਤੇ ਦੂਸਰੇ ਪਾਸੇ ਯੁਵਕ ਨੂੰ ਹਿਦਾਇਤ ਕਰਦਿਆਂ ਕਿਹਾ ਕਿ ਭਾਵੇਂ ਪਹਿਲੀ ਨਜ਼ਰ ਵਿੱਚ ਉਹ ਦੋਸ਼ੀ ਨਹੀਂ ਸਾਬਤ ਹੁੰਦਾ, ਇਸਲਈ ਉਸਦੇ ਹੱਕ ਵਿੱਚ ਆਦੇਸ਼ ਜਾਰੀ ਕੀਤਾ ਗਿਆ ਹੈ, ਫਿਰ ਵੀ ਉਹ ਪੁਲਿਸ ਨੂੰ ਜਾਂਚ ਵਿੱਚ ਪੂਰਾ ਸਹਿਯੋਗ ਦੇਵੇ। ਜਿਸ ਸਮੇਂ ਵੀ ਉਸਨੂੰ ਪੁਲਿਸ ਵਲੋਂ ਬੁਲਾਇਆ ਜਾਏ ਉਹ ਉਸ ਪਾਸ ਜਾਏ ਤੇ ਪੁਛੇ ਗਏ ਹਰ ਸੁਆਲ ਦਾ ਜਵਾਬ ਦੇਵੇ।

ਸ਼ਹਿ-ਜੀਵਨ ਬਨਾਮ ਬਲਾਤਕਾਰ :ਖਬਰਾਂ ਅਨੁਸਾਰ ਦਿੱਲੀ ਹਾਈਕੋਰਟ ਨੇ 'ਲਿਵ-ਇਨ-ਰਿ-ਲੇਸ਼ਨਸ਼ਿਪ' ਦੇ ਮਾਮਲਿਆਂ ਨੂੰ ਬਲਾਤਕਾਰ ਦੀਆਂ ਧਾਰਾਵਾਂ ਵਿੱਚ ਦਰਜ ਕਰਨ ਦੀ ਮੰਗ ਨੂੰ ਅਸਵੀਕਾਰ ਕਰ ਦਿੱਤਾ ਹੈ। ਦਸਿਆ ਗਿਆ ਹੈ ਕਿ ਇਸ ਮਾਮਲੇ ਵਿੱਚ ਇੱਕ ਜਨਹਿਤ ਪਟੀਸ਼ਨ ਰਾਹੀਂ ਮੰਗ ਕੀਤੀ ਗਈ ਸੀ ਕਿ ਆਈਪੀਸੀ ਦੇ ਤਹਿਤ ਬਲਾਤਕਾਰ ਨੂੰ ਉਸਦੀਆਂ ਧਾਰਾਵਾਂ ਹੇਠ ਦਰਜ ਕੀਤਾ ਜਾਏ।

ਦਿੱਲੀ ਹਾਈਕੋਰਟ ਦੇ ਚੀਫ ਜੱਜ, ਜਸਟਿਸ ਜੀ ਰੋਹਿਣੀ ਅਤੇ ਜਸਟਿਸ ਆਰਐਸ ਏਂਡਲਾ ਦੀ ਬੈਂਚ ਨੇ ਇਸ ਸੰਬੰਧੀ ਦਾਇਰ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਮਾਮਲਾ ਕੋਰਟ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਅਦਾਲਤ ਕਿਸੇ ਵੀ ਅਧਾਰ ਤੇ ਪੁਲਿਸ ਨੂੰ ਇਹ ਨਹੀਂ ਕਹਿ ਸਕਦੀ ਕਿ ਉਹ ਫਲਾਂ ਨੂੰ ਗ੍ਰਿਫਤਾਰ ਕਰ ਲਏ ਤੇ ਫਲਾਂ ਨੂੰ ਛੱਡ ਦੇਵੇ। ਜੇ ਉਹ ਅਜਿਹਾ ਕਰਦੀ ਹੈ ਤਾਂ ਇਹ ਬਲਾਤਕਾਰ ਦੇ ਕਾਨੂੰਨ ਦੀ ਦੁਰਵਰਤੋਂ ਹੋਵੇਗੀ। ਦਸਿਆ ਜਾਂਦਾ ਹੈ ਕਿ ਐਡਵੋਕੇਟ ਅਨਿਲ ਦੱਤਾ ਸ਼ਰਮਾ ਨੇ ਅਦਾਲਤ ਵਿੱਚ ਇਕ ਪਟੀਸ਼ਨ ਦਾਇਰ ਕਰ ਮੰਗ ਕੀਤੀ ਸੀ ਕਿ 'ਲਿਵ-ਇਨ-ਰਿਲੇਸ਼ਨਸ਼ਿਪ' ਦੇ ਮਾਮਲਿਆਂ ਵਿੱਚ ਧੋਖਾਧੜੀ ਅਤੇ ਬਲਾਤਕਾਰ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਹੋਣਾ ਚਾਹੀਦਾ ਹੈ।

**ਅਤੇ ਅੰਤ ਵਿੱਚ :** ਦਸਿਆ ਗਿਆ ਹੈ ਕਿ ਗੁਜ਼ਾਰੇ ਭੱਤੇ ਦੇ ਇੱਕ ਮਾਮਲੇ ਵਿੱਚ ਸੁਪ੍ਰੀਮ ਕੋਰਟ ਨੇ ਮੁੰਬਈ ਹਾਈਕੋਰਟ ਦੇ ਉਸ ਫੈਸਲੇ 'ਤੇ ਮੋਹਰ ਲਾ ਦਿੱਤੀ। ਜਿਸ ਵਿੱਚ ਇੱਕ ਸ਼ਾਦੀਸ਼ੁਦਾ ਯੁਵਕ ਨੂੰ ਆਪਣੇ ਨਾਲ 'ਲਿਵ-ਇਨ-ਰਿਲੇਸ਼ਨਸ਼ਿਪ' ਵਿੱਚ ਰਹਿ ਰਹੀ ਮਹਿਲਾ ਨੂੰ ਗੁਜ਼ਾਰਾ ਭੱਤਾ ਦੇਣ ਦਾ ਆਦੇਸ਼ ਦਿੱਤਾ ਗਿਆ ਸੀ। ਜਸਟਿਸ ਵਿਕਰਮਜੀਤ ਸੇਨ ਅਤੇ ਜਸਟਿਸ ਏਐਸ ਸਪਰੇ ਦੀ ਬੈਂਚ ਨੇ ਉਸ ਯੁਵਕ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ ਉਸਨੇ ਦਾਅਵਾ ਕੀਤਾ ਸੀ ਕਿ ਮੁੰਬਈ ਹਾਈਕੋਰਟ ਵਲੋਂ 'ਲਿਵ-ਇਨ-ਰਿਲੇਸ਼ਨਸ਼ਿਪ' ਵਿੱਚ ਉਸ ਨਾਲ ਰਹਿ ਰਹੀ ਮਹਿਲਾ ਨੂੰ ਗੁਜ਼ਾਰਾ ਭੱਤਾ ਦੇਣ ਦਾ ਜੋ ਆਦੇਸ਼ ਦਿੱਤਾ ਗਿਆ ਹੈ, ਉਹ ਗਲਤ ਹੈ। ਉਸਦੀ ਪਹਿਲੀ ਸ਼ਾਦੀ ਕਾਨੂੰਨੀ ਹੈ ਤੇ ਅਜੇ ਵੀ ਬਰਕਰਾਰ ਹੈ। ਇਸ ਹਾਲਤ ਵਿੱਚ ਦੂਸਰੀ ਔਰਤ ਨੂੰ ਗੁਜ਼ਾਰਾ ਭੱਤਾ ਦੇਣ ਦਾ ਉਸਨੂੰ ਦਿੱਤਾ ਗਿਆ ਆਦੇਸ਼ ਅਨੁਚਿਤ ਹੈ। ਪਰ ਅਦਾਲਤ ਨੇ ਇਹ ਆਖ ਕਿ ਮੁੰਬਈ ਹਾਈਕੋਰਟ ਦਾ ਫੈਸਲਾ ਸਹੀ ਹੈ, ਉਸਦੀ ਪਟੀਸ਼ਨ ਖਾਰਜ ਕਰ ਦਿੱਤੀ।

# ਅਜਿਹੇ ਅਨੋਖੇ ਜਾਨਵਰ ਜਿਨ੍ਹਾਂ ਦੀ ਦੇਖਰੇਖ 'ਤੇ ਖ਼ਰਚ-ਹੁੰਦੇ ਕਰੋੜਾਂ ਰੁਪਏ

ਜਾਨਵਰ ਪਾਲਣਾ ਹੁਣ ਲੋਕਾਂ ਦਾ ਇਕ ਸ਼ੌਕ ਬਣ ਚੁੱਕਾ ਹੈ। ਜਿਨ੍ਹਾਂ ਦੀ ਵੱਖਰੀ ਬ੍ਰੀਡ ਹੁੰਦੀ ਹੈ ਓਨੀ ਹੀ ਜਿਆਦਾ ਇਨ੍ਹਾਂ ਦੀ ਕੀਮਤ। ਦੁਨੀਆ ਦੇ ਅਲੱਗ-ਅਲੱਗ ਦੇਸ਼ਾਂ ਵਿਚ ਤਾਂ ਅਜਿਹੇ ਜਾਨਵਰਾਂ ਦੀਆਂ ਪ੍ਰਜਾਤੀਆਂ ਮੌਜੂਦ ਹਨ ਜਿਨ੍ਹਾਂ ਦੀ ਸਾਂਭ-ਸੰਭਾਲ ਲਈ ਲੱਖਾਂ-ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ। ਆਪਣੀ ਅਨੋਖੀ ਕੀਮਤ ਦੀ ਵਜ੍ਹਾ ਨਾਲ ਇਨ੍ਹਾਂ ਨੇ ਰਿਕਾਰਡ ਬਣਾਇਆ ਹੋਇਆ ਹੈ। ਤਾਂ ਆਓ ਵਰਲਡ ਵਾਈਲਡ ਲਾਈਫ ਡੇਅ ਦੇ ਮੌਕੇ ਦੁਨੀਆ ਭਰ 'ਚ ਮੌਜੂਦ ਕੁਝ ਅਜਿਹੇ ਜਾਨਵਰਾਂ ਬਾਰੇ ਜਾਣਾਂਗੇ...

**ਅਜਿਹਾ ਝੋਟਾ ਜੋ ਖੁਦ ਪੀਂਦਾ ਹੈ ਰੋਜ਼ਾਨਾ 20 ਲੀਟਰ ਦੁੱਧ**

ਦੁਨੀਆਂ ਦਾ ਸਭ ਤੋਂ ਮਹਿੰਗਾ ਝੋਟਾ ਤੁਹਾਨੂੰ ਕੁਰੁਕਸ਼ੇਤਰ 'ਚ ਰਹਿਣ ਵਾਲੇ ਕਰਮਵੀਰ ਸਿੰਘ ਦੇ ਇੱਥੇ ਦੇਖਣ ਨੂੰ ਮਿਲ ਜਾਵੇਗਾ ਜਿਸ ਦੀ ਕੀਮਤ 9 ਕਰੋੜ ਰੁਪਏ ਹੈ। ਮੁਰਰਾ ਨਸਲ ਦਾ ਇਹ ਝੋਟਾ ਦੁਨੀਆ ਭਰ ਵਿਚ ਮਸ਼ਹੂਰ ਹੈ। ਇਸ 'ਤੇ ਇੰਟਰਨੈਸ਼ਨਲ ਡਾਕੂਮੈਂਟਰੀ ਵੀ ਬਣ ਚੁੱਕੀ ਹੈ। ਇਸ ਦੀ ਲੰਬਾਈ 6.5 ਫੁੱਟ ਹੈ। ਇਸ 'ਤੇ ਰੋਜ਼ਾਨਾ 3500-4000 ਰੁਪਏ ਖ਼ਰਚ ਹੁੰਦੇ ਹਨ। ਇਸ ਦੇ ਸੀਮਨ (ਵੀਰਜ) ਨਾਲ ਸਾਲ ਭਰ 'ਚ ਲਗਪਗ 70-90 ਲੱਖ ਰੁਪਏ ਦੀ ਕਮਾਈ ਹੁੰਦੀ ਹੈ।

**ਸ਼ੇਰ ਦੀ ਤਰ੍ਹਾਂ ਨਜ਼ਰ ਆਉਣ ਵਾਲਾ ਤਿੱਬਤੀ ਮੈਸਟਿਫ ਕੁੱਤਾ**



ਇਹ ਦੁਨੀਆ ਦਾ ਸਭ ਤੋਂ ਵੱਡਾ ਡਾਗ ਹੈ ਜਿਹੜਾ ਦੇਖਣ ਵਿਚ ਬਿਲਕੁਲ ਸ਼ੇਰ ਵਾਂਗ ਲਗਦਾ ਹੈ। ਇਸ ਦੇ ਬੁੱਲ੍ਹ ਤੇ ਕੰਨ ਲਟਕੇ ਹੋਏ ਹੁੰਦੇ ਹਨ ਤੇ ਇਹ ਸਫੈਦ, ਲਾਲ, ਭੂਰੇ ਤੇ ਕਾਲੇ ਰੰਗਾਂ 'ਚ ਪਾਏ ਜਾਂਦੇ ਹਨ। ਇਹ ਬਾਘਾਂ ਦੇ ਨਾਲ ਵੀ ਇਕੱਲੇ ਲੜ ਸਕਦਾ ਹੈ। ਇਸ ਦੀ ਕੀਮਤ ਲਗਪਗ 5,82,000 ਡਾਲਰ (4,23,34,680 ਰੁਪਏ) ਹੈ।

**ਸ਼ੇਰ ਦਾ ਇਹ ਬੱਚਾ**

ਸਫੈਦ ਰੰਗ ਦੇ ਸ਼ੇਰ ਦੇ ਬੱਚੇ ਨੂੰ ਤੁਸੀਂ ਸਿਰਫ਼



ਅਫ਼ਰੀਕੀ ਸਫ਼ਾਰੀ 'ਚ ਹੀ ਦੇਖ ਸਕਦੇ ਹੋ ਕਿਉਂਕਿ ਇਹ ਬਹੁਤ ਹੀ ਦੁਰਲੱਭ ਹੁੰਦੇ ਹਨ। ਸਾਲ 1938 'ਚ ਤਿੱਬਤੀ ਖੇਤਰ 'ਚ ਇਨ੍ਹਾਂ ਨੂੰ ਪਹਿਲੀ ਵਾਰ ਦੇਖਿਆ ਗਿਆ ਸੀ। ਸਫੈਦ ਰੰਗ ਜਾਂ ਚਮਕਦਾਰ ਅੱਖਾਂ ਦੀ ਵਜ੍ਹਾ ਨਾਲ ਇਹ ਬੇਹਦ ਖ਼ੂਬਸੂਰਤ ਲਗਦੇ ਹਨ। ਇਨ੍ਹਾਂ ਦੀ ਕੀਮਤ 1,40,000 ਡਾਲਰ (1,01,83,600) ਰੁਪਏ ਹੈ।

**ਉੱਤਰੀ ਅਮਰੀਕਾ 'ਚ ਪਾਈ ਜਾਂਦੀ ਹੈ ਸਭ ਤੋਂ ਮਹਿੰਗੀ ਗਾਂ**

ਹੋਲਸਟੀਨ ਬ੍ਰੀਡ ਦੀ ਇਸ ਗਾਂ ਦਾ ਨਾਂ ਈਸਟਸਾਈਡ ਲੈਵਿਸਡੇਲ ਗੋਲਡ ਮਿੱਸੀ ਹੈ। ਇਹ ਆਮ ਗਊਆਂ ਦੇ ਮੁਕਾਬਲੇ ਲਗਪਗ 10 ਗੁਣਾ ਜ਼ਿਆਦਾ ਦੁੱਧ ਦਿੰਦੀ ਹੈ। ਹੋਲਸਟੀਨ ਨਸਲ ਦੀ ਇਹ ਗਾਂ 40 ਹਜ਼ਾਰ ਲੀਟਰ ਤੋਂ ਜ਼ਿਆਦਾ ਦੁੱਧ ਦਿੰਦੀ ਹੈ ਜਿਸ ਵਿਚ ਫੈਟ ਵੀ ਹੋਰ ਗਾਵਾਂ ਦੇ ਮੁਕਾਬਲੇ ਜਿਆਦਾ ਹੁੰਦਾ ਹੈ। ਇਸ ਦੀ ਕੀਮਤ 22 ਕਰੋੜ ਰੁਪਏ ਹੈ।

**ਲੱਖਾਂ 'ਚ ਮਿਲਦਾ ਹੈ ਇਹ ਅਨੋਖਾ ਬਾਂਦਰ**

ਦੇਖਣ ਵਿਚ ਹੀ ਨਹੀਂ ਆਪਣੀ ਐਕਟੀਵਿਟੀਜ਼ ਕਾਰਨ ਵੀ ਇਹ ਬਾਂਦਰ ਕਾਫੀ ਖਾਸ ਹੈ। ਡੀ ਬ੍ਰਾਚਜ਼ਾ ਨਾਂ ਦੇ ਇਸ ਬਾਂਦਰ 'ਚ ਲੁਕਣ ਦੀ ਖਾਸ ਕਲਾ ਹੁੰਦੀ ਹੈ। ਅਫਰੀਕਾ ਦੇ ਜੰਗਲਾਂ 'ਚ ਪਾਇਆ ਜਾਣ ਵਾਲਾ ਇਹ ਬਾਂਦਰ 30 ਸਾਲ ਜਿਉਂਦਾ ਹੈ। ਇਸ ਦਾ ਕੰਮ ਆਪਣੀ ਕਮਿਊਨਿਟੀ ਤੇ ਪਰਿਵਾਰ ਦੀ ਰੱਖਿਆ ਕਰਨਾ ਹੁੰਦਾ ਹੈ। ਇਸ ਦੀ ਕੀਮਤ ਲਗਪਗ 7000 ਤੋਂ 10,000 ਡਾਲਰ (5,09,180 ਤੋਂ 7,27,4000 ਰੁਪਏ) ਹੈ।

# ਸੀਰੀਆ- ਬਰਬਾਦੀ ਦੇਖੀ ਪਰ ਅਸੀਂ ਕੁਝ ਆਜ਼ਾਦੀ ਹਾਸਲ ਕੀਤੀ?

(ਸਫਾ 14 ਦੀ ਬਾਕੀ)

ਮੇਰੇ ਪਤੀ ਨੂੰ ਤੁਰਕੀ ਵਿੱਚ ਕੰਮ ਕਰਨ ਲਈ ਸਾਨੂੰ ਛੱਡਣਾ ਪਿਆ ਅਤੇ ਮੁੜ ਉਹ ਸਾਨੂੰ ਮਿਲਣ ਨਹੀਂ ਆਏ। ਮੇਰਾ ਸਕੂਲ ਪੂਰਾ ਕਰਨ ਦਾ ਸੁਪਨਾ ਸੀ ਪਰ ਹੁਣ ਇਹ ਅਸੰਭਵ ਹੈ। ਮੈਂ ਅਲੇਪੋ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥਣ ਸੀ ਜਦੋਂ ਮੈਂ ਉੱਥੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਸੁਰੱਖਿਆ ਬਲਾਂ ਦੀਆਂ ਧਮਕੀਆਂ ਕਾਰਨ ਉਸ ਤੋਂ ਕੁਝ ਮਹੀਨਿਆਂ ਬਾਅਦ ਮੈਨੂੰ ਯੂਨੀਵਰਸਿਟੀ ਛੱਡਣੀ ਪਈ।

ਮੈਂ ਲੋਕਾਂ ਦੀ ਮਦਦ ਕਰਨੀ ਸ਼ੁਰੂ ਕੀਤੀ ਅਤੇ ਮਨੁੱਖਤਾਵਾਦੀ ਰਾਹਤ ਕਾਰਜਾਂ ਵਿੱਚ ਸ਼ਾਮਲ ਹੋ ਗਈ। 2019 ਵਿੱਚ ਮੈਂ ਆਪਣੇ ਪਤੀ ਅਤੇ ਬੱਚੇ ਨਾਲ ਆਪਣੇ ਗੁਆਂਢ ਵਿੱਚ ਹੋਈ ਗੋਲਾਬਾਰੀ ਤੋਂ ਬਚ ਗਈ ਅਤੇ ਉੱਤਰੀ ਇਦਲੀਬ ਦੇ ਇਲਾਕੇ ਵਿੱਚ ਇੱਕ ਸ਼ਰਨਾਰਥੀ ਕੈਂਪ ਵਿੱਚ ਪਨਾਹ ਲਈ। ਮੈਂ ਆਪਣੇ ਚਚੇਰੇ ਭਰਾਵਾਂ ਵਿੱਚੋਂ ਦੋ ਨੂੰ ਗੁਆ ਦਿੱਤਾ, ਜਦੋਂ ਉਨ੍ਹਾਂ ਦੇ ਘਰਾਂ 'ਤੇ ਬੰਬਾਰੀ ਕੀਤੀ ਗਈ। ਮੇਰੇ ਭਰਾ ਨੂੰ 2012 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੁਣ ਤੱਕ ਸਾਨੂੰ ਨਹੀਂ ਪਤਾ ਕਿ ਉਹ ਕਿੱਥੇ ਹੈ। ਪਰ ਮੈਨੂੰ ਕਦੇ ਇਹ ਅਫ਼ਸੋਸ ਨਹੀਂ ਹੋਇਆ ਕਿ ਅਸੀਂ ਕ੍ਰਾਂਤਕਾਰੀ ਹਾਂ। ਸਾਨੂੰ ਉਮੀਦ ਹੈ ਕਿ ਅਸੀਂ ਇਸ ਦਮਨਕਾਰੀ ਸ਼ਾਸਨ ਤੋਂ ਛੁਟਕਾਰਾ ਪਾਵਾਂਗੇ।

**ਫਾਦੀ ਮੋਸਿਲੀ, ਉਮਰ 40 ਸਾਲ, ਰੈੱਡ ਕਰਾਸ ਮੁਲਾਜ਼ਮ**

ਸਾਲ 2012 ਦੇ ਅੰਤ ਤੱਕ ਮੈਨੂੰ ਅਹਿਸਾਸ ਹੋਇਆ ਕਿ ਮੈਂ ਹੁਣ ਸੀਰੀਆ ਵਿੱਚ ਨਹੀਂ ਰਹਿ ਸਕਦਾ। ਮੇਰੇ ਨਜ਼ਦੀਕੀ ਦੋਸਤਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਮੈਨੂੰ ਖ਼ਤਰਾ ਮਹਿਸੂਸ ਹੋਇਆ।

ਮੈਂ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਡਰਿਆ ਹੋਇਆ ਸੀ। ਮੈਨੂੰ ਡਰ ਸੀ ਕਿ ਮੈਂ ਜੇਲ੍ਹ ਦੇ ਕੈਦੀਆਂ ਦੀ ਤਰ੍ਹਾਂ ਮਾਰਿਆ ਜਾਵਾਂਗਾ ਅਤੇ ਭੁਲਾ ਦਿੱਤਾ ਜਾਵਾਂਗਾ। ਮੈਨੂੰ ਤੁਰਕੀ ਜਾਣ ਦਾ ਰਸਤਾ ਮਿਲਿਆ ਅਤੇ ਫਿਰ ਜਰਮਨੀ।

ਸ਼ਾਇਦ ਵਿਦੇਸ਼ਾਂ ਵਿੱਚ ਹੋਣ ਨਾਲ ਸਾਡੀ ਆਵਾਜ਼ ਸੁਣੀ ਜਾ ਸਕਦੀ ਹੈ। ਮੈਂ ਹਮੇਸ਼ਾ ਸੀਰੀਆਈ ਲੋਕਾਂ ਦੇ ਅਧਿਕਾਰਾਂ ਦੀ ਮੰਗ ਕਰਨ ਅਤੇ ਸੀਰੀਆਈ ਸ਼ਰਨਾਰਥੀਆਂ ਦਾ ਬਚਾਅ ਕਰਨ ਲਈ ਜਰਮਨੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਮੈਂ ਇੱਕ ਸਿਆਸੀ ਪਾਰਟੀ ਵਿੱਚ ਵੀ ਸ਼ਾਮਲ ਹੋ ਗਿਆ। ਮੈਂ ਸੀਰੀਆ ਵਿੱਚ ਇੱਕ ਬਰਾਬਰ ਲੋਕਤੰਤਰ ਅਤੇ ਸੁਤੰਤਰ ਚੋਣਾਂ ਦਾ ਸੁਪਨਾ ਵੇਖਦਾ ਹਾਂ।

ਅਸੀਂ ਸਿਰਫ਼ ਦਮਨਕਾਰੀ ਸ਼ਾਸਨ ਦੀਆਂ ਗੋਲੀਆਂ ਦਾ ਬਦਲਾ ਲੈਣ ਲਈ ਆਜ਼ਾਦੀ ਦੀ ਮੰਗ ਕਰਨ ਲਈ ਸੜਕਾਂ 'ਤੇ ਉਤਰੇ। ਮੇਰੀਆਂ ਅੱਖਾਂ ਸਾਹਮਣੇ ਲੋਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਮਾਰ ਦਿੱਤਾ ਗਿਆ।

ਤਬਾਹੀ ਦੇ ਪਿਛਲੇ 10 ਸਾਲਾਂ ਨੇ ਮੇਰੇ 'ਤੇ ਆਪਣਾ ਦਰਦਨਾਕ ਅਸਰ ਛੱਡਿਆ ਪਰ ਮੈਨੂੰ ਅਜੇ ਵੀ ਉਮੀਦ ਹੈ ਕਿ ਇੱਕ ਦਿਨ ਅਸੀਂ ਆਜ਼ਾਦੀ ਦਾ ਆਨੰਦ ਲਵਾਂਗੇ ਅਤੇ ਅਜਿਹਾ ਤਬਾਹੀ ਲਈ ਜ਼ਿੰਮੇਵਾਰ ਲੋਕਾਂ ਨੂੰ ਸਲਾਖਾਂ ਦੇ ਪਿੱਛੇ ਸੁੱਟਾਂਗੇ। ਹਰ ਦਿਨ ਸੀਰੀਆ ਦੇ ਲੋਕਾਂ ਦਾ ਮਾਰੇ ਜਾਣਾ ਅਤੇ ਉੱਜੜਦੇ ਹੋਏ ਦੇਖਣਾ ਮੇਰੇ ਲਈ ਦਿਲ ਦਹਿਲਾ ਦੇਣ ਵਾਲਾ ਹੈ। ਪੂਰੀ ਦੁਨੀਆਂ ਦੇਖ ਰਹੀ ਹੈ ਪਰ ਕਤਲੇਆਮ ਰੋਕਣ ਲਈ ਕੁਝ ਨਹੀਂ ਕੀਤਾ। ਮੈਂ ਇੱਕ ਆਤਮਾ ਤੋਂ ਬਗੈਰ ਸਰੀਰ ਦੇ ਰੂਪ ਵਿੱਚ ਰਹਿੰਦਾ ਹਾਂ। ਮੈਂ ਸੀਰੀਆ ਵਿੱਚ ਆਪਣੀ ਜ਼ਿੰਦਗੀ ਦੇ ਬਿਤਾਏ ਦਿਨਾਂ ਨੂੰ ਯਾਦ ਕਰ ਰਿਹਾ ਹਾਂ, ਮੈਨੂੰ ਆਪਣੇ ਪਰਿਵਾਰ ਅਤੇ ਆਪਣੇ ਦੋਸਤਾਂ, ਦਰੱਖਤਾਂ ਅਤੇ ਗਲੀਆਂ ਦੀ ਯਾਦ ਆਉਂਦੀ ਹੈ ਜਿੱਥੇ ਮੈਂ ਰਹਿੰਦਾ ਸੀ। ਮੈਂ ਦਮਿਸ਼ਕ ਦੀਆਂ ਫੋਟੋਆਂ ਵੇਖਦਾ ਹਾਂ ਜਿੱਥੇ ਅਸੀਂ ਰਹਿੰਦੇ ਹੁੰਦੇ ਸੀ ਅਤੇ ਮੈਂ ਇਹ ਦੇਖ ਕੇ ਰੋਂਦਾ ਹਾਂ। ਇਹ ਮੇਰੇ ਦਿਲ ਨੂੰ ਤੋੜ ਦਿੰਦਾ ਹੈ ਕਿ ਮੈਂ ਆਪਣੀ ਮਾਂ ਦੀ ਕਬਰ 'ਤੇ ਵੀ ਨਹੀਂ ਜਾ ਸਕਦਾ ਜਿਹੜੇ ਕੁਝ ਸਾਲ ਪਹਿਲਾਂ ਗੁਜ਼ਰ ਗਏ ਸਨ।

**ਸਾਰਾ ਰੈਮੀ, ਉਮਰ 40 ਸਾਲ, ਅਧਿਆਪਕ**

ਜਦੋਂ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਮੈਂ ਆਪਣਾ ਘਰ (ਦਮਿਸ਼ਕ ਵਿੱਚ) ਛੱਡਣ ਤੋਂ ਬਹੁਤ ਡਰ ਗਿਆ। ਮੈਂ ਸਮਝ ਨਹੀਂ ਪਾਇਆ ਕਿ ਕੀ ਹੋ ਰਿਹਾ ਹੈ ਅਤੇ ਇਸ ਦਾ ਨਤੀਜਾ ਕੀ ਹੋ ਸਕਦਾ ਹੈ।

ਵਿਰੋਧ ਪ੍ਰਦਰਸ਼ਨ ਤੁਰੰਤ ਹੋਏ ਸਨ ਪਰ ਲੋਕਾਂ ਨੂੰ ਅਸਲ ਵਿੱਚ ਸੰਗਠਤ ਹੋਣ ਅਤੇ ਇੱਕ ਆਗੂ ਦੀ ਭਾਲ ਕਰਨ ਦੀ ਜ਼ਰੂਰਤ ਸੀ। ਮੈਂ ਬਹੁਤ ਚਿੰਤਤ ਸੀ ਕਿਉਂਕਿ ਕੁਝ ਲੋਕਾਂ ਨੇ ਆਜ਼ਾਦੀ ਦੀ ਮੰਗ ਕੀਤੀ ਸੀ, ਜਦੋਂਕਿ ਦੂਜੇ ਵੱਖ-ਵੱਖ ਧਰਮਾਂ ਦੇ ਸੀਰੀਆਈ ਲੋਕਾਂ ਵਿੱਚ ਸਖ਼ਤ ਭਾਵਨਾਵਾਂ ਭੜਕਾਉਣ ਵਾਲੀਆਂ ਸੰਪਰਦਾਈ ਮੰਗਾਂ ਦੇ ਸੰਕੇਤ ਉੱਭਰ ਰਹੇ ਸਨ।

ਅਸੀਂ ਮੁਸਲਮਾਨ ਅਤੇ ਈਸਾਈ ਭਾਈਚਾਰੇ ਦੇ ਲੋਕ ਹਮੇਸ਼ਾ ਇਕੱਠੇ ਰਹਿੰਦੇ ਸੀ ਅਤੇ ਸੰਕਟ ਤੋਂ ਪਹਿਲਾਂ ਅਸੀਂ ਕਦੇ ਵੀ ਵੱਖਰੇ ਨਹੀਂ ਮਹਿਸੂਸ ਕੀਤਾ ਸੀ ਪਰ ਕੁਝ ਮਹੀਨਿਆਂ ਬਾਅਦ ਮੈਂ ਆਪਣੇ ਯੂਨੀਵਰਸਿਟੀ ਦੇ ਉਹ ਕੁਝ ਦੋਸਤ ਗਵਾ ਦਿੱਤੇ ਜੋ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਉਨ੍ਹਾਂ ਦੇ ਭਾਈਚਾਰੇ ਅਤੇ ਉਨ੍ਹਾਂ ਦੇ ਸ਼ਹਿਰਾਂ ਬਾਰੇ ਪੁੱਛਗਿੱਛ ਕਰਨ ਲੱਗੇ।

ਜਿਵੇਂ-ਜਿਵੇਂ ਸਾਲ ਲੰਘਦੇ ਜਾ ਰਹੇ ਸਨ, ਗੋਲੇ ਸਾਡੇ ਉੱਤੇ ਲਗਾਤਾਰ ਡਿੱਗਦੇ ਰਹੇ। ਸਾਨੂੰ ਇਹ ਵੀ ਪਤਾ ਨਹੀਂ ਸੀ ਕਿ ਸਾਡੇ 'ਤੇ ਕੌਣ ਫਾਇਰ ਕਰ ਰਿਹਾ ਹੈ। ਮੇਰੀ ਭੈਣ ਨੂੰ ਸਾਲ 2016 ਵਿੱਚ ਦਮਿਸ਼ਕ ਵਿੱਚ ਉਸ ਸਮੇਂ ਮਾਰਿਆ ਗਿਆ ਸੀ ਜਦੋਂ ਉਹ ਇੱਕ ਰੈਸਟੋਰੈਂਟ ਵਿੱਚ ਸੀ। ਮੈਂ ਉਸ ਦੀ ਮੌਤ ਲਈ ਆਮ ਪ੍ਰਦਰਸ਼ਨਕਾਰੀਆਂ ਨੂੰ ਦੋਸ਼ੀ ਨਹੀਂ ਠਹਿਰਾਉਂਦਾ।

ਮੈਂ ਜਾਣਦਾ ਹਾਂ ਕਿ ਉਹ ਆਪਣੇ ਮੁੱਢਲੇ ਅਧਿਕਾਰਾਂ ਦੀ ਮੰਗ ਕਰ ਰਹੇ ਸਨ, ਪਰ ਦੂਜੇ ਕੱਟੜਪੰਥੀ ਬਣ ਗਏ ਅਤੇ ਉਨ੍ਹਾਂ ਨੇ ਸਾਡੇ ਵਿੱਚ ਦਹਿਸ਼ਤ ਫੈਲਾਈ। ਦਰਜਨਾਂ ਛੋਟੇ ਹਥਿਆਰਬੰਦ ਸਮੂਹਾਂ ਨੂੰ ਉਨ੍ਹਾਂ ਦੀ ਪਛਾਣ ਦੇ ਆਧਾਰ 'ਤੇ ਮਾਰਨ ਲੱਗੇ। ਸਰਕਾਰੀ ਮੁਲਾਜ਼ਮਾਂ ਨੂੰ ਸਿਰਫ਼ ਇਸ ਲਈ ਮਾਰਿਆ ਜਾ ਰਿਹਾ ਸੀ ਕਿਉਂਕਿ ਉਨ੍ਹਾਂ ਨੇ ਸਰਕਾਰ ਨਾਲ ਕੰਮ ਕੀਤਾ ਹੈ।

ਇਸ ਕਾਰਨ ਮੈਨੂੰ ਆਪਣੀ ਮਾਂ ਦੀ ਸੁਰੱਖਿਆ ਲਈ ਚਿੰਤਾ ਹੋਈ ਕਿਉਂਕਿ ਉਹ ਇੱਕ ਸਰਕਾਰੀ ਮੰਤਰਾਲੇ ਵਿੱਚ ਕੰਮ ਕਰਦੀ ਸੀ। ਇੱਕ ਵਾਰ ਉਨ੍ਹਾਂ ਦੀ ਬੱਸ ਨੂੰ ਕੰਮ ਤੋਂ ਜਾਂਦੇ ਸਮੇਂ ਬੰਬਾਂ ਨੇ ਨਿਸ਼ਾਨਾ ਬਣਾਇਆ ਪਰ ਉਹ ਸਹੀ ਸਲਾਮਤ ਘਰ ਪਰਤ ਆਈ ਸੀ। ਪਿਛਲੇ 10 ਸਾਲਾਂ ਨੇ ਮੈਨੂੰ ਤੋੜ ਦਿੱਤਾ ਹੈ। ਜਦੋਂ ਮੈਂ ਉੱਚੀਆਂ ਆਵਾਜ਼ਾਂ ਸੁਣਦਾ ਹਾਂ ਤਾਂ ਮੇਰਾ ਦਿਲ ਦਹਿਲ ਜਾਂਦਾ ਹੈ ਅਤੇ ਮੇਰਾ ਪੂਰਾ ਸਰੀਰ ਕੰਬਣ ਲੱਗ ਜਾਂਦਾ ਹੈ।

ਜਦੋਂ ਵੀ ਮੈਂ ਟੈਕਸੀ 'ਤੇ ਘਰ ਜਾਂਦਾ ਹਾਂ ਤਾਂ ਮੇਰੇ ਮਨ ਵਿੱਚ ਇੱਕ ਵਿਚਾਰ ਆਉਂਦਾ ਹੈ ਕਿ ਮਿੰਟ ਬਾਅਦ ਇੱਕ ਧਮਾਕਾ ਹੋ ਜਾਵੇਗਾ। ਇਹ ਹੁਣ ਸੁਰੱਖਿਅਤ ਹੋ ਸਕਦਾ ਹੈ ਪਰ ਆਰਥਿਕ ਸਥਿਤੀ ਸਹੀ ਨਹੀਂ ਹੈ। ਮੈਂ ਉਮੀਦ ਕਰਦਾ ਹਾਂ ਕਿ ਨਵੇਂ ਅਮਰੀਕੀ ਪ੍ਰਸ਼ਾਸਨ ਨਾਲ ਸੀਰੀਆ 'ਤੇ ਲੱਗੀਆਂ ਪਾਬੰਦੀਆਂ ਹਟਾਈਆਂ ਜਾ ਸਕਦੀਆਂ ਹਨ। ਇਹ ਆਮ ਲੋਕ ਹਨ ਜੋ ਸਭ ਤੋਂ ਵੱਧ ਦੁੱਖ ਬਰਦਾਸ਼ਤ ਕਰਦੇ ਹਨ, ਸਰਕਾਰ ਵਿੱਚ ਕੰਮ ਕਰਨ ਵਾਲੇ ਲੋਕ ਨਹੀਂ। ਇਹ ਹਮੇਸ਼ਾ ਸਾਡੇ ਲਈ ਹੁੰਦਾ ਹੈ ਜਿਨ੍ਹਾਂ ਨੂੰ ਕੀਮਤ ਚੁਕਾਉਣੀ ਪੈਂਦੀ ਹੈ।

# ਪਾਕਿਸਤਾਨ ਨਾਲ ਤਾਲਮੇਲ ਵਧਾਉਣਾ ਸਮੇਂ ਦੀ ਲੋੜ

(ਸਫਾ 10 ਦੀ ਬਾਕੀ)

ਅਹਿਸਾਸ ਹੈ ਕਿ ਭਾਰਤ ਦੀ ਹਿੰਦ-ਪ੍ਰਸ਼ਾਂਤ ਖਿੱਤੇ ਵਿਚ ਤਾਕਤ ਦਾ ਤਵਾਜ਼ਨ ਬਣਾਈ ਰੱਖਣ ਵਾਸਤੇ ਬਹੁਤ ਅਹਿਮੀਅਤ ਹੈ। ਇਸੇ ਤਰ੍ਹਾਂ ਭਾਰਤ ਨੂੰ ਵੀ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਚੀਨ ਦੀ ਨੀਤੀ ਇਕ ਤਰ੍ਹਾਂ ਭਾਰਤ ਨੂੰ 'ਘੱਟ ਲਾਗਤ ਤੇ ਘੇਰੀ ਰੱਖਣ' ਦੀ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਮਰੀਕਾ ਦੇ ਸਾਬਕਾ ਪ੍ਰਧਾਨ ਡੋਨਲਡ ਟਰੰਪ ਦੀ ਅਫ਼ਗਾਨਿਸਤਾਨ ਵਿਚੋਂ ਕਾਹਲੀ ਨਾਲ ਫ਼ੌਜਾਂ ਕੱਢਣ ਦੀ ਨੀਤੀ ਉਤੇ ਮੌਜੂਦਾ ਸਦਰ ਜੋਅ ਬਾਇਡਨ ਵੱਲੋਂ ਨਜ਼ਰਸਾਨੀ ਕੀਤੀ ਜਾ ਰਹੀ ਹੈ। ਪਾਕਿਸਤਾਨੀ ਉਮੀਦਾਂ ਦੇ ਉਲਟ ਬਾਇਡਨ ਪ੍ਰਸ਼ਾਸਨ ਵੱਲੋਂ ਚੀਨ ਖ਼ਿਲਾਫ਼ ਵਪਾਰ ਤੇ ਹੋਰ ਪਾਬੰਦੀਆਂ ਕਾਇਮ ਰੱਖਣ ਤੇ ਨਾਲ ਹੀ ਇਸ ਨੂੰ ਭੂ-ਸਿਆਸੀ ਤੌਰ 'ਤੇ ਵੰਗਾਰਨ ਲਈ ਆਸਾਂ ਨਾਲੋਂ ਕਿਤੇ ਵੱਧ ਸਖ਼ਤ ਰੁਖ਼ ਅਪਣਾਇਆ ਗਿਆ ਹੈ। ਚੀਨ ਤੇ ਪਾਕਿਸਤਾਨ ਉਮੀਦ ਕਰ ਰਹੇ ਹਨ ਕਿ ਇਕ ਵਾਰ ਕਾਬੁਲ ਵਿਚ ਤਾਲਿਬਾਨ ਦੀ ਅਗਵਾਈ ਵਾਲੀ ਸਰਕਾਰ ਕਾਇਮ ਹੋ ਜਾਵੇ ਤਾਂ ਉਨ੍ਹਾਂ ਨੂੰ ਅਫ਼ਗਾਨਿਸਤਾਨ ਦੇ ਅਥਾਹ ਕੁਦਰਤੀ ਵਸੀਲਿਆਂ ਤੱਕ ਤਰਜੀਹੀ ਰਸਾਈ ਹਾਸਲ ਹੋ ਜਾਵੇਗੀ ਪਰ ਬਾਇਡਨ ਪ੍ਰਸ਼ਾਸਨ ਨੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫ਼ੌਜਾਂ ਦੀ ਜਲਦ ਵਾਪਸੀ ਦੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ ਹੈ। ਇਸ ਦਾ ਵੱਡਾ ਕਾਰਨ ਇਹ ਜਾਪਦਾ ਹੈ ਕਿ ਪੱਛਮੀ ਤਾਕਤਾਂ ਹਰਗਿਜ਼ ਅਜਿਹਾ ਕੁਝ ਨਹੀਂ ਕਰਨਗੀਆਂ ਜਿਸ ਨਾਲ ਚੀਨ ਨੂੰ ਅਫ਼ਗਾਨਿਸਤਾਨ ਦੇ ਅਥਾਹ ਕੁਦਰਤੀ ਖਣਿਜ ਪਦਾਰਥਾਂ ਨੂੰ ਹੜੱਪਣ ਦਾ ਮੌਕਾ ਮਿਲੇ। ਗ਼ੌਰਤਲਬ ਹੈ ਕਿ ਅਫ਼ਗਾਨਿਸਤਾਨ ਵਿਚ ਸੋਨੇ, ਪਲੈਟੀਨਮ, ਚਾਂਦੀ, ਤਾਂਬੇ, ਲਿਥੀਅਮ, ਯੂਰੇਨੀਅਮ, ਐਲੂਮੀਨੀਅਮ, ਕੀਮਤੀ ਰਤਨਾਂ ਅਤੇ ਹੋਰ ਦੁਰਲੱਭ ਖਣਿਜਾਂ ਦੇ ਭੰਡਾਰ ਹਨ। ਵਸੀਲਿਆਂ ਦੇ ਭਰੇ ਭੰਡਾਰਾਂ ਵਾਲਾ ਰੂਸ ਵੀ ਇਸ ਸਬੰਧ ਵਿਚ ਅਜਿਹਾ ਹੀ ਸੋਚਦਾ ਹੋਵੇਗਾ।

ਪਾਕਿਸਤਾਨ ਨੂੰ ਹੁਣ ਚੀਨ ਤੋਂ ਹਾਸਲ ਕੀਤੇ ਭਾਰੀ ਕਰਜ਼ਿਆਂ ਦੀ ਅਦਾਇਗੀ ਲਈ ਭਾਰੀ ਔਖ ਆ ਰਹੀ ਹੈ ਅਤੇ ਅਜਿਹੇ ਇਸ਼ਾਰੇ ਮਿਲ ਰਹੇ ਹਨ ਕਿ ਉਸ ਵੱਲੋਂ ਛੇਤੀ ਹੀ ਚੀਨ ਤੋਂ ਬਿਜਲੀ ਖੇਤਰ ਲਈ ਹਾਸਲ ਕਰਜ਼ਿਆਂ ਦੀਆਂ ਕਿਸ਼ਤਾਂ ਦੀਆਂ ਤਰੀਕਾਂ ਮੁੜ ਮਿਥਣ ਲਈ ਬੇਨਤੀ ਕੀਤੀ ਜਾ ਸਕਦੀ ਹੈ। ਪਾਕਿਸਤਾਨ ਵੱਲੋਂ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀਪੀਈਸੀ) ਲਈ ਹਾਸਲ ਕੀਤੇ 60 ਅਰਬ ਡਾਲਰ ਦਾ ਵੱਡਾ ਹਿੱਸਾ ਬਿਜਲੀ ਪ੍ਰਾਜੈਕਟਾਂ ਲਈ ਵਰਤਿਆ ਜਾ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਛੇਤੀ ਹੀ ਪਾਕਿਸਤਾਨ ਦਾ ਆਲ੍ਹਾ ਮਿਆਰੀ ਵਫ਼ਦ ਇਸ ਸਬੰਧ ਵਿਚ ਪੇਈਚਿੰਗ ਜਾ ਰਿਹਾ ਹੈ ਪਰ ਚੀਨ ਦੇ ਪਿਛਲੇ ਰਿਕਾਰਡ ਨੂੰ ਦੇਖਦਿਆਂ ਸਾਫ਼ ਹੈ ਕਿ ਪਾਕਿਸਤਾਨ ਨੂੰ ਪੁਰਾਣੇ ਕਰਜ਼ਿਆਂ ਦੇ ਇਵਜ਼ ਵਿਚ ਆਪਣੇ ਖਣਿਜ ਵਸੀਲੇ, ਖਾਣਾਂ, ਬੰਦਰਗਾਹਾਂ ਆਦਿ ਚੀਨ ਕੋਲ ਰਹਿਣ ਕਰਨੇ ਪੈ ਸਕਦੇ ਹਨ। ਖਣਿਜ ਭਰਪੂਰ ਗਿਲਗਿਤ-ਬਾਲਟਿਸਤਾਨ ਦਾ ਬਹੁਤ ਸਾਰਾ ਹਿੱਸਾ ਇਸ ਸਮੇਂ ਚੀਨ ਦੇ ਕੰਟਰੋਲ ਹੇਠ ਹੈ, ਜਦੋਂਕਿ ਰਣਨੀਤਕ ਤੌਰ ਤੇ ਅਹਿਮ ਗਵਾਦਰ ਬੰਦਰਗਾਹ ਉਤੇ ਵੀ ਚੀਨੀ ਪਕੜ ਵਧ ਰਹੀ ਹੈ। ਸਿੰਧ ਸੂਬੇ ਦੀਆਂ ਦੋ ਨਵੀਆਂ ਬੰਦਰਗਾਹਾਂ ਦਾ ਕੰਟਰੋਲ ਵੀ ਚੀਨ ਨੂੰ ਮਿਲਣ ਦੇ ਆਸਾਰ ਹਨ। ਗਿਲਗਿਤ-ਬਾਲਟਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਚੀਨ ਦੀ ਫ਼ੌਜੀ ਮੌਜੂਦਗੀ ਹਾਲੇ ਹੋਰ ਵਧੇਗੀ ਕਿਉਂਕਿ ਚੀਨ ਲਈ ਗਵਾਦਰ ਬੰਦਰਗਾਹ ਦਾ ਰਾਹ ਇਸ ਖਿੱਤੇ ਵਿਚੋਂ ਹੀ ਲੰਘਦਾ ਹੈ। ਭਾਰਤ ਅਤੇ ਪਾਕਿਸਤਾਨ ਦੀਆਂ ਰਾਜਧਾਨੀਆਂ ਵਿਚ ਇਕ-ਦੂਜੇ ਦੇ ਰਾਜਦੂਤ ਨਾ ਹੋਣ ਕਾਰਨ ਪਾਕਿਸਤਾਨ ਨਾਲ ਰਿਸ਼ਤੇ ਆਮ ਵਰਗੇ ਬਣਾਉਣ ਦੀ ਕੋਸ਼ਿਸ਼ ਫ਼ਜ਼ੂਲ ਹੋਵੇਗੀ। ਪਾਕਿਸਤਾਨ ਨਾਲ ਗੱਲਬਾਤ ਲਈ ਪੇਸ਼ਕਦਮੀ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਸਲਾਮਾਬਾਦ ਵਿਚ ਭਾਰਤ ਦੀ ਵਾਜਬ ਸਫ਼ਾਰਤੀ ਨੁਮਾਇੰਦਗੀ ਹੋਵੇ। ਇਸ ਦੇ ਨਾਲ ਹੀ ਦੋਵਾਂ ਮੁਲਕਾਂ ਦਰਮਿਆਨ ਆਮ ਵਪਾਰਕ ਤੇ ਆਰਥਿਕ ਰਿਸ਼ਤੇ ਵੀ ਜ਼ਰੂਰੀ ਹਨ। ਮਰਹੂਮ ਪ੍ਰਧਾਨ ਮੰਤਰੀ ਵਾਜਪਾਈ ਨੇ ਹੁਕਮ ਦਿੱਤਾ ਸੀ ਕਿ ਪਾਕਿਸਤਾਨ ਨਾਲ ਰੇਲ ਤੇ ਬੱਸ ਸੰਪਰਕ ਕਾਰਗਿਲ ਜੰਗ ਦੌਰਾਨ ਵੀ ਕਾਇਮ ਰੱਖਿਆ ਜਾਵੇ। ਦੋਵਾਂ ਮੁਲਕਾਂ ਦਰਮਿਆਨ ਧਾਰਮਿਕ ਤੇ ਇਤਿਹਾਸਕ ਥਾਵਾਂ ਦੇ ਦੌਰਿਆਂ ਲਈ ਸਮੂਹਿਕ ਸੈਰ-ਸਪਾਟੇ ਲਈ ਵੀ ਸ੍ਰੀ ਵਾਜਪਾਈ ਦੀ ਪਾਕਿਸਤਾਨ ਫੇਰੀ ਦੌਰਾਨ ਇਕਰਾਰਨਾਮਾ ਹੋਇਆ ਸੀ। ਕੀ ਸਾਨੂੰ ਅਜਿਹੇ ਸਮਝੌਤੇ ਲਾਗੂ ਕਰਨ ਵੱਲ ਧਿਆਨ ਨਹੀਂ ਦੇਣਾ ਚਾਹੀਦਾ? ਪਾਕਿਸਤਾਨ ਵਿਚ ਇਮਰਾਨ ਖ਼ਾਨ ਮਹਿਜ਼ ਦਿਖਾਵੇ ਦਾ ਹੀ ਹੁਕਮਰਾਨ ਹੈ। ਮੁਲਕ ਦੇ ਅਮਰੀਕਾ, ਸਾਉਦੀ ਅਰਬ, ਭਾਰਤ, ਤੁਰਕੀ, ਇਰਾਨ ਤੇ ਚੀਨ ਆਦਿ ਨਾਲ ਰਿਸ਼ਤਿਆਂ ਦਾ ਮਾਮਲਾ ਭਾਵ ਵਿਦੇਸ਼ ਨੀਤੀ ਕੁੱਲ ਮਿਲਾ ਕੇ ਪਾਕਿਸਤਾਨੀ ਫ਼ੌਜ ਦੇ ਹੱਥ ਹੈ। ਇਸ ਲਈ ਸਮਝਦਾਰੀ ਇਸੇ ਵਿਚ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਛੋਟੇ ਛੋਟੇ ਮੁੱਦਿਆਂ ਉਤੇ ਗੱਲਬਾਤ ਵਿਚ ਬਹੁਤਾ ਸਮਾਂ ਬਰਬਾਦ ਕਰਨ ਦੀ ਥਾਂ ਫ਼ੌਜੀ ਮੁਖੀ ਜਨਰਲ ਬਾਜਵਾ ਨਾਲ 'ਪਰਦੇ ਪਿਛਲਾ' ਰਾਬਤਾ ਕਾਇਮ ਕੀਤਾ ਜਾਵੇ। ਜਨਰਲ ਬਾਜਵਾ ਨੇ ਘਰੇਲੂ ਪੱਧਰ ਤੇ ਭੁੱਟੋ ਪਰਿਵਾਰ ਸਮੇਤ ਵੱਖ ਵੱਖ ਸਿਆਸੀ ਧਿਰਾਂ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਹੈ ਪਰ ਬਿਲਾਵਲ ਭੁੱਟੋ ਉਸ ਫ਼ੌਜ ਨਾਲ ਹੱਥ ਮਿਲਾਉਣ ਪੱਖੋਂ ਕਾਫ਼ੀ ਉਦਾਸੀਨ ਦਿਖਾਈ ਦਿੰਦੇ ਹਨ, ਜਿਸ ਨੇ ਉਸ ਦੇ ਨਾਨੇ ਨੂੰ ਫਾਂਸੀ ਲਾਇਆ ਸੀ!

# ਵਿਧਾਨ ਸਭਾ ਸੈਸ਼ਨ ਦੌਰਾਨ ਜਿਲ੍ਹੇ ਦੇ ਪੂਰੇ ਮੁੱਦੇ ਉਠਾਏ- ਮੀਤ ਹੇਅਰ

ਧਨੌਲਾ ਮੰਡੀ / ਸੰਜੀਵ ਗਰਗ ਕਾਲੀ- ਹਲਕਾ ਬਰਨਾਲਾ ਦੇ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਇਜਲਾਸ ਦੇ ਸ਼ੁਰੂਆਤੀ ਦਿਨ ਤੋਂ ਹੀ ਆਪਣੇ ਹਲਕੇ ਦੇ ਮਸਲੇ ਉਠਾ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਵਿਧਾਨ ਸਭਾ ਵਿੱਚ ਅਹਿਮ ਮੁੱਦੇ ਚੁੱਕੇ ਜਿਸ ਵਿੱਚ ਬਡਬਰ ਦੇ ਬੱਸ ਡਰਾਈਵਰ ਜੋ ਕੋਰੋਨਾ ਕਾਲ 'ਚ ਹਜੂਰ ਸਾਹਿਬ ਤੋਂ ਯਾਤਰੀਆਂ ਨੂੰ ਲੈਣ ਗਿਆ ਰਸਤੇ 'ਚ ਸ਼ਹੀਦ ਹੋ ਗਿਆ ਸੀ, ਦੇ ਪਰਿਵਾਰ ਨੂੰ ਐਲਾਨੀ 50 ਲੱਖ ਦੀ ਰਾਸ਼ੀ ਦਾ ਨਾ ਮਿਲਣਾ, ਫਿਰ ਹੰਢਆਇਆ ਦੀ ਸਰਕਾਰੀ ਡਿਸਪੈਂਸਰੀ 'ਚ ਪੱਕੇ ਤੌਰ ਤੇ ਡਾਕਟਰਾਂ ਦਾ ਨਾ ਹੋਣਾ, ਬਰਨਾਲਾ ਦੇ ਕਾਲਾ ਮਾਹਿਰ ਸਟੇਡੀਅਮ ਦੇ ਟਰੈਕਾਂ ਦੇ ਅਧੂਰੇ ਕੰਮ, ਬਰਨਾਲਾ ਤੇ ਸੰਗਰੂਰ ਜਿਲ੍ਹੇ 'ਚ ਇੱਕ ਆਰਟੀਓ ਦਾ ਹੋਣਾ, ਪਿੰਡ ਨੰਗਲ ਅਤੇ ਧਨੌਲਾ ਖੁਰਦ ਦੇ ਛੱਪੜਾਂ ਦੇ ਗੰਦੇ ਪਾਣੀ ਦੀ ਓਵਰਫਲੋ ਕਾਰਨ ਪਿੰਡ ਵਾਸੀਆਂ ਨੂੰ ਆ ਰਹੀਆਂ ਮੁਸ਼ਕਲਾਂ ਇਜਲਾਸ ਸੈਸ਼ਨ 'ਚ ਉਠਾਈਆਂ। ਉਹਨਾਂ ਮੰਤਰੀ ਤ੍ਰਿਪਤ ਇੰਦਰ ਬਾਜਵਾ ਨੂੰ ਇਹਨਾਂ ਪਿੰਡਾਂ ਦੀ ਤਰਸਯੋਗ ਹਾਲਤ ਤੋਂ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਨੰਗਲ ਪਿੰਡ ਦੇ ਛੱਪੜ ਓਵਰਫਲੋ ਹਨ ਜਿਸ ਕਾਰਨ ਲੋਕ ਗੁਰੂਘਰ ਵੀ ਚੱਪਲਾਂ ਹੱਥ ਵਿਚ ਫੜ ਗੰਦੇ ਪਾਣੀ ਵਿੱਚੋ ਲੰਘਦੇ ਹਨ। ਇਸੇ ਤਰ੍ਹਾਂ ਧਨੌਲਾ ਖੁਰਦ ਪਿੰਡ ਬੱਚੇ ਸਕੂਲ ਜਾਣ ਤੋਂ ਪਹਿਲਾਂ ਘਰਾਂ ਵਿੱਚੋ ਗੰਦੇ ਪਾਣੀ ਨੂੰ ਬਾਲਟੀਆਂ ਨਾਲ ਕੱਡਕੇ ਜਾਂਦੇ ਹਨ। ਇਸ ਤੇ ਮੰਤਰੀ ਨੇ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਵਾਉਣ ਲਈ ਭਰੋਸਾ ਦਿੱਤਾ। ਇਸ ਤੋਂ ਇਲਾਵਾਂ ਮੀਤ ਹੇਅਰ ਨੇ ਬਰਨਾਲਾ ਦੇ ਸਭ ਤੋਂ ਮਹੱਤਵਪੂਰਨ ਮਸਲੇ ਬਰਨਾਲੇ ਦੇ ਜਿਲਾ ਹੋਣ ਦੇ ਸੰਬੰਧ ਵਿੱਚ ਉਠਾਇਆ। ਵਿਧਾਇਕ ਮੀਤ ਹੇਅਰ ਨੇ ਵਿਧਾਨ ਸਭਾ ਵਿੱਚ ਕਿਹਾ ਕਿ ਬਰਨਾਲਾ ਤਕਰੀਬਨ 15 ਸਾਲ ਤੋਂ ਜਿਲਾ ਹੋਣ ਦੇ ਬਾਵਜੂਦ ਵੀ ਪੂਰਨ ਤੌਰ ਤੇ ਪੂਰਾ ਜਿਲ੍ਹਾ ਨਹੀ ਹੈ।



ਜਿਲੇ ਦੇ ਵਿੱਚ ਸਾਰੇ ਦਫਤਰਾਂ ਦਾ ਹੋਣਾ ਲਾਜਮੀ ਹੈ ਪਰ ਬਰਨਾਲਾ ਜਿਲ੍ਹੇ ਦੇ ਬਹੁਤੇ ਮਹਿਕਮੇ ਸੰਗਰੂਰ ਹਨ। ਮੀਤ ਹੇਅਰ ਨੇ ਕਿਹਾ ਕਿ ਐਕਸੀਅਨ ਡਰੇਨਜ਼, ਐਕਸੀਅਨ ਨਹਿਰੀ ਵਿਭਾਗ, ਐਕਸੀਅਨ ਪ੍ਰਦੂਸ਼ਨ ਕੰਟਰੋਲ ਬੋਰਡ, ਸਹਾਇਕ ਲੇਬਰ ਕਮੀਸ਼ਨ, ਜਿਲਾ ਟਾਊਨ ਪਲੈਨਰ, ਜਿਲਾ ਭਾਸ਼ਾ ਅਫਸਰ, ਡਿਪਟੀ ਡਾਇਰੈਕਟਰ ਮੱਛੀ ਪਾਲਣ ਵਿਭਾਗ, ਡਿਪਟੀ ਡਾਇਰੈਕਟਰ ਬਾਗਵਾਨੀ, ਡਿਪਟੀ ਡਾਇਰੈਕਟਰ ਫੈਕਟਰੀ, ਐਕਸੀਅਨ ਪੰਜਾਬ ਸਟੇਟ ਟਿਊਬਲ ਕਾਰਪੋਰੇਸ਼ਨ, ਐਕ-ਸੀਅਨ ਵਾਟਰ ਸਪਲਾਈ, ਜਨਰਲ ਮੈਨੇਜਰ ਜਿਲਾ ਉਦਯੋਗ ਕੇਂਦਰ, ਜਿਲਾ ਮੈਨੇਜਰ ਪੇਡਾ, ਐਫ. ਸੀ. ਆਈ, ਪੰਜਾਬ ਐਗਰੋ, ਵੇਅਰ ਹਾਊਸ ਕਾਰਪੋਰੇਸ਼ਨ ਖਰੀਦ ਏਜੰਸੀਆ ਦੇ ਜਿਲ੍ਹਾ ਮੈਨੇਜਰਾਂ ਦੇ ਦਫਤਰ ਜਿਲਾ ਬਰਨਾਲਾ ਵਿੱਚ ਹਾਲੇ ਤੱਕ ਬਣੇ ਹੀ ਨਹੀ ਹਨ। ਇਹਨਾਂ ਮੁੱਖ ਮਹਿਕਮਿਆਂ ਦਾ ਨਾਂ ਹੋਣਾ ਬਰਨਾਲਾ ਦੇ ਪੂਰਨ ਜਿਲਾ ਕਹਾਉਣ ਤੇ ਪ੍ਰਸ਼ਨ ਚਿੰਨ੍ਹ ਹੈ। ਇਹਨਾਂ ਕਿਹਾ ਕਿ ਡੀ. ਸੀ ਕੰਪਲੈਕਸ ਬਰਨਾਲਾ ਦੀ ਬਿਲਡਿੰਗ ਇਹਨਾਂ ਮਹਿਕਮਿਆਂ ਲਈ ਪੂਰਨ ਰੂਪ ਵਿੱਚ ਤਿਆਰ ਹੈ, ਜਿਸ ਵਿੱਚ ਪੂਰੇ ਦਫਤਰ ਬਣਨੇ ਚਾਹੀਦੇ ਹਨ। ਮੀਤ ਹੇਅਰ ਦੀਆਂ ਦਲੀਲਾਂ ਤੇ ਪੰਜਾਬ ਸਰਕਾਰ ਵੱਲੋ ਵਿਧਾਇਕ ਨੂੰ ਆਸ਼ਵਾਸਨ ਦਿੱਤਾ ਗਿਆ ਕਿ ਬਰਨਾਲਾ ਜਿਲੇ ਦੀ ਇਹ ਕਮੀ ਵੀ ਜਲਦੀ ਪੂਰੀ ਕਰ ਦਿੱਤੀ ਜਾਵੇਗੀ। ਹੁਣ ਦੇਖਣਾ ਇਹ ਹੈ ਕਿ ਇਜਲਾਸ 'ਚ ਵਿਧਾਇਕ ਵੱਲੋ ਉਠਾਏ ਮੁੱਦਿਆ ਦਾ ਪੰਜਾਬ ਸਰਕਾਰ ਵੱਲੋ ਦਿੱਤਾ ਭਰੋਸਾ ਕਦ ਤੱਕ ਪੂਰਾ ਹੁੰਦਾ ਹੈ ਜਾਂ ਫਿਰ ਜਿਵੇਂ ਸਰਕਾਰੀ ਅਧਿਕਾਰੀਆਂ ਤੇ ਲੀਡਰਾਂ ਵੱਲੋਂ ਪਬਲਿਕ, ਜਨਤਾ, ਵੋਟਰਾਂ ਨੂੰ ਜਿਵੇਂ ਲਾਲੀਪਾਪ ਦਿੱਤਾ ਜਾਂਦਾ ਹੈ ਉਸੇ ਤਰ੍ਹਾਂ ਵਿਧਾਇਕ ਨੂੰ ਪੰਜਾਬ ਸਰਕਾਰ ਵੱਲੋਂ ਲਾਲੀਪਾਪ ਦਿੱਤਾ ਗਿਆ ਹੈ , ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

## ਮੇਰਾ ਸਵਾਲ ਅਜੇ ਵੀ ਖੜ੍ਹਾ ਹੈ

(ਸਫਾ 9 ਦੀ ਬਾਕੀ)

ਜੇ ਕੋਈ ਕਿਸੇ ਨੂੰ ਅਸੀਸ ਦਿੰਦਾ ਹੈ ਤਾਂ ਉਹ ਵੀ ਇਹ ਕਿ ਰੱਬ ਤੈਨੂੰ ਮੁੰਡਾ ਦੇਵੇ। ਕਦੇ ਇਹ ਕਹਿੰਦੇ ਸੁਣਿਆ ਹੈ ਕਿ ਕਿਸੇ ਨੇ ਇਹ ਅਸੀਸ ਦਿੱਤੀ ਹੋਵੇ ਕਿ ਰੱਬ ਤੈਨੂੰ ਕੁੜੀ ਦੇਵੇ? ਮੈਨੂੰ ਲੱਗਦਾ ਹੈ ਕਿ ਜੇ ਕੋਈ ਇਹ ਅਸੀਸ ਦੇ ਦੇਵੇ ਤਾਂ ਲੜਾਈ ਹੋ ਜਾਵੇਗੀ। ਮੁੰਡੇ ਹੋਣ ਦੀ ਦੁਆਈ ਆਪਾਂ ਸਭਨਾਂ ਨੇ ਸੁਣੀ ਹੈ, ਧੀ ਹੋਣ ਦੀ ਦੁਆਈ ਦਾ ਨੁਸਖਾ? ਕੋਈ ਨਹੀਂ ਦੱਸੇਗਾ ਅਤੇ ਨਾ ਹੀ ਕੋਈ ਪਤਾ ਕਰੇਗਾ। ਧਿਆਨ ਨਾਲ ਦੇਖਿਆ ਜਾਵੇ ਤਾਂ ਜ਼ਿਆਦਾਤਰ ਤਿਉਹਾਰ ਵੀ ਪੁਰਸ਼ਾਂ ਜਾਂ ਮੁੰਡਿਆਂ ਲਈ ਹੀ ਹਨ ਜਿਵੇ ਕਿ ਰੱਖੜੀ, ਕਰਵਾ ਚੌਥ, ਜੋਂ ਟੰਗਣੇ ਆਦਿ। ਜ਼ਿਕਰਯੋਗ ਗੱਲ ਇਹ ਹੈ ਕਿ ਪੱਛਮੀ ਮੁਲਕਾਂ ਵਿਚ ਇਹ ਕਿਤੇ ਵੀ ਦੇਖਣ ਨੂੰ ਨਹੀਂ ਮਿਲਦਾ ਹੈ। ਉੱਥੇ ਕੋਈ ਫ਼ਰਕ ਨੀ ਮੁੰਡੇ-ਕੁੜੀ ਹੋਣ ਦਾ, ਮਾਪੇ ਸਿਰਫ਼ ਇਕ ਚੰਗੀ ਅਤੇ ਰਿਸ਼ਟ-ਪੁਸ਼ਟ ਸੰਤਾਨ ਦੀ ਦੁਆ ਕਰਦੇ ਹਨ। ਅਜੋਕੇ ਸਮੇਂ ਵਿਚ ਧੀਆਂ ਪੁੱਤਰਾਂ ਨਾਲੋਂ ਵੱਧ ਸਿਆਣੀਆਂ ਅਤੇ ਮਾਪਿਆਂ ਦਾ ਵੱਧ ਸਤਿਕਾਰ ਅਤੇ ਪਿਆਰ ਕਰਦੀਆਂ ਹਨ। ਕਿਸੇ ਵੀ ਧੀ ਦੇ ਬਾਪ ਨੂੰ ਪੁੱਛ ਲਵੋ ਕਿ ਤੁਹਾਨੂੰ ਤੁਹਾਡਾ ਪੁੱਤਰ ਵੱਧ ਪਿਆਰ ਕਰਦਾ ਹੈ ਜਾਂ ਧੀ? ਤਾਂ ਜ਼ਿਆਦਾਤਰ ਬਾਪ ਇਹੀ ਕਹਿਣਗੇ ਕਿ ਮੇਰੀ ਧੀ ਮੈਨੂੰ ਵੱਧ ਪਿਆਰ ਕਰਦੀ ਹੈ। ਮੈਂ ਇਹ ਨਹੀਂ ਕਹਿ ਰਹੀ ਕਿ ਪੁੱਤਰ ਮਾਪਿਆਂ 'ਤੇ ਜ਼ੁਲਮ ਕਰਦੇ ਹਨ, ਪਿਆਰ ਨਹੀਂ ਕਰਦੇ। ਸਰਵਣ ਵਰਗੇ ਪੁੱਤਰਾਂ ਦਾ ਨਾਮ ਵੀ ਇਤਿਹਾਸ 'ਚ ਆਉਂਦਾ ਹੈ ਪਰੰਤੂ ਅਜੋਕੇ ਸਮਾਜ ਵਿਚ ਸੰਦੀਪ ਵਰਗੇ ਪੁੱਤਰ ਵੀ ਪੈਦਾ ਹੋ ਰਹੇ ਹਨ ਜਿਸ ਕਰ ਕੇ ਬਿਰਧ ਮਾਪਿਆਂ ਦਾ ਬੁਢਾਪਾ ਰੁਲ ਰਿਹਾ ਹੈ। ਇਸ ਕਰਕੇ ਹਜ਼ਾਰਾਂ ਮੰਨਤਾਂ ਮੰਗਣ ਬਾਅਦ ਅਤੇ ਕਿੰਨੀਆਂ ਹੀ ਕੁੜੀਆਂ ਦੇ ਗਰਭਪਾਤ ਤੋਂ ਬਾਅਦ ਪੈਦਾ ਹੋਇਆ ਪੁੱਤ ਬੇਗਾਨਾ ਬਣ ਕੇ ਸੰਦੀਪ ਵਾਂਗਰ ਮਰੀ ਮਾਂ ਦਾ ਆਖਰੀ ਵਾਰ ਮੂੰਹ ਵੀ ਨਹੀਂ ਦੇਖਣ ਆਉਂਦਾ। ਪਤਾ ਨਹੀਂ ਫਿਰ ਵੀ ਲੋਕ ਕਿਉਂ ਕੁੜੀਆਂ ਨੂੰ ਗਰਭ ਵਿਚ ਮਰਵਾ ਦਿੰਦੇ ਹਨ। ਉਹ ਪੁੱਤਰ ਨੂੰ ਜੰਮ ਕੇ ਪਤਾ ਨਹੀਂ ਕਿਹੜੀ ਖ਼ੁਸ਼ੀ ਲੱਭ ਰਹੇ ਹਨ ਜੋ ਇਕ ਧੀ ਨਹੀਂ ਦੇ ਸਕਦੀ? ਇਹ ਮੇਰਾ ਸਵਾਲ ਮੇਰਾ ਅਜੇ ਵੀ ਖੜ੍ਹਾ ਹੈ।

# ਲੋਕਾਂ ਦੀ ਸੁਰੱਖਿਆ ਦਾ ਜ਼ਿੰਮੇਵਾਰ ਕੌਣ?

(ਸਫਾ 6 ਦੀ ਬਾਕੀ)

ਇਸੇ ਤਰ੍ਹਾਂ ਅਣਿਆਈ ਮੌਤ ਮਰਦੇ ਰਹਿਣਗੇ ਅਤੇ ਸਾਡੇ ਨੇਤਾ ਇਸੇ ਤਰ੍ਹਾਂ ਘੂਕ ਸੁੱਤੇ ਰਹਿਣਗੇ?

ਮਾਸੂਮ ਬਾਲੜੀਆਂ ਦੀਆਂ ਲੁੱਟੀਆਂ ਜਾ ਰਹੀਆਂ ਪੱਤਾਂ ਅਤੇ ਕੀਤੇ ਜਾ ਰਹੇ ਕਤਲ ਘਟਣ ਦੀ ਥਾਂ ਦਿਨ-ਬ-ਦਿਨ ਵੱਧ ਰਹੇ ਹਨ। ਕੌਣ ਬਚਾਵੇਗਾ ਇਨ੍ਹਾਂ ਮਾਸੂਮਾਂ ਨੂੰ?

ਤੰਗ ਗਲੀਆਂ, ਸੰਘਣੀਆਂ ਆਬਾਦੀਆਂ ਵਿਚ ਸਥਿਤ ਬਾਰੂਦ, ਕੈਮੀਕਲ ਵਾਲੀਆਂ ਫੈਕਟਰੀਆਂ ਕਈ ਵਾਰ ਅੱਗ ਜਾਂ ਹਾਦਸੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਨ੍ਹਾਂ ਤੰਗ ਗਲੀਆਂ, ਭੀੜ-ਭਾੜ ਵਾਲੀਆਂ ਥਾਵਾਂ 'ਤੇ ਅੱਗ ਬੁਝਾਊ ਦਸਤੇ ਪਹੁੰਚਣ ਤਾਂ ਕਿਵੇਂ ਪਹੁੰਚਣ? ਸਿੱਟੇ ਵਜੋਂ ਕਾਫ਼ੀ ਜਾਨੀ ਤੇ ਮਾਲੀ ਨੁਕਸਾਨ ਹੋ ਜਾਂਦਾ ਹੈ।

ਅਜਿਹੇ ਹਾਦਸਿਆਂ ਤੋਂ ਲੋਕਾਂ ਦੀ ਸੁਰੱਖਿਆ ਦਾ ਕੌਣ ਜ਼ਿੰਮੇਵਾਰ ਹੈ?ਅੱਜ ਥਾਂ-ਥਾਂ ਸੜਕਾਂ ਵਿਚ ਟੋਏ ਨਜ਼ਰ ਆ ਰਹੇ ਹਨ ਜੋ ਕਿ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ। ਟੋਲ ਪਲਾਜ਼ਿਆਂ 'ਤੇ ਕਰੋੜਾਂ ਰੁਪਏ ਟੋਲ ਲੈਣ ਦੇ ਬਾਵਜੂਦ ਟੋਲ ਵਾਲਿਆਂ ਹਾਈਵੇ ਅਤੇ ਸਰਵਿਸ ਰੋਡਜ਼ ਦਾ ਹਾਲ ਸਭ ਦੇ ਸਾਹਮਣੇ ਹੈ। ਨਸ਼ਾ ਕੀਤੇ ਡਰਾਈਵਰ, ਓਵਰਸਪੀਡ ਗੱਡੀਆਂ, ਬਿਨਾਂ ਲਾਇਸੰਸ ਨਾਬਾਲਗਾਂ ਵੱਲੋਂ ਚਲਾਏ ਜਾ ਰਹੇ ਵਾਹਨਾਂ ਨੂੰ ਕੌਣ ਚੈਕੱ ਕਰੂ, ਕੌਣ ਰੋਕੂ?

ਸੜਕਾਂ 'ਤੇ ਨਾਜਾਇਜ਼ ਪਾਰਕਿੰਗ, ਗਲਤ ਦਿਸ਼ਾ ਤੋਂ ਭੱਜੀ ਆ ਰਹੀ ਟ੍ਰੈਫਿਕ ਬਹੁਤ ਸਾਰੀਆਂ ਦੁਰਘਟਨਾਵਾਂ ਲਈ ਜ਼ਿੰਮੇਵਾਰ ਹੈ। ਚੰਡੀਗੜ੍ਹ ਵਿਚ ਬਿਨਾਂ ਹੈਲਮਟ, ਗਲਤ ਪਾਰਕਿੰਗ, ਲਾਲ ਬੱਤੀ ਜੰਪ, ਉਲਟ ਦਿਸ਼ਾ ਵਿਚ ਚੱਲ ਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਿਉਂ ਨੀ ਕਰਦੇ ਲੋਕ। ਇਹ ਸਖ਼ਤੀ ਪੰਜਾਬ/ਦੇਸ਼ ਵਿਚ ਕਦੋਂ ਹੋਵੇਗੀ? ਕਦੋਂ ਲੋਕਾਂ ਦੀਆਂ ਕੀਮਤੀ ਜਾਨਾਂ ਦੀ ਸੁਰੱਖਿਆ ਹੋਵੇਗੀ?

ਹੁਣ ਜੇ ਗੱਲ ਕਰੀਏ ਖਾਣ-ਪੀਣ ਦੇ ਸਾਮਾਨ ਦੀ ਤਾਂ ਹਰੇਕ ਚੀਜ਼ 'ਚ ਮਿਲਾਵਟ ਹੈ ਜਿਵੇਂ ਕਿ ਦੁੱਧ, ਦੇਸੀ ਘਿਉ, ਤੇਲ, ਚੌਲ, ਦਾਲਾਂ, ਹਲਦੀ ਮਸਾਲੇ। ਇੱਥੋਂ ਤਕ ਕਿ ਜਾਨ ਬਚਾਉਣ ਵਾਲੀਆਂ ਦਵਾਈਆਂ ਵਿਚ ਵੀ ਮਿਲਾਵਟ ਹੈ। ਕਿਵੇਂ ਬਚਣਗੇ ਲੋਕ? ਅੱਜ ਕੈਂਸਰ, ਕਾਲਾ ਪੀਲੀਆ ਦੇ ਮਰੀਜ਼ ਹੋਣ ਦਾ ਕਾਰਨ ਮਿਲਾਵਟੀ ਵਸਤਾਂ ਹਨ। ਅੱਜ ਸਾਡਾ ਪ੍ਰਬੰਧ ਅਤੇ ਅਸੀਂ ਭ੍ਰਿਸ਼ਟਾਚਾਰ ਵਿਚ ਇੰਨੇ ਡੁੱਬ ਚੁੱਕੇ ਹਾਂ ਕਿ ਸਮਾਜ ਦੇ ਦੁਸ਼ਮਣ ਮਿਲਾਵਟਖੋਰ ਫੜੇ ਜਾਣ ਤੋਂ ਬਾਅਦ ਪੈਸੇ ਦੇ ਜ਼ੋਰ 'ਤੇ ਬਰੀ ਹੋ ਜਾਂਦੇ ਹਨ। ਇਨ੍ਹਾਂ ਕਾਰਨ ਲੋਕ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ ਪਰ ਸਾਨੂੰ ਕੌਣ ਬਚਾਊ? ਕੌਣ ਹੈ ਜ਼ਿੰਮੇਵਾਰ?

ਲੋਕਾਂ ਦੇ ਘਰਾਂ, ਸੰਘਣੀਆਂ ਆਬਾਦੀਆਂ 'ਚੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਹਰ ਸਾਲ ਸੈਂਕੜੇ ਲੋਕਾਂ ਦੀ ਬਲੀ ਲੈਂਦੀਆਂ ਹਨ। ਬਸੰਤ ਪੰਚਮੀ ਨੂੰ ਕਿੰਨੇ ਬੱਚੇ, ਜਵਾਨ ਪਤੰਗਬਾਜ਼ ਇਨ੍ਹਾਂ ਤਾਰਾਂ ਦੀ ਬਦੌਲਤ ਮਾਰੇ ਜਾਂਦੇ ਹਨ। ਕੌਣ ਬਚਾਵੇਗਾ ਇਨ੍ਹਾਂ ਬੇਕਸੂਰ ਲੋਕਾਂ ਦੀ ਜ਼ਿੰਦਗੀ? ਹਰ ਰੋਜ਼ ਖ਼ਬਰਾਂ ਛਪਦੀਆਂ ਹਨ ਕਿ ਗਟਰਾਂ ਦੀ ਸਫ਼ਾਈ ਕਰਦੇ ਸਫ਼ਾਈ ਸੇਵਕ ਗੈਸ ਚੜ੍ਹਨ ਨਾਲ ਮਾਰੇ ਗਏ। ਇਸ ਦਾ ਜ਼ਿੰਮੇਵਾਰ ਕੌਣ ਹੈ?

ਜਦੋਂ ਪਤਾ ਹੈ ਕਿ ਇਹ ਕੰਮ ਖ਼ਤਰਨਾਕ ਹੈ ਤਾਂ ਉਨ੍ਹਾਂ ਨੂੰ ਆਕਸੀਜਨ ਸਿਲੰਡਰ, ਮਾਸਕ ਅਤੇ ਹਿਫ਼ਾਜ਼ਤੀ ਕਿੱਟਾਂ ਕਿਉਂ ਨਹੀਂ ਮੁਹੱਈਆ ਕਰਾਈਆਂ ਜਾਂਦੀਆਂ? ਕੀ ਇਹ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਨਹੀਂ ਬਣਦੀ। ਅੱਜ ਥਾਂ-ਥਾਂ ਚੱਲ ਰਹੇ ਵਿਕਾਸ ਦੇ ਕਾਰਜਾਂ ਕਾਰਨ ਧੜਾਧੜ ਲੱਖਾਂ ਰੁੱਖ ਕੱਟੇ ਜਾ ਰਹੇ ਹਨ। ਨਵੇਂ ਅਸੀਂ ਲਾ ਨਹੀਂ ਰਹੇ। ਜਿਸ ਕਰ ਕੇ ਸਾਡਾ ਵਾਤਾਵਰਨ ਹਿੱਲ ਗਿਆ ਹੈ, ਬਦਲ ਰਿਹਾ ਹੈ। ਬੇਮੌਸਮੀ ਮੀਂਹ, ਰੇਗਿਸਤਾਨਾਂ ਵਿਚ ਹੜ੍ਹ, ਅਣਕਿਆਸੀ ਬਰਫ਼ਬਾਰੀ ਇਹ ਸਭ ਰੁੱਖਾਂ ਦੀ ਅੰਨ੍ਹੇਵਾਹ ਵਢਾਈ ਦਾ ਸਿੱਟਾ ਹੈ। ਕਾਰਖ਼ਾਨਿਆਂ, ਫੈਕਟਰੀਆਂ ਦਾ ਗੰਦਾ ਕੈਮੀਕਲ ਵਾਲਾ ਪਾਣੀ ਦਰਿਆਵਾਂ ਵਿਚ ਰਲ ਰਿਹਾ ਹੈ ਜਿਸ ਕਾਰਨ ਮਾਲਵੇ ਦੇ ਇਲਾਕੇ ਵਿਚ ਵੱਡੇ ਪੱਧਰ 'ਤੇ ਕੈਂਸਰ ਫੈਲ ਰਿਹਾ ਹੈ। ਕੌਣ ਬਚਾਵੇਗਾ ਉਨ੍ਹਾਂ ਨੂੰ?

ਅੱਜ ਪਾਣੀ, ਮਿੱਟੀ, ਹਵਾ, ਵਾਤਾਵਰਨ ਪ੍ਰਦੂਸ਼ਿਤ ਹੋ ਚੁੱਕਾ ਹੈ। ਅੱਜ ਪੰਜਾਬ ਵਿਚ ਭਨੁਪਲੀ ਬਲਾਕ ਨੇੜੇ ਨੰਗਲ ਨੂੰ ਛੱਡ ਕੇ ਸਾਰੇ ਪੰਜਾਬ ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ। ਲੋਕਾਂ ਨੂੰ ਸਾਫ਼ ਪਾਣੀ ਅਤੇ ਸਵੱਛ ਵਾਤਾਵਰਨ ਪ੍ਰਦਾਨ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਪਰ ਸਰਕਾਰਾਂ ਚਲਾਉਣ ਵਾਲੇ ਸਾਡੀਆਂ ਵੋਟਾਂ ਨਾਲ ਚੁਣੇ ਨੁਮਾਇੰਦੇ ਬੇਪਰਵਾਹ ਹੋਈ ਬੈਠੇ ਹਨ। ਜੇਕਰ ਲੋਕ ਆਪਣੀ ਸੁਰੱਖਿਆ ਲਈ ਆਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਨੂੰ ਡਾਂਗਾਂ ਨਾਲ ਕੁੱਟਿਆ ਜਾਂਦਾ ਹੈ। ਲੋਕ ਅਣਿਆਈ ਮੌਤ ਮਰਨ ਲਈ ਮਜਬੂਰ ਹਨ। ਕੌਣ ਸਾਨੂੰ ਬਚਾਵੇਗਾ? ਕੌਣ ਕਰੇਗਾ ਸਾਡੀ ਸੁਰੱਖਿਆ? ਕੌਣ ਹੈ ਲੋਕਾਂ ਦੀ ਸੁਰੱਖਿਆ ਦਾ ਜ਼ਿੰਮੇਵਾਰ?

# ਕਿਸਾਨੀ ਸੰਘਰਸ਼ ਤੇ ਪੰਜਾਬ ਦੀ ਨੌਜਵਾਨੀ ਦਾ ਸਵਾਲ

(ਸਫਾ 1 ਦੀ ਬਾਕੀ)

ਮਾਮਲਾ ਤਾਰਨ ਦੇ ਸੰਧੇ ਪੈ ਜਾਂਦੇ ਸਨ। ਲਿਹਾਜ਼ਾ ਕਿਸਾਨੀ ਬਹੁਤ ਬੁਰੀ ਦਸ਼ਾ ਤਕ ਪਹੁੰਚ ਗਈ। ਇਸ ਦੇ ਸਮਾਂਤਰ ਅੰਗਰੇਜ਼ੀ ਰਾਜ ਨੇ ਪੰਜਾਬ ਦੀ ਤਤਕਾਲੀ ਨੌਜਵਾਨੀ ਨੂੰ ਆਪਣੇ ਰਾਜ-ਵਿਸਥਾਰ ਲਈ ਵਰਤਣ ਹਿਤ ਫ਼ੌਜ ਵਿਚ ਭਰਤੀ ਦਾ ਬਦਲ ਦਿੱਤਾ। ਪੰਜਾਬ ਦੇ ਉਸ ਸਮੇਂ ਦੇ ਨੌਜਵਾਨ ਕਿਸਾਨ ਕੋਲ ਇਹੀ ਬਦਲ ਸਨ; ਜਾਂ ਤਾਂ ਆਪਣੀ ਮੁਸ਼ੱਕਤ ਨੂੰ ਮਾਮਲੇ ਦੇ ਰੂਪ ਵਿਚ ਅੰਗਰੇਜ਼ੀ ਰਾਜ ਦੇ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਂਦਾ ਰਹੇ ਜਾਂ ਫਿਰ ਫ਼ੌਜੀ ਬਣ ਕੇ ਦੇਸ-ਦੇਸਾਂਤਰਾਂ ਵਿਚ ਬ੍ਰਿਟਿਸ਼ ਰਾਜ ਨੂੰ ਫੈਲਾਵੇ। ਪੰਜਾਬੀਆਂ ਨੇ ਵਿਚਕਾਰਲਾ ਰਾਹ ਲੱਭਿਆ। ਸਿੰਗਾਪੁਰ, ਮਲਾਇਆ ਤੋਂ ਹੁੰਦਾ ਪੰਜਾਬੀ ਬੰਦਾ ਪਰਵਾਸੀ ਬਣ ਕੇ ਅਮਰੀਕਾ ਤੇ ਕੈਨੇਡਾ ਪੁੱਜਿਆ। ਵਿਦੇਸ਼ੀ ਧਰਤੀ ਤੋਂ ਮੁਲਕ ਦੀ ਆਜ਼ਾਦੀ ਲਈ ਸ਼ੁਰੂ ਹੋਈ ਗ਼ਦਰ ਲਹਿਰ ਤੋਂ ਲੈ ਕੇ ਕਾਮਾਗਾਟਾਮਾਰੂ ਦੇ ਕਾਂਡ ਹੁਣ ਇਤਿਹਾਸ ਵਿਚ ਦਰਜ ਹਨ। ਪਰਵਾਸ ਨੇ ਪੰਜਾਬੀ ਬੰਦੇ ਨੂੰ ਆਪਣੀ ਧਰਤੀ ਦੀਆਂ ਸਮੱਸਿਆਵਾਂ ਦੂਰ ਕਰ ਕੇ ਆਜ਼ਾਦੀ ਨਾਲ ਵਸਣ ਲਈ ਪ੍ਰੇਰਿਆ।


ਪੰਜਾਬੀਆਂ ਦੇ ਪਰਵਾਸ ਦਾ ਅਗਲਾ ਦੌਰ ਵੰਡ ਤੋਂ ਬਾਅਦ ਆਰੰਭ ਹੁੰਦਾ ਹੈ। ਇਸ ਪੜਾਅ ਤੇ ਮੁੱਖ ਕੇਂਦਰ ਬਰਤਾਨੀਆ ਬਣਿਆ। ਦੂਜੀ ਸੰਸਾਰ ਜੰਗ ਮਗਰੋਂ ਮਜ਼ਦੂਰਾਂ ਦੀ ਕਮੀ ਨਾਲ ਜੂਝ ਰਹੀਆਂ ਬਰਤਾਨਵੀ ਮਿੱਲਾਂ ਵਿਚ ਪੰਜਾ-ਬੀਆਂ ਨੇ ਆਪਣਾ ਖ਼ੂਨ-ਪਸੀਨਾ ਇਕ ਕੀਤਾ। ਸੱਠਵਿਆਂ ਤਕ ਆਉਂਦੇ ਆਉਂਦੇ ਵਾਊਚਰ ਵੀਜ਼ਾ ਪ੍ਰਬੰਧ ਨਾਲ ਬਰਤਾਨਵੀ ਮੁਲਕਾਂ ਵਿਚ ਟੱਬਰਾਂ ਸਣੇ ਵਸਣ ਦਾ ਜੋ ਬਦਲ ਸਾਹਮਣੇ ਆਇਆ, ਉਸ ਨੇ ਪਰਵਾਸ ਨੂੰ 'ਸਮਾਜਿਕ ਉੱ-ਚਤਾ' ਵਿਚ ਬਦਲ ਦਿੱਤਾ। ਵਿਦੇਸ਼ ਤੋਂ ਆਏ ਪੈਸੇ ਨਾਲ ਪੰਜਾਬ ਦੀ ਨੁਹਾਰ ਵਿਚ ਵੀ ਤਬਦੀਲੀ ਆਈ। ਹੁਣ ਵਾਲਾ ਪਰਾਸ ਇਸ ਲੜੀ ਦਾ ਹਿੱਸਾ ਹੁੰਦਾ ਹੋਇਆ ਵੀ ਇਸ ਨਾਲੋਂ ਵੱਖਰਾ ਹੈ। ਪਹਿਲਾਂ ਪਰਵਾਸੀ ਹੋਣ ਵਾਲੇ ਪੰਜਾਬੀਆਂ ਨੇ ਵਿਦੇਸ਼ੀ ਧਰਤੀ ਉੱਪਰ ਜਾ ਕੇ ਨਸਲਵਾਦ ਅਤੇ ਵਿਤਕਰੇ ਖ਼ਿਲਾਫ ਲੰਮੀ ਲੜਾਈ ਲੜੀ। ਵਾਊਚਰ ਵੀਜ਼ਾ ਸਿਸਟਮ ਰਾਹੀਂ ਜਾਣ ਵਾਲੇ ਪੰਜਾਬੀ ਤਾਂ ਇੱਥੇ ਸਰਕਾਰੀ ਨੌਕਰੀਆਂ ਵੀ ਕਰਦੇ ਸਨ। ਹੁਣ ਪਰਵਾਸੀ ਹੋ ਰਹੇ ਨੌਜਵਾਨ ਇੱਥੋਂ ਦੇ ਸਮਾਜ-ਆਰਥਿਕ ਪ੍ਰਬੰਧ ਤੋਂ ਆਕੀ ਹੋਏ ਬਾਹਰ ਜਾਣ ਦੀ ਇੱਛਾ ਰੱਖਦੇ ਹਨ। ਇਸ ਪੀੜ੍ਹੀ ਨੇ ਸਿਹਤ, ਸਿੱਖਿਆ ਤੇ ਰੁਜ਼ਗਾਰ ਲਈ ਜੋ ਸੰਘਰਸ਼ ਇੱਥੇ ਕਰਨਾ ਸੀ, ਤੇ ਵੇਲੇ ਦੀਆਂ ਸਰਕਾਰਾਂ ਨੂੰ ਆਪਣੇ ਹੱਕ ਦੇਣ ਲਈ ਮਜਬੂਰ ਕਰਨਾ ਸੀ, ਉਸ ਦੀ ਥਾਂ ਪਰਵਾਸੀ ਹੋਣਾ ਮੁਕਾਬਲਤਨ ਸੌਖਾ ਬਦਲ ਹੈ। ਵਿਦੇਸ਼ ਦੇ ਭਲਾਈ ਰਾਜ ਦਾ ਹਿੱਸਾ ਬਣ ਕੇ ਉੱਥੋਂ ਦੀ ਮਜ਼ਦੂਰ ਜਮਾਤ ਦੀਆਂ ਜਿੱਤੀਆਂ ਬਰਕਤਾਂ ਭੋਗਣ ਨਾਲ ਪੰਜਾਬ ਉਸ ਜੱਦੋ-ਜਹਿਦ ਤੋਂ ਵਿਰਵਾ ਸੀ ਜਿਸ ਨੇ ਇੱਥੇ ਦੇ ਸ਼ਾਸਕਾਂ ਨੂੰ ਲੋਕ ਹਿੱਤਾਂ ਵਾਲੇ ਕਾਰਜਾਂ ਲਈ ਮਜਬੂਰ ਕਰਨਾ ਸੀ। ਹੁਣ ਚੱਲ ਰਹੇ ਕਿਸਾਨੀ ਸੰਘਰਸ਼ ਨੇ ਨੌਜਵਾਨ ਨਸਲ ਨੂੰ ਇਸ ਮੁੱਦੇ ਬਾਰੇ ਦੁਬਾਰਾ ਸੋਚਣ ਲਈ ਮਜਬੂਰ ਕੀਤਾ ਹੈ। ਇਹ ਕਹਿਣਾ ਤਾਂ ਗਲਤ ਹੋਵੇਗਾ ਕਿ ਹੁਣ ਪੰਜਾਬ ਦੀ ਜਵਾਨੀ ਪਰਵਾਸੀ ਨਹੀਂ ਬਣੇਗੀ ਪਰ ਉਨ੍ਹਾਂ ਨੂੰ ਆਪਣੀਆਂ ਸਰਕਾਰਾਂ ਦੇ ਖ਼ਾਸੇ ਬਾਰੇ ਚਾਨਣ ਜ਼ਰੂਰ ਹੋਇਆ ਹੈ। ਵਿਦੇਸ਼ ਤੋਂ ਪਰਤ ਕੇ ਇਸ ਸੰਘਰਸ਼ ਵਿਚ ਸ਼ਾਮਿਲ ਹੋਣ ਵਾਲੇ ਨੌ-ਜਵਾਨਾਂ ਦੀਆਂ ਅਨੇਕ ਮਿਸਾਲਾਂ ਸਾਹਮਣੇ ਆਈਆਂ ਤਾਂ ਕੁਝ ਨੌਜਵਾਨਾਂ ਨੇ ਆਪਣੀ ਜ਼ਮੀਨ ਦੇ ਅਹਿਸਾਸ ਕਾਰਨ ਬਾਹਰ ਜਾਣ ਦਾ ਖ਼ਿਆਲ ਛੱਡਿਆ ਵੀ ਹੈ। ਮਿਸਾਲਾਂ ਭਾਵੇਂ ਘੱਟ ਹੀ ਹੋਣ ਪਰ ਇਸ ਖ਼ਿਆਲ ਨੂੰ ਨਵੀਂ ਪੀੜ੍ਹੀ ਲਈ ਪੈਦਾ ਕਰਨਾ ਕਿਸਾਨੀ ਸੰਘਰਸ਼ ਦੀ ਪ੍ਰਾਪਤੀ ਹੈ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀ ਉੱਚ ਸਿੱਖਿਆ ਆਪਣੇ ਤਰਸ ਵਾਲੇ ਹਸ਼ਰ ਵਲ ਵਧ ਰਹੀ ਲਗਦੀ ਹੈ। ਇਸ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਸਿੱਖਿਆ ਖੇਤਰ ਦੇ ਪ੍ਰਾਈਵੇਟ ਨਿਵੇਸ਼ਕਾਂ ਨੂੰ ਲਾਭ ਦੇਣਾ ਹੈ ਜਿਨ੍ਹਾਂ ਵਿਚ ਪੰਜਾਬ ਦੀਆਂ ਲਗਭਗ ਸਭ ਪਾਰਟੀਆਂ ਦੇ ਸਿਆਸਤਦਾਨ ਅਤੇ ਅਫ਼ਸਰਸ਼ਾਹ ਹਨ। ਇਸ ਲਈ ਸਰਕਾਰੀ ਸਹਾਇਤਾ ਨੂੰ ਸਰਕਾਰੀ ਸੰਸਥਾਵਾਂ ਤੋਂ ਪਰ੍ਹੇ ਲਿਜਾਇਆ ਗਿਆ ਪਰ ਸਰਕਾਰੀ ਦਖ਼ਲ ਵਧਾ ਦਿੱਤਾ ਗਿਆ। ਨਤੀਜੇ ਵਜੋਂ, ਸਿੱਖਿਆ ਦਾ ਪੱਧਰ ਰਸਾਤਲ ਵਲ ਗਿਆ ਹੈ। ਪੰਜਾਬ ਦੀ ਨੌਜਵਾਨੀ ਦੀ ਜਥੇਬੰਦ ਸਿਆਸਤ ਪ੍ਰਤੀ ਉਦਾਸੀਨਤਾ ਦੀ ਹਾਲਤ ਵਿਚ ਇਹ ਕੰਮ ਸੌਖਾ ਨੇਪਰੇ ਚੜ੍ਹਿਆ। ਨੱਬੇਵਿਆਂ ਤੋਂ ਬਾਅਦ ਪੈਦਾ ਹੋਏ ਲੋਕਾਂ ਨੇ ਹਰ ਲਿਹਾਜ਼ ਨਾਲ ਪੰਜਾਬ ਦੀ ਚੜ੍ਹਦੀ ਕਲਾ ਹੀ ਦੇਖੀ ਸੀ। ਇਕ ਪਾਸੇ ਧਨੀ ਕਿਸਾਨੀ ਦੇ ਭਾਰੂ ਰੂਪ ਵਾਲੀਆਂ ਦੋ ਪਾਰਟੀਆਂ ਜਿਨ੍ਹਾਂ ਦੀਆਂ ਆਰਥਿਕ ਨੀਤੀਆਂ ਇੱਕੋ ਜਿਹੀਆਂ ਹਨ, ਦੂਜੇ ਪਾਸੇ ਸਥਾ-ਪਤੀ ਦੇ ਉਲਟ ਖੜ੍ਹਦੀ ਖੱਬੀ ਧਿਰ ਦਾ ਜਰਜਰਾ ਰੂਪ ਪਿਛਲੇ ਦਹਾਕਿਆਂ ਵਿਚ ਪੰਜਾਬ ਦੀ ਸਿਆਸਤ ਦੀ ਕਹਾਣੀ ਲਿਖਦਾ ਰਿਹਾ ਹੈ। ਇਸ ਬਿਰਤਾਂਤ ਵਿਚ ਸਹਿਮਤੀ ਦਾ ਪ੍ਰਵਚਨ ਹੀ ਭਾਰੂ ਸੀ। ਨਵੀਂ ਪੀੜ੍ਹੀ ਨੇ ਅਸਹਿਮਤ ਲੋਕਾਂ ਨਾਲ ਖੜ੍ਹੇ ਹੋਣ ਅਤੇ ਸਥਾਪਤੀ ਨੂੰ ਵੰਗਾਰਨ ਦਾ ਉਹ ਅਨੁਭਵ ਹਾਸਿਲ ਕੀਤਾ ਜੋ ਪੰਜਾਬ ਨੂੰ ਵੀ ਬੜੀ ਦੇਰ ਦਾ ਵਿਸਰਿਆ ਹੋਇਆ ਸੀ। ਯਕੀਨਨ ਇਸ ਅਸਹਿਮਤੀ ਵਿਚੋਂ ਕੁਝ ਮੁੱਦੇ ਨਵੇਂ ਲੋਕਾਂ ਦੀ ਸੰਵੇਦਨਾ ਨਾਲ ਖਹਿਣਗੇ। ਇਸ ਕਸ਼ਮਕਸ਼ ਤੋਂ ਬਾਅਦ ਨੌਜਵਾਨੀ ਦਾ ਪਹਿਲਾਂ ਵਰਗੇ ਰਹਿਣਾ ਮੁਸ਼ਕਿਲ ਲਗਦਾ ਹੈ। ਪੰਜਾਬ ਦੀ ਸਿਆਸਤ ਵਿਚ ਭਾਵੇਂ ਵੱਢ ਮਾਰਵਾਂ ਮਾਹੌਲ ਨਾ ਵੀ ਦਿਸੇ ਪਰ ਨਵੇਂ ਦਿਮਾਗਾਂ ਕੋਲ ਕੁਝ ਸਵਾਲ ਆਪਣੇ ਸਿਆਸੀ ਪ੍ਰਤੀਨਿਧਾਂ ਨੂੰ ਪੁੱਛਣ ਲਈ ਜ਼ਰੂਰ ਹੋਣਗੇ।

ਇਸ ਸੰਘਰਸ਼ ਦਾ ਨਤੀਜਾ ਪਤਾ ਨਹੀਂ ਕੀ ਹੋਵੇ ਪਰ ਇਸ ਵਿਚੋਂ ਪੈਦਾ ਹੋਈ ਊਰਜਾ ਦਾ ਪ੍ਰਵਾਹ ਬਦਲਾਓ ਲਈ ਵੀ ਹੋ ਸਕਦਾ ਹੈ। ਕੁਝ ਲੋਕਾਂ ਨੇ ਇਸ ਸੰਘਰਸ਼ ਦੀ ਰਾਜਸੀ ਦੇਣ ਬਾਰੇ ਸਵਾਲ ਖੜ੍ਹੇ ਕੀਤੇ ਹਨ। ਰਾਜਸੀ ਪ੍ਰਾਪਤੀ ਨੂੰ ਵੋਟਾਂ ਰਾਹੀਂ ਜਿੱਤ ਤਕ ਲੈ ਜਾਣਾ ਇਕ ਪਸਾਰ ਹੈ ਪਰ ਕਿਸੇ ਨੂੰ ਰਾਜਨੀਤਕ ਬਣਾ ਦੇਣਾ ਹੋਰ ਵੀ ਅਹਿਮ ਗੱਲ ਹੈ। ਇਸ ਸੰਘਰਸ਼ ਪੰਜਾਬੀ ਨੌਜਵਾਨ ਨੂੰ ਰਾਜਸੀ ਤਾਣੇ-ਬਾਣੇ ਬਾਰੇ ਸੋਚਣ ਲਈ ਮਜਬੂਰ ਕਰਨ ਵਿਚ ਸਫਲ ਰਿਹਾ ਹੈ। ਉਸ ਰਾਜਨੀਤਕ ਵਿਚਾਰਸ਼ੀਲਤਾ ਦੇ ਕਈ ਪਸਾਰ ਸੋਸ਼ਲ ਮੀਡੀਆ ਉੱਪਰ ਖੱਬੇ ਪੱਖੀ ਬਨਾਮ ਖ਼ਾਤਕਵਾਦੀ ਵਿਚਾਰਾਂ ਦੇ ਟਕਰਾਓ ਵਜੋਂ ਦੇਖਣ ਨੂੰ ਮਿਲ ਰਹੇ ਹਨ ਪਰ ਇਕ ਗੱਲ ਪੱਕੀ ਹੈ ਕਿ ਪੰਜਾਬ ਦੀ ਸਮਾਜਿਕ ਸੰਰਚਨਾ ਧਰਮ-ਨਿਰਪੱਖਤਾ ਦੇ ਆਦਰਸ਼ ਉੱਪਰ ਖੜ੍ਹੀ ਹੈ। ਇਸ ਲਈ ਬਦਲਾਓ ਦਾ ਕੋਈ ਵੀ ਵਿਚਾਰ ਸਾਂਝੀਵਾਲਤਾ ਤੋਂ ਪਾਸੇ ਰਹਿ ਕੇ ਪ੍ਰਵਾਨ ਚੜ੍ਹੇ, ਇਸ ਦੇ ਘੱਟ ਹੀ ਆਸਾਰ ਹਨ। ਬਹਿਸ ਵਾਲੇ ਇਸ ਟਕਰਾਅ ਦਾ ਹਿੱਸਾ ਬਣ ਰਹੇ ਅਤੇ ਬਹਿਸ ਤੋਂ ਪਾਸੇ ਖੜ੍ਹੇ ਮਨ ਇਤਿਹਾਸ ਦਾ ਵਿਸ਼ਲੇਸ਼ਣ ਕਰ ਰਹੇ ਹਨ।

ਇਹ ਵਿਸ਼ਲੇਸ਼ਣ ਕੁਝ ਸਾਰਥਕ ਨਤੀਜਿਆਂ ਤਕ ਪਹੁੰਚਣ ਲਈ ਨੌਜਵਾਨਾਂ ਦਾ ਰਾਹ ਦਿਸੇਰਾ ਵੀ ਜ਼ਰੂਰ ਬਣੇਗਾ। ਪੰਜਾਬ ਬਾਰੇ ਬਣੇ-ਬਣਾਏ ਕੌਮੀ ਵਿਚਾਰਾਂ ਤੋਂ ਉਲਟ ਕਿਸਾਨੀ ਅੰਦੋਲਨ ਨੇ ਪੰਜਾਬੀ ਬੰਦੇ ਦੇ ਜੁਝਾਰੂਪਨ ਨੂੰ ਇਕ ਵਾਰ ਫਿਰ ਖੜ੍ਹਾ ਕੀਤਾ ਹੈ। 'ਉੜਤਾ ਪੰਜਾਬ' ਤੋਂ 'ਲੜਦਾ ਪੰਜਾਬ' ਤਕ ਦਾ ਸਫ਼ਰ ਪੰਜਾਬ ਦੇ ਕਿਸਾਨੀ ਅੰਦੋਲਨ ਦੀ ਵੱਡੀ ਪ੍ਰਾਪਤੀ ਕਹੀ ਜਾਵੇਗੀ। ਜੇ ਨੌਜਵਾਨਾਂ ਦੀ ਸੋਚ ਨੂੰ ਘੜਨ ਵਾਲੇ ਸਾਰੇ ਪੱਖ ਫ਼ਿਲਮਾਂ, ਗਾਇਕੀ, ਸ਼ਾਇਰੀ, ਨਾਅਰੇ ਸਭ ਬਦਲੇ ਹੋਏ ਦਿਸਦੇ ਹਨ ਤਾਂ ਜ਼ਾਹਿਰ ਹੈ, ਜਵਾਨ ਮਨਾਂ ਵਿਚ ਵੀ ਬਦਲਾਓ ਰਿੜਕਿਆ ਜਾ ਰਿਹਾ ਹੈ। ਇਸ ਦੇ ਨਤੀਜੇ ਭਾਵੇਂ ਦੇਰ ਬਾਅਦ ਸਾਹਮਣੇ ਆਉਣ ਪਰ ਇਹ ਸੰਘਰਸ਼ ਬੇਸਿੱਟਾ ਨਹੀਂ ਹੋਵੇਗਾ। ਨੌਜਵਾਨੀ ਲਈ ਤਾਂ ਹਰਗਿਜ਼ ਨਹੀਂ।

# ਕਾਰਲਾ ਦੀਆਂ ਗੁਫ਼ਾਵਾਂ



ਕੁਝ ਵਰ੍ਹੇ ਪਹਿਲਾਂ ਮੇਰਾ ਇਕ ਲੇਖਕ ਦੋਸਤ ਓਮ ਪ੍ਰਕਾਸ਼ ਵੀਹ ਸਾਲ ਇੰਗਲੈਂਡ 'ਚ ਰਹਿਣ ਤੋਂ ਬਾਅਦ ਦਿੱਲੀ ਮੇਰੇ ਕੋਲ ਆਇਆ ਤਾਂ ਉਸ ਨੇ ਭਾਰਤ ਦੇ ਕੁਝ ਦਰਸ਼ਨੀ ਸਥਾਨ ਵੇਖਣ ਦੀ ਇੱਛਾ ਜ਼ਾਹਰ ਕੀਤੀ। ਅਸੀਂ ਪ੍ਰਾਚੀਨ ਬੋਧ ਸਮਾਰਕ/ਗੁਫ਼ਾਵਾਂ ਵੇਖਣ ਦਾ ਪ੍ਰੋਗਰਾਮ ਬਣਾ ਕੇ ਪਹਿਲਾਂ ਬੰਬਈ ਪਹੁੰਚਦੇ ਹਾਂ। ਬੰਬਈ ਦੇ ਮੇਰੇ ਇਕ ਮਰਾਠੀ ਦੋਸਤ ਦੇ ਘਰ ਰੁਕਦੇ ਹਾਂ, ਜੋ ਆਪ ਕਿਤੇ ਗਿਆ ਹੋਇਆ ਸੀ ਪਰ ਆਪਣੇ ਘਰ ਦੀ ਚਾਬੀ ਸਾਡੇ ਲਈ ਆਪਣੇ ਗਵਾਂਢੀ ਨੂੰ ਦੇ ਗਿਆ। ਬੰਬਈ 'ਚ ਇਕ ਹੋਰ ਗੁਜਰਾਤੀ ਕੁੜੀ ਵੀ ਮੇਰੀ ਜਾਣਕਾਰ ਹੈ। ਇਹ ਦੋਵੇਂ ਮੇਰੀਆਂ ਵੱਖ-ਵੱਖ ਪਰਬਤ ਯਾਤਰਾਵਾਂ ਦੌਰਾਨ ਮਿਲੇ ਸਨ। ਜਿਸਨੇ ਬੰਬਈ ਨਹੀਂ ਵੇਖਿਆ, ਉਸ ਦੀ ਜਾਣਕਾਰੀ ਲਈ ਕਿ ਸਾਰੇ ਬੰਬਈ 'ਚ ਲੋਕਲ ਟ੍ਰੇਨਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ ਤਕਰੀਬਨ ਨੱਬੇ ਪਚੱਨਵੇਂ ਫ਼ੀਸਦੀ ਆਦਮੀ ਤੀਵੀਆਂ ਲੋਕਲ ਟ੍ਰੇਨਾਂ ਰਾਹੀਂ ਆਉਂਦੇ ਜਾਂਦੇ ਹਨ। ਕੁੜੀ ਦਾ ਨਾਂ ਉਲਾਸ, ਕਾਫ਼ੀ ਅਮੀਰ ਮਾਂ ਪਿਓ ਦੀ ਧੀ ਸੀ। ਇਹ ਰੋਜ਼ ਸਾਨੂੰ ਇਕ (ਗੋਰੀ ਗਾਓਂ) ਸਟੇਸ਼ਨ 'ਤੇ ਆ ਕੇ ਮਿਲਦੀ, ਨਾਲ ਸਾਡੇ ਲਈ ਨਾਸ਼ਤਾ ਘਰੋਂ ਬਣਾ ਕੇ ਲੈ ਆਉਂਦੀ ਅਤੇ ਬੰਬਈ ਦੀ ਮੈਰੀਨ ਡਰਾਇਵ, ਅਜਾਇਬਘਰਾਂ ਅਤੇ ਐਲੀਫੈਂਟਾਂ ਗੁਫ਼ਾਵਾਂ ਦੀ ਸੈਰ ਕਰਾਉਂਦੀ ਹੈ। ਆਪਣੇ ਉਲੀਕੇ ਪ੍ਰੋਗਰਾਮ ਮੁਤਾਬਕ ਇਸ ਤੋਂ ਬਾਅਦ ਅਸੀਂ ਬੰਬਈ ਤੋਂ 90 ਕਿਲੋਮੀਟਰ ਦੂਰ ਕਾਰਲਾ ਦੀ ਪ੍ਰਸਿੱਧ ਬੋਧ ਗੁਫ਼ਾ ਵੇਖਣ ਜਾਣਾ ਸੀ। ਇੱਥੇ ਪਹੁੰਚਣ ਲਈ ਪਹਿਲਾਂ 'ਲੋਨਾਵਲਾ' ਪਹੁੰਚ ਕੇ ਇਕ ਦਿਨ ਰੁਕਣਾ ਹੁੰਦਾ ਹੈ। ਉਲਾਸ ਸਾਨੂੰ ਆਪਣੇ ਕਿਸੇ ਜਾਣਕਾਰ ਦੇ ਹੋਟਲ ਦਾ ਨਾਂ ਦੱਸਦਿਆਂ ਉੱਥੇ ਰੁਕਣ ਦੀ ਸਲਾਹ ਦੇਂਦੀ ਹੈ। ਦੋ ਕੁ ਦਿਨ ਉਸ ਹੋਟਲ 'ਚ ਰੁਕਣ ਤੋਂ ਬਾਅਦ ਜਦੋਂ ਅਸੀਂ ਹੋਟਲ ਦੇ ਮੈਨੇਜਰ ਤੋਂ ਆਪਣਾ 'ਬਿੱਲ' ਮੰਗਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਹੋਟਲ ਦਾ ਮਾਲਕ ਉਲਹਾਸ ਦਾ ਬਾਪ ਹੈ-ਕਾਫ਼ੀ ਅਮੀਰ, ਜਿਸ ਦਾ ਕੱਛ ਗੁਜਰਾਤ ਦੇ ਮਾਂਡਵੀ ਸ਼ਹਿਰ 'ਚ ਪਾਣੀ ਦੇ ਛੋਟੇ ਜਹਾਜ਼ ਬਣਾਉਣ ਦਾ ਕਾਰੋਬਾਰ ਹੈ। ਭਾਵ ਇਹ ਕਿ ਹੋਟਲ 'ਚ ਠਹਿਰਣ, ਖਾਣ ਪੀਣ ਲਈ ਕੋਈ ਖ਼ਰਚਾ ਨਹੀਂ ਕਰਨਾ ਪੈਂਦਾ। ਲੋਨਾਵਲਾ ਪਹੁੰਚਣ ਤੋਂ ਅਗਲੇ ਦਿਨ ਅਸੀਂ ਆਟੋ ਰਿਕਸ਼ਾ 'ਚ ਬੈਠ ਕੇ ਲੋਨਾਵਲਾ ਤੋਂ ਗਿਆਰਾਂ ਕਿਲੋਮੀਟਰ ਦੂਰ ਕਾਰਲਾ ਗੁਫ਼ਾ ਸਥਿਤ ਪਹਾੜੀ ਦੇ ਪੈਰਾਂ 'ਚ ਆ ਪਹੁੰਚਦੇ ਹਾਂ। ਗੁਫ਼ਾ ਤਕਰੀਬ 500 ਮੀਟਰ ਉੱਪਰ ਹੈ। ਇਹ ਚੜ੍ਹਾਈ ਪੌੜੀਆਂ ਰਾਹੀਂ ਚੜ੍ਹਦਿਆਂ ਅਸੀਂ ਗੁਫ਼ਾ ਕੋਲ ਪਹੁੰਚ ਕੇ ਅੰਦਰ ਜਾਣ ਲਈ ਟਿਕਟ ਖ਼ਰੀਦ ਕੇ ਅਤੇ ਗੁਫ਼ਾ ਦੇ ਮੂੰਹ ਕੋਲ ਜਾ ਪਹੁੰਚਦੇ ਹਾਂ। ਇਸ ਦੇ ਮੂੰਹ ਦੇ ਬਾਹਰ ਕਰ ਕੇ ਇਕ ਬਹੁਤ ਭੱਦੇ ਢੰਗ ਦਾ ਬਣਿਆ ਨਜ਼ਰ ਵੱਟੂ ਵਾਂਗ ਛੋਟਾ ਜਿਹਾ ਹਿੰਦੂ ਮੰਦਰ ਹੈ, ਸ਼ਾਇਦ ਦੋ ਤਿੰਨ ਸੌ ਸਾਲ ਜਾਂ ਇਸ ਤੋਂ ਵੀ ਪਹਿਲਾਂ ਬਣਿਆ ਹੋਇਆ। ਇਸ ਗੁਫ਼ਾ ਦਾ ਨਿਰਮਾਣ ਦੂਸਰੀ ਸ਼ਤਾਬਦੀ ਪੂਰਵ ਈਸਵੀ ਤੋਂ ਲੈ ਕੇ ਚੌਥੀ ਸ਼ਤਾਬਦੀ ਵਿਚਕਾਰ ਹੋਇਆ ਮੰਨਿਆ ਜਾਂਦਾ ਹੈ। ਅੰਦਰ ਦਾਖ਼ਲ ਹੁੰਦਿਆਂ ਹੀ ਜੋ ਵੇਖਦੇ ਹਾਂ, ਉਹ ਵੇਖ ਕੇ ਆਦਮੀ ਹੈਰਾਨ ਰਹਿ ਜਾਂਦਾ ਹੈ ਕਿ ਇਸ ਨੂੰ ਮਨੁੱਖ ਦੇ ਹੱਥਾਂ ਨੇ ਛੈਣੀਆਂ ਨਾਲ ਕੱਟ-ਕੱਟ ਕੇ ਬਣਾਇਆ ਹੋਵੇਗਾ?

ਫ਼ਰਸ਼ ਤੋਂ ਲੈ ਕੇ ਘੋੜੇ ਦੇ ਖੁਰ ਦੀ ਸ਼ਕਲ ਵਾਲੀ ਛੱਤ ਦੀ ਉਚਾਈ 50 ਫੁੱਟ, ਲੰਬਾਈ 124 ਫੁੱਟ ਅਤੇ ਚੌੜ-ਾਈ ਵੀ 50 ਫੁਟ ਹੈ। ਇਸ ਦੇ ਮੰਡਪ ਦੇ ਦੋਵੇਂ ਪਾਸੇ 37 ਸਤੰਭ ਹਨ। ਸਤੰਭਾਂ ਦੇ ਉਪਰਲੇ ਭਾਗ ਤੇ ਹਾਥੀਆਂ ਉੱਪਰ ਬੈਠੇ ਸਵਾਰਾਂ ਦੀਆਂ ਮੂਰਤੀਆਂ ਹਨ। ਚੇਤਅ (ਮੰਡਪ) ਦੇ ਅਖੀਰਲੇ ਸਿਰੇ 'ਤੇ ਛੋਟੇ ਆਕਾਰ ਦਾ ਇਕ ਬੋਧ ਸਤੂਪ ਹੈ।

ਪਰਿਕਰਮਾ ਕਰਨ ਲਈ ਇਸ ਦੁਆਲੇ ਸਥਾਨ ਛੱਡਿਆ ਹੋਇਆ ਹੈ। ਇਸ ਗੁਫ਼ਾ 'ਚ ਵੜਨ ਤੋਂ ਪਹਿਲਾਂ ਸੱਜੇ ਖੱਬੇ ਤਿੰਨ ਇਸਤਰੀ ਪੁਰਸ਼ਾਂ ਦੇ ਜੋੜਿਆਂ ਦੇ ਆਦਮ ਕਦ ਬੁੱਤ ਹਨ। ਅਨੁਮਾਨ ਹੈ ਕਿ ਇਹ ਛੇ ਮੂਤਰੀਆਂ ਉਨ੍ਹਾਂ ਵਪਾਰੀ ਜੋੜਿਆਂ ਦੀਆਂ ਹਨ ਜਿਨ੍ਹਾਂ ਨੇ ਇਸ ਗੁਫ਼ਾ ਦੇ ਨਿਰਮਾਣ ਲਈ ਬੰਨ੍ਹ ਦਿੱਤਾ ਹੋਵੇਗਾ। ਇਹ ਵੀ ਅਨੁਮਾਨ ਹੈ ਕਿ ਇਸ ਗੁਫ਼ਾ ਦੇ ਨਿਰਮਾਣ ਦਾ ਕੰਮ ਦੋ ਤਿੰਨ ਸੌ ਸਾਲ ਤਕ ਚਲਦਾ ਰਿਹਾ ਹੋਵੇਗਾ। ਇਨ੍ਹਾਂ ਛੇ ਮੂਰਤੀਆਂ ਤੋਂ ਸਾਨੂੰ





ਇਹ ਵੇਖਣ ਨੂੰ ਮਿਲਦਾ ਹੈ ਕਿ ਅੱਜ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਇਸਤਰੀ ਪੁਰਸ਼ ਕਿਸ ਤਰ੍ਹਾਂ ਦੇ ਵਸਤਰ ਧਾਰਨ ਕਰਦੇ ਹਨ।

ਕਾਰਲਾ ਦੀਆਂ ਗੁਫ਼ਾਵਾਂ ਵੇਖਣ ਤੋਂ ਬਾਅਦ ਅਸੀਂ ਥੱਲੇ ਉਤਰਦੇ, ਇਕ ਢਾਬੇ ਤੋਂ ਨਾਸ਼ਤਾ ਕਰਦੇ ਅਤੇ ਮੈਂ ਓਮ ਪ੍ਰਕਾਸ਼ ਨੂੰ ਦੱਸਦਾ ਹਾਂ ਕਿ ਇਸ ਤੋਂ ਕੁਝ ਕਿਲੋਮੀਟਰ ਦੂਰ ਕੁਝ ਹੋਰ ਗੁਫ਼ਾਵਾਂ ਵੀ ਹਨ। ਪਰ ਉਸ ਦੇ ਪ੍ਰਤੀਕਰਮ ਤੋਂ ਲੱਗਦਾ ਹੈ ਕਿ ਉਸਨੂੰ ਇਹ ਕੁਝ ਵੇਖਣ 'ਚ ਕੋਈ ਦਿਲਚ-ਸਪੀ ਨਹੀਂ। (ਸੰਭਵ ਹੈ ਕਿ ਇਹ ਲੇਖ ਪੜ੍ਹਨ ਵਾਲਿਆਂ 'ਚੋਂ ਵੀ ਕੁਝ ਨੂੰ ਕੋਈ ਦਿਲਚਸਪੀ ਨਾ ਹੁੰਦੀ ਹੋਵੇ)। ਮੈਂ ਜ਼ਰਾ ਖਿਝ ਕੇ ਉਸ ਨੂੰ ਆਖਦਾ ਹਾਂ ਕਿ ਫੇਰ ਤੂੰ ਇਥੇ ਹੀ ਬੈਠਿਆ ਰਹਿ। ਮੇਰੇ ਤੋਂ ਮੁੜ-ਮੁੜ ਇਸ ਪਾਸੇ ਨਹੀਂ ਆਇਆ ਜਾਂਦਾ। ਮੈਂ ਵੇਖ ਕੇ ਆਉਂਦਾ ਹਾਂ। (ਉਂਝ ਇਸ ਦੇ ਪੰਦਰਾਂ ਕੁ ਸਾਲ ਬਾਅਦ ਮੁੜ ਵੀ ਜਾਣਾ ਪਿਆ, ਆਪਣੀ ਬੇਟੀ ਨਾਲ, ਕਿਉਂਕਿ ਉਹ ਕਲਾ ਇਤਿਹਾਸ 'ਚ ਪੀ ਐੱਚ.ਡੀ. ਕਰ ਰਹੀ ਸੀ)। ਓਮ ਪ੍ਰਕਾਸ਼ ਬਦੋਬਦੀ ਹੀ ਮੇਰੇ ਨਾਲ ਤੁਰ ਪੈਂਦਾ ਹੈ ਅਤੇ ਅਸੀਂ ਇਕ ਆਟੋ-ਰਿਕਸ਼ਾ ਦੁਆਰਾ ਤਕਰੀਬਨ ਦਸ ਕਿਲੋਮੀਟਰ ਦੂਰ ਭੱਜ ਭੇਦੱਸਾ ਗੁਫ਼ਾਵਾਂ ਵੱਲ ਤੁਰ ਪੈਂਦੇ ਹਾਂ।

ਇਹ ਗੁਫ਼ਾਵਾਂ ਕਾਰਲਾ ਗੁਫ਼ਾ ਵਾਂਗ ਬਹੁਤੀਆਂ ਪ੍ਰਭਾਵਸ਼ਾਲੀ ਨਹੀਂ ਪਰ ਪੁਰਵਾਸ਼ੇਸ਼ ਦ੍ਰਿਸ਼ਟੀਕੋਣ ਤੋਂ ਕਾਫੀ ਮਹੱਤਵਪੂਰਨ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਗੁਫ਼ਾਵਾਂ ਦਾ ਨਿਰਮਾਣ ਕਾਰਲਾ ਅਤੇ ਅਜੰਤਾ ਅਲੋਰਾ ਦੀਆਂ ਗੁਫ਼ਾਵਾਂ ਤੋਂ ਪਹਿਲਾਂ ਹੋਇਆ ਸੀ। ਭੱਜ ਗੁਫ਼ਾ ਦੇ ਚੇਤਅ (ਚੇਤਅ ਸ਼ਬਦ 'ਚਿੰਤਨ' ਤੋਂ ਬਣਿਆ ਹੈ) ਇਥੇ ਬੈਠ ਕੇ ਬੋਧ ਭਿਖੂ ਧਿਆਨ-ਚਿੰਤਨ ਕਰਦੇ ਸਨ। ਇਸ ਗੁਫ਼ਾ ਦੇ ਬਾਹਰ ਕਰ ਕੇ ਇੰਦਰ ਦੇਵਤਾ ਨੂੰ ਇਕ ਹਾਥੀ ਉੱਤੇ ਬੈਠਿਆਂ ਵਿਖਾਇਆ ਗਿਆ ਹੈ। ਹਾਥੀ ਨੇ ਆਪਣੀ ਸੁੰਢ 'ਚ ਪੁੱਟੇ ਹੋਏ ਇਕ ਰੁੱਖ ਨੂੰ ਚੁੱਕਿਆ ਹੋਇਆ ਹੈ। ਇਸ ਦੇ ਉਪਰ ਦਰਬਾਰੀਆਂ ਨਾਲ ਘਿਰਿਆ ਇਕ ਰਾਜਾ ਬੈਠਾ ਹੋਇਆ ਹੈ। ਦੂਸਰੇ ਉਕਰੇ ਹੋਏ ਚਿੱਤਰ 'ਚ ਸੂਰਜ ਦੇਵਤਾ ਚਾਰ ਘੋੜਿਆਂ ਵਾਲੇ ਇਕ ਰੱਥ ਉਪਰ ਬੈਠਾ ਦਿਸਦਾ ਹੈ ਜਿਸਨੇ ਆਪਣੀ ਸ਼ਕਤੀ ਨਾਲ 'ਹਨੇਰੇ ਦੇ ਰਾਖਸ਼' ਨੂੰ ਭੁੰਜੇ ਸੁੱਟਿਆ ਹੋਇਆ ਹੈ। ਇਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਬੋਧ ਸਮਾਰਕਾਂ, ਗੁਫ਼ਾਵਾਂ ਤੇ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ, ਬੁੱਤ ਆਦਿ 'ਚ ਇਕ ਨਿਵੇਕਲਾਪਣ ਹੈ।

ਇਨ੍ਹਾਂ ਗੁਫ਼ਾਵਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਤੋਂ ਪਹਿਲਾਂ ਮੂਰਤੀ ਕਲਾ ਦਾ ਆਰੰਭ ਹੀ ਨਹੀਂ ਸੀ ਹੋਇਆ। ਹਿੰਦੂ ਮੱਤ ਦੇ ਇਤਿਹਾਸ 'ਚ ਇਸ ਸਮੇਂ ਤੋਂ ਪਹਿਲਾਂ ਸ਼ਿਵ, ਇੰਦਰ ਦੇਵਤਾ ਅਤੇ ਸੂਰਜ ਦੇਵਤਾ ਦੇ ਇਲਾਵਾ ਹੋਰ ਕੋਈ ਦੇਵਤਾ, ਅਵਤਾਰ ਜਾਂ ਤੇ ਹੁੰਦਾ ਹੀ ਨਹੀਂ ਸੀ ਜਾਂ ਉਸ ਦਾ ਜ਼ਿਕਰ ਵੇਦਾਂ ਸ਼ਾਸਤਰਾਂ ਤਕ ਹੀ ਸੀਮਤ ਸੀ। ਵਿਸ਼ਨੂੰ ਦੇ ਅਵਤਾਰ- ਕ੍ਰਿਸ਼ਨ, ਰਾਮ ਜਾਂ ਹੋਰ ਦੇਵੀ ਦੇਵਤਿਆਂ ਦਾ ਜ਼ਿਕਰ ਬਾਅਦ ਦੇ ਪੁਰਾਣਾਂ, ਗ੍ਰੰਥਾਂ 'ਚ ਹੀ ਮਿਲਦਾ ਹੈ। ਕਾਰਲਾ ਦੀਆਂ ਗੁਫ਼ਾਵਾਂ ਅਤੇ ਸਾਂਚੀ ਦੇ ਸਤੂਪਾਂ ਦੇ ਨਿਰਮਾਣ ਤੋਂ ਕੁਝ ਵਰ੍ਹਿਆਂ ਬਾਅਦ ਮਹਾਤਮਾ ਬੁੱਧ ਦੀਆਂ ਮੂਰਤੀਆਂ ਹੋਂਦ 'ਚ ਆਉਣੀਆਂ ਸ਼ੁਰੂ ਹੋਈਆਂ। ਇਸ ਤੋਂ ਪਹਿਲਾਂ ਗੁਫ਼ਾਵਾਂ 'ਚ ਅਤੇ ਬਾਹਰ ਉਸਰੇ ਛੋਟੇ-ਛੋਟੇ ਸਤੂਪਾਂ ਨੂੰ ਮਹਾਤਮਾ ਬੁੱਧ ਦਾ ਰੂਪ ਸਮਝਿਆ ਜਾਂਦਾ ਸੀ। ਜਾਂ ਮਹ-ਾਤਮਾ ਬੁੱਧ 'ਰੁੱਖ', ਚੱਕਰ ਸਤੂਪ ਆਦਿ ਦੇ ਪ੍ਰਤੀਕਾਂ ਦੁਆਰਾ ਪੇਸ਼ ਕੀਤਾ ਜਾਂਦਾ ਸੀ।

ਇਨ੍ਹਾਂ ਸਤੂਪਾਂ ਅਤੇ ਪ੍ਰਤੀਕਾਂ ਦੀ ਸੰਗਤਰਾਸ਼ੀ ਨੂੰ ਭਾਰਤ ਦੀ ਮੂਤਰੀ ਕਲਾ ਦਾ ਆਰੰਭ ਕਿਹਾ ਜਾ ਸਕਦਾ ਹੈ। ਮੂਰਤੀ ਕਲਾ ਦੇ ਨਾਲ-ਨਾਲ ਮੂਰਤੀ ਪੂਜਨ ਦਾ ਅਤੇ ਮੂਰਤੀਆਂ ਨੂੰ ਸਥਾਪਤ ਕਰਨ ਲਈ ਮੰਦਰਾਂ ਦਾ ਵੀ। ਇਸ ਤੋਂ ਬਾਅਦ ਅਮਰਾਵਤੀ ਦੇ ਸਤੂਪ, ਅਜੰਤਾ, ਐਲੋਰਾ, ਐਲੀਫੈਂਟਾਂ ਦੀਆਂ ਗੁਫ਼ਾਵਾਂ ਅਤੇ ਖਜੂਰਾਹੋਂ ਦੇ ਮੰਦਰ ਹੋਂਦ ਵਿਚ ਆਉਂਦੇ ਰਹੇ।

### ਗੁਫ਼ਾਵਾਂ ਬਣਾਉਣ ਦੀ ਪ੍ਰੰਪਰਾ

ਕਾਰਲਾ ਦੀਆਂ ਗੁਫ਼ਾਵਾਂ ਅਤੇ ਸਾਂਚੀ ਦੇ ਸਤੂਪ ਦੇ ਨਿਰਮਾਣ ਸਮੇਂ ਹੀ ਭਾਰਤ 'ਚੋਂ ਗੁਫ਼ਾਵਾਂ ਦੇ ਬਣਾਉਣ-ਘੜਨ ਦੀ ਪ੍ਰੰਪਰਾ ਸ਼ੁਰੂ ਹੋਈ ਜਿਸ ਦਾ ਸਿਲਸਿਲਾ ਤਕਰੀਬਨ ਇਕ ਹਜ਼ਾਰ ਸਾਲ ਤਕ ਚਲਦਾ ਰਿਹਾ। ਮਹਾਤਮਾ ਬੁੱਧ ਦੇ ਆਦੇਸ਼ ਅਨੁਸਾਰ ਬੋਧ ਭਿਖੂਆਂ ਨੂੰ ਸਾਰਾ ਸਾਲ ਵੱਖ-ਵੱਖ ਸਥਾਨਾਂ 'ਤੇ ਘੁੰਮਦਿਆਂ ਬੁੱਧ ਧਰਮ ਦਾ ਪ੍ਰਚਾਰ ਕਰਨਾ ਹੁੰਦਾ ਸੀ, ਸਵਾਏ ਬਰਸਾਤ ਦੇ ਦੋ ਤਿੰਨ ਮਹੀਨਿਆਂ ਦੇ। ਇਨ੍ਹਾਂ ਦੋ ਤਿੰਨ ਮਹੀਨਿਆਂ ਵਿਚਕਾਰ ਬੋਧ ਭਿਖੂਆਂ ਨੇ ਪਹਿਲਾਂ ਬਣੀਆਂ ਬਣਾਈਆਂ ਪ੍ਰਕ੍ਰਿਤਕ ਗੁਫ਼ਾਵਾਂ ਲੱਭੀਆਂ। ਫੇਰ ਇਨ੍ਹਾਂ ਨੂੰ ਕੱਟ ਕੱਟ ਕੇ ਵਿਸਤਾਰ ਕਰਨਾ ਸ਼ੁਰੂ ਕੀਤਾ। ਇਸ ਤੋਂ ਬਾਅਦ ਕਾਰਲਾ, ਅਜੰਤਾ, ਅਲੋਰਾ ਦੀਆਂ ਵੱਡੀਆਂ-ਵੱਡੀਆਂ ਗੁਫ਼ਾਵਾਂ ਦੇ ਨਿਰਮਾਣ ਦਾ ਸਿਲਸਿਲਾ ਆਰੰਭ ਹੋ ਗਿਆ।

**- ਮਨਮੋਹਨ ਬਾਵਾ**

# ਕੁਦਰਤੀ ਸੁੰਦਰਤਾ ਨਾਲ ਭਰਪੂਰ ਅਲਮੋੜਾ



ਉਤਰਾਖੰਡ ਵਿਚ ਨੈਨੀਤਾਲ ਤੋਂ 66 ਕਿਲੋਮੀਟਰ ਅੱਗੇ ਅਲਮੋੜਾ ਕੁਦਰਤੀ ਸੁੰਦਰਤਾ ਨਾਲ ਭਰਪੂਰ ਖ਼ੂਬਸੂਰਤ ਜਗ੍ਹਾ ਹੈ। ਸਮੁੰਦਰੀ ਤਲ ਤੋਂ 5200 ਫੁੱਟ ਦੀ ਉਚਾਈ 'ਤੇ ਸਥਿਤ ਅਲਮੋੜਾ ਦੇ ਚਾਰੇ-ਪਾਸੇ, ਦੂਰ-ਦੂਰ ਤਕ ਬਰਫ਼ ਨਾਲ ਢੱਕੀਆਂ ਪਹਾੜੀਆਂ, ਘਾਹ ਦੇ ਮੈਦਾਨ, ਜੰਗਲ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਥਾਵਾਂ ਇਸ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੀਆਂ ਹਨ। ਉਤਰਾਖੰਡ ਵਿਚ ਦੋ ਭਾਸ਼ਾਵਾਂ ਕੁਮਾਉਨੀ ਤੇ ਗੜ੍ਹਵਾਲੀ ਬੋਲੀਆਂ ਜਾਂਦੀਆਂ ਹਨ, ਪਰ ਅਲਮੋੜਾ ਵਿਚ ਕੁਮਾਉਨੀ ਭਾਸ਼ਾ ਬੋਲੀ ਜਾਂਦੀ ਹੈ। ਸੁਰਅਤਾ ਤੋਂ ਬੱਸ ਰਾਹੀਂ ਪਹਾੜੀ ਰਸਤਿਆਂ ਦਾ ਆਨੰਦ ਲੈਂਦਿਆਂ ਇੱਥੇ ਪਹੁੰਚਿਆ ਜਾ ਸਕਦਾ ਹੈ। ਹਲਦਾਨੀ ਕਾਠਗੁਦਾਮ ਰੇਲਵੇ ਸਟੇਸ਼ਨ ਤੋਂ ਸੈਲਾਨੀ ਕਾਰ ਜਾਂ ਟੈਕਸੀ ਰਾਹੀਂ ਵੀ ਜਾ ਸਕਦੇ ਹਨ। ਰੇਲ ਰਾਹੀਂ ਸਿਰਫ਼ ਕਾਠਗੁਦਾਮ ਤਕ ਹੀ ਜਾਇਆ ਜਾ ਸਕਦਾ ਹੈ।

ਅਲਮੋੜਾ ਦਾ ਖੇਤਰਫਲ 11.9 ਕਿਲੋਮੀਟਰ ਹੈ। ਕੋਸੀ ਤੇ ਸ਼ਾਲਮਈ ਨਦੀ ਦੇ ਵਿਚਕਾਰ ਪਰਬਤ 'ਤੇ ਅਲਮੋੜਾ ਸਥਿਤ ਹੈ। ਇਸ ਸਥਾਨ ਦਾ ਸੰਸਿਤੀ, ਇਤਿਹਾਸਕ ਤੇ ਭੂਗੋਲਿਕ ਮਹੱਤਵ ਹੈ। ਵਿਦਵਾਨਾਂ ਅਨੁਸਾਰ ਸੰਨ 1563 ਈ. ਵਿਚ ਚੰਦਰਵੰਸ਼ ਰਾਜਾ ਬਾਲੋ ਕਲਿਆਣ ਚੰਦ ਨੇ ਆਲਮਨਗਰ ਨਾਂ ਦਾ ਇਕ ਨਗਰ ਵਸ-ਾਇਆ ਸੀ। ਉਂਜ ਤਾਂ ਚੰਦਰਵੰਸ ਦੀ ਰਾਜਧਾਨੀ ਚੰਪਾਵਤ ਸੀ, ਪਰ ਰਾਜਾ ਬਾਲੋ ਨੂੰ ਇਹ ਸਥਾਨ ਬਹੁਤ ਸੁੰਦਰ ਤੇ ਰਮਣੀਕ ਲੱਗਿਆ। ਉਸਨੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ ਤੇ ਇਹ ਅਲਮੋੜਾ ਨਾਂ ਨਾਲ ਪ੍ਰਸਿੱਧ ਹੋ ਗਿਆ। ਸੰਨ 1790 ਵਿਚ ਇਸ ਜਗ੍ਹਾ 'ਤੇ ਗੋਰਖਿਆਂ ਦਾ ਦਬਦਬਾ ਸੀ, ਪਰ 1816 ਵਿਚ ਗੋਰਖਿਆਂ ਨੂੰ ਹਰਾ ਕੇ, ਇੱਥੇ ਅੰਗਰੇਜ਼ ਹਕੂਮਤ ਕਾਬਜ਼ ਹੋ ਗਈ। ਪਹਾੜੀ ਸੈਲਾਨੀ ਸਥਾਨ ਬਣਾਉਣ ਦਾ ਸਿਹਰਾ ਅੰਗਰੇਜ਼ਾਂ ਨੂੰ ਹੀ ਜਾਂਦਾ ਹੈ, ਪਰ ਇਸ ਨੂੰ ਵਿਕਸਿਤ ਕਰਨ ਵਿਚ ਇੱਥੇ ਦੇ ਸਥਾਨਕ ਲੋਕਾਂ ਦੀ ਭੂਮਿਕਾ ਵੀ ਖ਼ਾਸ ਹੈ। ਅਲਮੋੜਾ ਵਿਚ ਇਕ ਜ਼ਿਲ੍ਹਾ ਜੇਲ੍ਹ ਵੀ ਹੈ, ਜਿੱਥੇ ਭਾਰਤ ਦੇ ਸਵਰਗੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵੀ ਰਹੇ ਹਨ। ਉਂਜ ਤਾਂ ਅਲਮੋੜਾ ਵਿਚ ਸਾਰਾ ਸਾਲ ਹੀ ਸੈਲਾਨੀ ਆਉਂਦੇ ਰਿ-ਹੰਦੇ ਹਨ, ਪਰ ਬਸੰਤ ਰੁੱਤ ਤੋਂ ਲੈ ਕੇ ਜੂਨ ਮਹੀਨੇ ਤੇ ਇੱਥੋਂ ਦਾ ਮੌਸਮ ਸੁਹਾਵਣਾ ਤੇ ਸੈਲਾਨੀਆਂ ਨੂੰ ਲੁਭਾਉਂਦਾ ਹੈ। ਸਰਦੀਆਂ ਵਿਚ ਬਰਫ਼ ਪੈਣ ਨਾਲ ਸਾਰੀਆਂ ਪਹਾੜੀਆਂ ਬਰਫ਼ ਦੀ ਚਿੱਟੀ ਚਾਦਰ ਨਾਲ ਢੱਕੀਆਂ ਜਾਂਦੀਆਂ ਹਨ। ਜਦੋਂ ਰਾਤ ਨੂੰ ਇਕ ਕੋਨੇ ਤੋਂ ਖੜ੍ਹ ਕੇ ਅਲਮੋੜਾ ਨੂੰ ਵੇਖੀਦਾ ਹੈ ਤਾਂ ਪੂਰਾ ਸ਼ਹਿਰ ਰੋਸ਼ਨੀਆਂ ਨਾਲ ਨਹਾਇਆ ਲਗਦਾ ਹੈ। ਰਾਤ ਨੂੰ ਹੋਟਲਾਂ ਤੇ ਘਰਾਂ ਦੀਆਂ ਟਿਮ-ਟਿਮਾਉਂਦੀਆਂ ਲਾਈਟਾਂ ਇਸ ਤਰ੍ਹਾਂ ਲੱਗਦੀਆਂ ਹਨ, ਜਿਵੇਂ ਆਕਾਸ਼ ਦੇ ਸਾਰੇ ਤਾਰੇ ਧਰਤੀ ਉੱਤੇ ਆ ਗਏ ਹੋਣ।

ਅਲਮੋੜਾ ਵਿਚ ਪਲਟਨ ਬਾਜ਼ਾਰ, ਜੋਹਰੀ ਬਾਜ਼ਾਰ, ਕਾਰਖਾਨਾ ਬਾਜ਼ਾਰ ਤੇ ਲਾਲ ਬਾਜ਼ਾਰ ਹਨ। ਲਾਲ ਬਾਜ਼ਾਰ ਪੱਥਰਾਂ ਦਾ ਬਣਿਆ ਹੋਇਆ ਹੈ, ਪਰ ਆਧੁਨਿਕਤਾ ਇਸ ਬਾਜ਼ਾਰ ਦੀ ਹੋਂਦ ਨੂੰ ਖ਼ਤਮ ਕਰਦੀ ਜਾ ਰਹੀ ਹੈ। ਪਲਟਨ ਬਾਜ਼ਾਰ ਦੇ ਕੋਲ ਕਤਊਰੀ ਸ਼ਾਸਕਾਂ ਦੁਆਰਾ ਬਣ-ਾਇਆ ਗਿਆ ਕਿਲ੍ਹਾ ਖਗਸਰਾ ਹੈ। ਚੰਦ ਰਾਜੇ ਦੁਆਰਾ ਬਣਾਇਆ ਗਿਆ ਮਾਲਾਤਾਲ ਵੀ ਹੈ। ਅਲਮੋੜਾ ਵਿਚ ਚਿ-ਤਾਈ ਮੰਦਰ ਵੇਖੇ ਬਿਨਾਂ ਸੈਲਾਨੀਆਂ ਦੀ ਯਾਤਰਾ ਅਧੂਰੀ ਸਮਝੀ ਜਾਂਦੀ ਹੈ। ਇਹ ਮੰਦਰ ਰਾਜਿਆਂ ਦੇ ਵੀਰ ਸੈਨਾ-ਪਤੀ ਅੰਸ਼ਦੇਵ ਗੋਲ ਦੀ ਯਾਦ ਵਿਚ ਬਣਾਇਆ ਗਿਆ। ਮੰਦਰ ਵਿਚ ਤਰ੍ਹਾਂ-ਤਰ੍ਹਾਂ ਦੀਆਂ, ਪਿੱਤਲ ਦੀਆਂ ਛੋਟੀਆਂ-ਵੱਡੀਆਂ ਘੰਟੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ ਵਿਸ਼ਾਲ ਘੰਟੀਆਂ ਦੀ ਆਵਾਜ਼ ਸਾਰਾ ਦਿਨ ਗੂੰਜਦੀ ਰਹਿੰਦੀ ਹੈ। ਇੱਥੇ ਸੈਲਾਨੀ ਵੱਡੀ ਗਿਣਤੀ ਵਿਚ ਆਉਂਦੇ ਰਹਿੰਦੇ ਹਨ।

ਅਲਮੋੜਾ ਤੋਂ ਸਿਰਫ਼ ਦੋ ਕਿਲੋਮੀਟਰ ਦੂਰ ਬਾਈਟਨ ਐਂਡ ਕਾਰਨਰ ਜਗ੍ਹਾ ਹੈ, ਜਿੱਥੋਂ ਸਵੇਰੇ ਸੂਰਜ ਤੇ ਛਿਪਣ ਵੇਲੇ ਵੀ ਹਿਮਾਲਾ ਪਰਬਤ ਦੀਆਂ ਪਹਾੜੀਆਂ ਤੇ ਸੂਰਜ ਦੀਆਂ ਭਿੰਨ-ਭਿੰਨ ਰੰਗਾਂ ਦੀਆਂ ਕਿਰਨਾਂ ਦਾ ਬਹੁਤ ਵਧੀਆ ਦ੍ਰਿਸ਼ ਵੇਖਿਆ ਜਾ ਸਕਦਾ ਹੈ। ਇੱਥੋਂ ਹਿਮਾਲਾ ਪਰਬਤ ਦੀ ਸੁੰਦਰਤਾ ਨੂੰ ਵੀ ਰੱਜ ਕੇ ਵੇਖਣਾ ਚਾਹੀਦਾ ਹੈ। ਦੋ ਕਿਲੋਮੀਟਰ ਦੂਰ ਹੀ ਸਿਮਤੋਲਾ, ਚੀੜ ਦੇ ਦਰੱਖ਼ਤਾਂ ਨਾਲ ਘਿਰਿਆ ਖ਼ੂਬਸੂਰਤ ਸਥਾਨ ਹੈ। ਨਾਚ (ਨ੍ਰਿਤ) ਦੇ ਸਮਰਾਟ ਉਦੇਸ਼ੰਕਰ ਨੂੰ ਇਹ ਜਗ੍ਹਾ ਐਨੀ ਪਸੰਦ ਆਈ ਕਿ ਉਸਨੇ ਇੱਥੇ ਨਾਚਸ਼ਾਲਾ ਬਣਾਈ ਤੇ ਇੱਥੇ ਸ਼ਾਸਤਰੀ ਨਾਚ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇੱਥੇ ਗੁਰੂ ਰਾਵਿੰਦਰ ਨਾਥ ਟੈਗੋਰ ਤੇ ਸਵਾਮੀ ਵਿਵੇਕਾਨੰਦ ਜਿਹੀਆਂ ਸ਼ਖ਼ਸੀਅਤਾਂ ਵੀ ਆਈਆਂ ਸਨ, ਜੋ ਆਪਣੀਆਂ ਕੁੱਝ ਯਾਦਾਂ ਇੱਥੇ ਛੱਡ ਗਏ। ਨਿਆਂ ਦਾ ਦੇਵਤਾ ਮੰਦਰ, ਕਸਾਰ ਦੇਵੀ, ਕਾਲੀਮੱਠ ਤੇ ਮੋਹਣ ਜੋਸ਼ੀ ਪਾਰਕ ਤੇ ਕਟਾਰਮੱਲ ਦਾ ਸੂਰਜ ਮੰਦਰ ਵੀ ਵੇਖਣਯੋਗ ਥਾਵਾਂ ਹਨ। ਅਲਮੋੜਾ ਵਿਚ ਰਹਿਣ ਲਈ ਹੋਟਲ ਉਪਲਬੱਧ ਹਨ। ਇਸ ਤੋਂ ਇਲਾਵਾ ਹੋਲੀ ਤੇ ਹੋਮ, ਸਰਕਿਟ ਹਾਊਸ ਤੇ ਲੋਕ ਨਿਰਮਾਣ ਵਿਭਾਗ ਦੇ ਵਿਸ਼ਰਾਮ ਘਰ ਵਿਚ ਵੀ ਠਹਿਰਿਆ ਜਾ ਸਕਦਾ ਹੈ।

### ਪ੍ਰਾਚੀਨ ਭਵਨ

ਅਲਮੋੜਾ ਦੀ ਮੁੱਖ ਵਿਸ਼ੇਸ਼ਤਾ ਇੱਥੋਂ ਦੇ ਪੁਰਾਣੇ ਭਵਨ ਹਨ। ਇਸ ਸ਼ਹਿਰ ਦੇ ਨੇੜੇ-ਤੇੜੇ ਜੰਗਲ ਹੀ ਜੰਗਲ ਹਨ। ਇੱਥੋਂ ਦੇ ਭਵਨਾਂ ਵਿਚ ਚੀੜ, ਦੇਵਾਦਾਰ ਤੇ ਤੂਣ ਆਦਿ ਦਰੱਖ਼ਤਾਂ ਦੀਆਂ ਲੱਕੜਾਂ ਤੋਂ ਕੀਤੀ ਭਵਨ ਨਿਰਮਾਣ ਕਲਾ ਵੇਖੀ ਜਾ ਸਕਦੀ ਹੈ। ਇੱਥੇ ਤਾਂਬੇ ਦੇ ਬਰਤਨ ਅਤੇ ਹੋਰ ਕਲਾਤਮਕ ਸਮਾਨ ਵੀ ਤਿਆਰ ਕੀਤਾ ਜਾਂਦਾ ਹੈ। ਤਾਂਬੇ ਦਾ ਸਾਮਾਨ ਬਣਾਉਣ ਵਾਲਿਆਂ ਨੂੰ ਇੱਥੋਂ ਦੀ ਬੋਲੀ ਵਿਚ ''ਟਮਟਾ'' ਕਿਹਾ ਜਾਂਦਾ ਹੈ। ਅਲਮੋੜਾ ਵਿਚ ਸੇਬ, ਆੜੂ ਤੇ ਸਟਰਾਬੇਰੀ ਫਲ ਵੱਡੀ ਮਾਤਰਾ ਵਿਚ ਪੈਦਾ ਹੁੰਦੇ ਹਨ। ਇੱਥੋਂ ਦੇ ਲੋਕਾਂ ਨੇ ਕੁਝ ਹੱਦ ਤਕ ਆਪਣੇ ਪੁਰਾਤਨ ਸੱਭਿਆਚਾਰ ਨੂੰ ਵੀ ਸਾਂਭ ਕੇ ਰੱਖਿਆ ਹੋਇਆ ਹੈ।

**- ਮੇਜਰ ਸਿੰਘ ਜਖੇਪਲ**

# MISSION PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**





# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR